ਰਾਜਿਆ ਰਾਜ ਕਰੇਂਦਿਆਂ ਵੇਖੀਂ ਚੜ੍ਹਿਆ ਪੋਹ, ਹੱਕ ਜਿਨ੍ਹਾਂ ਦੇ ਆਪਣੇ, ਆਪੇ ਲੈਣਗੇ ਖੋਹ

pdf ਨੂੰ ਡਾਊਨਲੋਡ ਕਰਨ ਲਈ ਬਾਰ ਕੋਡ ਸਕੈਨ ਕਰੋ

# ਮੋਰਚਾ

ਕਿਰਤ ਦਾ ਈਮਾਨ ਹਮੇਸ਼ਾ ਸਲਾਮਤ ਰਿਹਾ ਹੈ। ਕੌਮ ਨੂੰ ਖ਼ਤਮ ਕਰਨ ਵਾਲੇ ਆਪੂੰ ਕਬਰੀਂ ਜਾ ਪਏ। ਜਿਹੜੀ ਕੌਮ ਆਪਣਾ ਸਿਰ ਤਲੀ ਉੱਤੇ ਰੱਖ ਸਕਦੀ ਹੈ। ਹਰ ਹੋਣੀ ਉਹਦੇ ਅੱਗੇ ਹਥਿਆਰ ਸੁੱਟੇਗੀ।

- ਜਸਵੰਤ ਸਿੰਘ ਕੰਵਲ

ਸੰਪਾਦਕੀ ਸੇਵਾ: ਦਲਜੀਤ ਸਿੰਘ ਸਰਾਂ
ਸਹਿਯੋਗੀ ਸੱਜਣ: ਪਰਦੀਪ ਸਿੰਘ, ਬਲਬੀਰ ਸਿੰਘ, ਗੌਤਮ ਰਿਸ਼ੀ, ਪ੍ਰੀਤਮ ਸਿੰਘ ਰੁਪਾਲ, ਅੰਮ੍ਰਿਤਪਾਲ ਸਿੰਘ

ਵਿਸ਼ੇਸ਼ ਸਹਿਯੋਗ: ਜਸਜੀਤ ਸਿੰਘ 'ਅੰਮ੍ਰਿਤਸਰ ਟਾਈਮਜ਼' ਯੂਐੱਸਏ

ਕਿਸਾਨ ਅੰਦੋਲਨ 'ਚ ਨਿੱਤਰੇ ਸਭਨਾਂ ਨੂੰ ਨਵੇਂ ਵਰ੍ਹੇ ਦੀਆਂ ਸ਼ੁਭ ਇਛਾਵਾਂ

ਧਰਤੀ ਮਾਂ ਅਤੇ ਆਪਣੀ ਹੋਂਦ ਦੀ ਰਾਖ਼ੀ ਲਈ ਮੈਦਾਨ 'ਚ ਡਟੇ ਧਰਤੀ ਪੁੱਤਰਾਂ ਨੂੰ ਸਮਰਪਿਤ

ਖੇਤੀ ਵਿਰੋਧੀ ਕਾਨੂੰਨਾਂ ਦੀ ਵਾਪਸੀ ਲਈ ਰਾਜਧਾਨੀ ਦਿੱਲੀ ਨੂੰ ਚੁਫੇਰਿਓਂ ਘੇਰੀ ਬੈਠੇ ਬਹਾਦਰ ਕਿਸਾਨਾਂ ਵਿਚਕਾਰ 'ਕਿਤਾਬੀ ਲੰਗਰ' ਵਜੋਂ ਮੁਫ਼ਤ ਵੰਡਣ ਲਈ

## ਦੇਸ਼ ਤੇ ਦੁਨੀਆਂ ਲਈ ਲੜਣ ਦੀ ਨਿਵੇਕਲੀ ਮਿਸਾਲ

ਦਿੱਲੀ ਦੀਆਂ ਬਰੂਹਾਂ ਤੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਲੱਗਾ ਕਿਸਾਨ ਮੋਰਚਾ ਇਤਿਹਾਸਕ ਵਰਤਾਰਾ ਬਣ ਗਿਆ ਹੈ।



- ਕੰਵਲਜੀਤ ਸਿੰਘ (ਡਾ.) ਖਡੂਰ ਸਾਹਿਬ

ਹਿੰਦੁਸਤਾਨ ਦੇ ਹੁਕਮਰਾਨਾਂ ਤੋਂ ਲੈ ਕੇ ਸੂਹੀਆ ਤੰਤਰ ਅਤੇ ਜਰਖ਼ਰੀਦ ਗੋਲ਼ਿਆਂ ਵਰਗਾ ਮੀਡੀਆ ਇਸ ਸੰਘਰਸ਼ ਦੀ ਰੂਹ ਨੂੰ ਪਛਾਨਣ ਵਿਚ ਅਸਫਲ ਹੋਇਆ ਹੈ। ਪਿਓ ਪੁੱਤ ਆਪਣੇ ਪੁਤਾਂ ਵਰਗੇ ਟਰੈਕਟਰ ਲੈ ਦਿੱਲੀ ਨੂੰ ਚੜ੍ਹੇ ਤਾਂ ਕਵੀ ਦੀ ਕਲਮ ਚੋਂ ਅੱਖਰ ਨਿਕਲ ਕੇ ਕਾਗਜ ਤੇ ਮਘਣ ਲੱਗੇ :

ਰਣਾਂ ਨੂੰ ਸ਼ੂਕਦੇ ਜਾਂਦੇ, ਸਿੰਘਾਂ ਦੇ ਜੋਰ ਡਾਢੇ ਸੀ
ਮੈਂ ਧਰਤੀ ਹਿੱਲਦੀ ਵੇਖੀ, ਮੈਂ ਦਿੱਲੀ ਕੰਬਦੀ ਵੇਖੀ।

ਪਹਾੜਾਂ ਨੂੰ ਚੀਰ ਦੇਣ ਦੇ ਜਜਬੇ ਵਾਲੇ ਅਲਬੇਲੇ, ਰੋਕਾਂ ਭੰਨਦੇ ਇਸ ਤਰ੍ਹਾਂ ਅੱਗੇ ਵਧ ਰਹੇ ਸਨ ਜਿਵੇਂ ਗੁਰੂ ਦੀ ਨਜਰ ਵਿਚ ਪਰਵਾਨ ਹੋਣ ਲਈ ਖਾਲਸੇ ਭੰਗਾਣੀ ਚਮਕੌਰ ਜਾਂ ਖਿਦਰਾਣੇ ਦੀ ਢਾਬ 'ਤੇ ਵਧ-ਵਧ ਕੇ ਲੜਦੇ ਸਨ। ਗੁਰੂ ਦੀ ਮੇਹਰ ਗੈਬ ਚੋਂ ਆਣ ਕੇ ਸਰੀਰਾਂ ਵਿਚ ਹਲੂਲ ਹੋਈ ਤੇ ਓਹੀ ਸਧਾਰਨ ਸਰੀਰ ਖਾਲਸਾਈ ਜੰਗੀ ਜਾਹੋ-ਜਲਾਲ ਦੀ ਪ੍ਰਦਰਸ਼ਨੀ ਕਰਨ ਲੱਗੇ। ਹਜਾਰਾਂ ਲੱਖਾਂ ਦਾ ਕਾਫਲਾ ਇੱਕ ਦੇਹ ਬਣ ਕੇ, ਵਹੀਰਾਂ ਘੱਤਦਾ, ਪੈਰੋ ਪੈਰ ਮੰਜਲਾਂ ਸਰ ਕਰਦਾ, ਜੇਤੂ ਅਤੇ ਪ੍ਰਾਕਰਮੀ ਚੜ੍ਹਤ ਨਾਲ ਦਿੱਲੀ ਦੀ ਹਿੱਕ ਵਿਚ ਆਣ ਵੱਜਾ।

ਬਾਕੀ ਸਫ਼ਾ 30 'ਤੇ




ਹਿੰਦੂ, ਮੁਸਲਿਮ, ਸਿੱਖ, ਈਸਾਈ ਦੇ ਪੋਸਟਰ ਰਾਹੀਂ ਕਿਸਾਨਾਂ ਦੀ ਭਾਈ ਚਾਰਕ ਸਾਂਝ ਅਤੇ ਏਕੇ ਦਾ ਸੁਨੇਹਾ: ਕਿਸਾਨ ਅੰਦੋਲਨ ਵਿੱਚ ਸਾਰੇ ਧਰਮਾਂ, ਫਿਰਕਿਆਂ, ਖਿੱਤਿਆਂ ਅਤੇ ਵਰਗਾਂ ਦੀ ਗੱਜਵੱਜ ਕੇ ਸ਼ਮੂਲੀਅਤ ਸਾਡੀ ਧਰਤੀ ਅਤੇ ਸਾਡਾਂ ਸਭਨਾਂ ਦਾ ਧੰਨਭਾਗ; ਫੋਟੋਕਾਰ: ਬਲਬੀਰ ਸਿੰਘ

## ...ਸਾਡਾ ਵੀ ਤਿਲਫੁੱਲ

ਦਲਜੀਤ ਸਿੰਘ ਸਰਾਂ
ਫੋਨ: 95010 11953

ਦੁਨੀਆਂ ਦੇ ਇਤਿਹਾਸ ਵਿੱਚ ਅਨੇਕਾਂ ਯੁੱਧ, ਲੋਕ ਅੰਦਲਨ ਹੋਏ ਅਤੇ ਹੁੰਦੇ ਰਹਿਣਗੇ ਜਿਹੜੇ ਕਿਸੇ ਮੁਲਕ, ਕਿਸੇ ਖਿੱਤੇ, ਕਿਸੇ ਕੌਮ ਦੀ ਹੋਣੀ ਬਦਲ ਦਿੰਦੇ ਹਨ।

ਹਰ ਯੁੱਧ ਅਤੇ ਲੋਕ ਅੰਦੋਲਨ ਦਾ ਕੋਈ ਨਾ ਕੋਈ ਮਹਾਨ ਜਰਨੈਲ, ਕੋਈ ਮਹਾਂਨਾਇਕ ਹੁੰਦਾ ਹੈ। ਪਰ ਮੌਜੂਦਾ ਕਿਸਾਨ ਮੋਰਚਾ ਦੁਨੀਆ ਦੇ ਇਤਿਹਾਸ ਵਿੱਚ ਇਹ ਅਜਿਹਾ ਅੰਦੋਲਨ ਕਿਹਾ ਜਾ ਸਕਦਾ ਹੈ ਜਿਸਦਾ ਕੋਈ 'ਨਾਇਕ' ਨਹੀਂ।

ਬੜੀ ਪੁਰਾਣੀ ਤੇ ਮਜਬੂਤ ਆਧਾਰ ਵਾਲੀ ਭਾਰਤੀ ਕਿਸਾਨ ਯੂਨੀਅਨ ਦੀ ਪੰਜਾਬ ਇਕਾਈ ਅਤੇ ਦੇ ਵਖ ਵੱਖ ਧੜਿਆਂ ਅਤੇ ਹੋਰਨਾਂ ਕਿਸਾਨ ਜਥੇਬੰਦੀਆਂ ਵਲੋਂ ਸਾਂਝੀ ਸਹਿਮਤੀ ਬਾਅਦ ਚਲਾਏ ਸਮੂਹਕ ਘੋਲ ਦਾ ਅਸਲ ਨਾਇਕ ਹਰ ਪੰਜਾਬੀ ਹੈ।

ਵੇਖਦਿਆਂ ਵੇਖਦਿਆਂ ਕਿਸਾਨ ਮੋਰਚਾ ਮਹਿਜ਼ ਕਿਸਾਨ ਵਿਰੋਧੀ ਕਾਨੂੰਨਾਂ ਦੀ ਮਨਸੂਖ਼ੀ ਦੀ ਮੰਗ ਤੋਂ ਪਾਰ ਜਾ ਕੇ ਦੁਨੀਆਂ ਲਈ ਜਿਊਣ ਦੇ ਨਵੇਂ ਮਿਆਰ ਸਿਰਜਣ ਵਾਲਾ ਰਾਹ ਦਸੇਰਾ ਬਣ ਗਿਆ ਹੈ। ਦਿੱਲੀ ਦੀਆਂ ਹੱਦਾਂ ਉਤੇ ਕਿਸਾਨਾਂ ਤੇ ਸਮਾਜ ਦੇ ਦੂਸਰੇ ਨਿਆਂ ਪਸੰਦ ਵਰਗਾਂ ਦੇ ਸੁੱਚੇ ਜਜ਼ਬਿਆਂ ਦੀ ਅਲੌਕਿਕ ਝਾਕੀ ਤੋਂ ਕੋਈ ਵੀ ਮਨ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਗੁਰੂ ਸਾਹਿਬਾਨ ਵੱਲੋਂ ਦਰਸਾਈ ਜੀਵਨ ਜਾਚ ਦੇ ਦਿਲਕਸ਼ ਨਜ਼ਾਰੇ ਸਦੀਆਂ ਪਿੱਛੋਂ ਦੇਖਣੇ ਨਸੀਬ ਹੋ ਰਹੇ ਹਨ। ਪ੍ਰੋ: ਪੂਰਨ ਸਿੰਘ ਦੀ ਇਲਾਹੀ ਰਮਜ਼ ਵਾਲੀ ਕਾਵਿ ਸਤਰ ਕਿ 'ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ' ਦੇ ਸਾਕਾਰ ਦਰਸ਼ਨ ਹੋ ਰਹੇ ਹਨ। ਜਦ ਤੋਂ ਦਿੱਲੀ ਦੀਆਂ ਜੂਹਾਂ ਉਤੇ ਕਿਸਾਨਾਂ ਵੱਲੋਂ ਲਾਏ ਗਏ ਡੇਰਿਆਂ ਨੇ ਇਨ੍ਹਾਂ ਥਾਵਾਂ ਨੂੰ ਨਵੀਂ ਪਛਾਣ ਦਿੱਤੀ ਹੈ, ਹਰ ਕੋਈ ਇਸ ਵਿਚ ਯਥਾਯੋਗ ਸੇਵਾ ਨਿਭਾਉਣੀ ਆਪਣਾ ਧੰਨ ਭਾਗ ਸਮਝਦਾ ਹੈ। ਜਿਵੇਂ ਇਨ੍ਹਾਂ ਸਮਿਆਂ ਵਿਚ ਮੌਜੂਦ ਹੋਣਾ ਹੀ ਸੰਜੋਗੀ ਲਾਹੇ ਹੋਣ। ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੀ ਗਈ ਲੰਗਰ ਦੀ ਪ੍ਰਥਾ ਰਵਾਇਤੀ ਅਰਥਾਂ ਤੋਂ ਪਾਰ ਲੰਘ ਕੇ ਵੰਨ-ਸੁਵੰਨੇ ਰੰਗਾਂ ਵਿਚ ਪ੍ਰਗਟ ਹੋ ਰਹੀ ਹੈ। ਮੇਰਾ ਪਿਛੋਕੜ ਪੱਤਰਕਾਰੀ ਵਾਲਾ ਹੋਣ ਕਰਕੇ ਮੈਂ ਇਸੇ ਖੇਤਰ ਵਿਚ ਸੇਵਾ ਨਿਭਾਉਣ ਨੂੰ ਬਿਹਤਰ ਸਮਝਿਆ। ਦੋਸਤਾਂ ਮਿਤਰਾਂ ਨਾਲ ਸਲਾਹ ਮਸ਼ਵਰਿਆਂ ਨੇ ਹੋਰ ਉਤਸ਼ਾਹਤ ਕੀਤਾ ਅਤੇ ਇਸ ਮਨੋਰਥ ਦੀ ਪੂਰਤੀ ਲਈ ਆਪਣੇ ਨਿਸ਼ਕਾਮ ਸਹਿਯੋਗ ਦੀ ਹਾਮੀ ਭਰੀ। ਸੋ ਤਿਲਫੁਲ ਹਾਜ਼ਰ ਹੈ!

ਕਮਲ ਦੁਸਾਂਝ/ਕੁੰਡਲੀ-ਸਿੰਘੂ, ਟਿੱਕਰੀ ਬਾਰਡਰ ਤੋਂ

## ..ਅਸੀਂ ਜਿੱਤ ਲੈਣ ਆਏ ਆਂ....ਲੈ ਕੇ ਈ ਜਾਵਾਂਗੇ...

### ਹਜ਼ਾਰ ਰੰਗਾਂ ਦਾ ਸਾਂਝਾ, ਗੂੜਾ ਤੇ ਸਜੀਲਾ ਰੰਗ-ਇਤਿਹਾਸਕ ਕਿਸਾਨ ਅੰਦੋਲਨ



ਵੱਡੀ ਸਾਰੀ ਤਵੀ 'ਤੇ ਰੋਟੀਆਂ ਸੇਕਦਿਆਂ ਕੁਝ ਨੌਜਵਾਨਾਂ ਨੇ ਲੰਮੀ ਕਵਿਤਾ ਛੋਹੀ ਹੈ। ਸਵਾਲ ਪੁੱਛਣ-ਦੱਸਣ ਦੀ ਕੋਈ ਲੋੜ ਨਹੀਂ ਕਿਉਂਕਿ ਕਵਿਤਾ ਰਾਹੀਂ ਹੀ ਉਹ ਹਕੂਮਤੀ ਚਾਲਾਂ ਅਤੇ ਦਾਬੇ ਦਾ ਮੂੰਹ ਤੋੜ ਜਵਾਬ ਦੇ ਰਹੇ ਹਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹ ਇਥੇ ਕੀ ਕਰਨ ਆਏ ਨੇ? ਕਿਉਂ ਆਏ ਨੇ? ਹਕੂਮਤ ਦੀਆਂ ਤਾਰਾਂ ਹਿਲਾਉਣ ਵਾਲੇ ਕਿਹੜੇ ਲੋਕਾਂ ਨੇ ਉਨ੍ਹਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ? ਕੌਣ ਨੇ ਜਿਨ੍ਹਾਂ ਦੀਆਂ ਭੈੜੀਆਂ ਨਜ਼ਰਾਂ ਉਨ੍ਹਾਂ ਦੀਆਂ ਫ਼ਸਲਾਂ, ਜ਼ਮੀਨਾਂ ਅਤੇ ਭਵਿੱਖੀ ਨਸਲਾਂ 'ਤੇ ਪਈਆਂ ਨੇ? ਕਿਹੜੇ ਲੋਕਾਂ ਨੇ ਉਨ੍ਹਾਂ ਦੇ ਸੁਪਨਿਆਂ ਨੂੰ ਮਧੋਲਣ ਦੀ ਹਿਮਾਕਤ ਕੀਤੀ ਹੈ? ਮਤਲਬ ਕਿ ਇਨ੍ਹਾਂ ਨੂੰ ਆਪਣੇ ਦੁਸ਼ਮਣ ਦੀ ਪੂਰੀ ਪੂਰੀ ਪਛਾਣ ਹੈ।

ਕੁਝ ਦੂਰੀ 'ਤੇ ਛੋਟੇ ਜਿਹੇ ਟੈਂਟ ਵਿਚ ਆਪਣੇ ਯਾਰਾਂ-ਬੇਲੀਆਂ ਨਾਲ ਬੈਠਾ ਗਭਰੇਟ ਉਮਰ ਦਾ ਨੌਜਵਾਨ, ਜੋ ਪਿਛਲੇ ਵਰ੍ਹੇ ਆਪਣੇ ਬਾਪੂ ਦੇ ਤੁਰ ਜਾਣ ਮਗਰੋਂ ਖੇਤੀ ਦਾ ਕੰਮ ਸਾਂਭ ਰਿਹਾ ਹੈ, ਜਾਣਦਾ ਹੈ ਕਿ ਇਹ ਕਾਲੇ ਖੇਤੀ ਕਾਨੂੰਨ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਕੇ ਉਨ੍ਹਾਂ ਨੂੰ 'ਯਤੀਮ' ਕਰ ਦੇਣਗੇ। ਉਹ



ਮੁਸਲਮਾਨ ਭਰਾਵਾਂ ਦੇ ਨਮਾਜ ਅਦਾ ਕਰਨ ਮੌਕੇ ਹਾਜ਼ਰ ਸਿੱਖ ਭਰਾ

ਬਹੁਤ ਸਹਿਜ ਹੋ ਕੇ ਗੱਲ ਕਰਦਾ ਹੈ- "ਮੰਮੀ ਪਿੱਛੇ ਬਹੁਤ ਫ਼ਿਕਰ ਕਰਦੇ ਨੇ, ਆਖਦੇ ਨੇ ਵਾਪਸ ਆ ਜਾ ਪਰ ਮੈਂ ਆਖ ਦਿੱਤਾ 'ਤੇ ਕਿ ਹੁਣ ਤਾਂ ਇਹ ਕਾਨੂੰਨ ਰੱਦ ਕਰਵਾ ਕੇ ਹੀ ਪਰਤਾਂਗਾ।" ਉਹ ਅੱਗੇ ਬੋਲਦੈ, "ਪਾਪਾ ਇਹ ਖੇਤੀ ਮੈਨੂੰ ਸੌਂਪ ਗਏ ਨੇ, ਇਹਦੇ 'ਚ ਉਨ੍ਹਾਂ ਦੀ ਰੂਹ ਵਸਦੀ ਐ। ਉਨ੍ਹਾਂ ਦਾ ਖ਼ੂਨ-ਪਸੀਨਾ ਡੁੱਲ੍ਹਿਆ ਹੈ ਇਨ੍ਹਾਂ ਖੇਤਾਂ 'ਚ। ਇਸ ਜ਼ਮੀਨ ਨੇ ਸਾਡਾ ਢਿੱਡ ਹੀ ਨਹੀਂ ਭਰਿਆ.. ਸਾਨੂੰ ਪੜ੍ਹਾਇਆ-ਲਿਖਾਇਆ ਹੈ... ਇਨ੍ਹਾਂ ਕਾਰਪੋਰੇਟੀ ਗਿਰਝਾਂ ਦੀਆਂ ਚਾਲਾਂ ਸਮਝਣ ਦੇ ਵੀ ਯੋਗ ਬਣਾਇਆ ਹੈ। ਸਾਡੇ ਕੋਲ ਹੋਸ਼ ਵੀ ਐ ਤੇ ਜੋਸ਼ ਵੀ। ਅਸੀਂ ਇਥੇ ਸ਼ਾਂਤੀ ਨਾਲ ਬੈਠੇ ਆਂ ਪਰ ਇਹ ਨਹੀਂ ਕਿ ਆਪਣੇ ਨਾਲ ਧੱਕਾ ਹੋਣ ਦਿਆਂਗੇ।"

ਇਹ ਨੌਜਵਾਨ ਤੇ ਇਹਦੇ ਸਾਥੀ ਕਿਸੇ ਜਥੇਬੰਦੀ ਨਾਲ ਨਹੀਂ ਜੁੜੇ, ਸਗੋਂ ਆਪ ਮੁਹਾਰੇ ਪੁੱਜੇ ਹਨ। ਕਾਲੇ ਨਿਜ਼ਾਮ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਨ।

ਕੁੰਡਲੀ ਬਾਰਡਰ 'ਤੇ ਹੀ ਘੁੰਮਦਿਆਂ ਲੋਕਾਂ ਨਾਲ ਚਰਚਾ ਕਰਦਿਆਂ ਦੇਖ ਇਕ 80 ਕੁ ਵਰ੍ਹਿਆਂ ਦਾ ਗੁਰਦਾਸਪੁਰੀਆ ਬਾਬਾ ਕੋਲ ਆ ਕੇ ਰੁਕਦਾ - 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੁਲਾ ਆਖਦਾ ਹੈ- "ਮੈਂ ਤਾਂ ਆਪਣੀ ਗੱਲ ਫਤਿਹ ਨਾਲ ਹੀ ਸ਼ੁਰੂ ਕਰਦਾ ਆਂ.. ਅਸੀਂ ਆਪਣੇ ਗੁਰੂਆਂ ਤੋਂ ਫਤਿਹ ਕਰਨਾ ਸਿੱਖਿਆ ਹੈ...

ਬਾਕੀ ਸਫ਼ਾ 29 'ਤੇ

# ਕਿਸਾਨ ਫੌਜਾਂ ਦੀ ਛਾਉਣੀ ਸਿੰਘੂ ਦੀਆਂ ਝਲਕੀਆਂ

**ਪੋਹ ਦੀਆਂ ਠਰੀਆਂ ਰਾਤਾਂ ਨੂੰ ਸਰਸਾ ਦੇ ਠੰਢੇ ਪਾਣੀਆਂ ਵਿੱਚ ਸੂਰਜ ਵਰਗੀ ਤਪਸ਼ ਪੈਦਾ ਕਰਨ ਵਾਲੀ ਸਿੱਖ ਕੌਮ ਦੀਆਂ ਵਾਰਸ ਮਾਤਾਵਾਂ, ਅੱਜ ਭਾਰਤ ਦੇ ਨੈਸ਼ਨਲ ਹਾਈਵੇ 'ਤੇ ਠੰਢ ਵਿੱਚ ਕਿਸਾਨ ਮੋਰਚਾ ਲਾ ਕੇ ਅਤੇ ਚੁੱਲ੍ਹਾ-ਚੌਂਕਾ ਕਰਦੀਆਂ ਦੇਖ ਕੇ, ਸਾਡੀ ਜਣਨੀ ਦਾ ਅਕਸ ਤਰਸ ਤੇ ਤੜਪ ਦਾ ਪਾਤਰ ਨਹੀਂ, ਸਗੋਂ ਬੁਲੰਦ ਹੌਸਲੇ ਦਾ ਪਾਤਰ ਬਣਦਾ ਹੈ !! ਕਵੀਓ,ਆਓ ਆਪਣੀਆਂ ਕਵਿਤਾਵਾਂ ਚ ਇਸ ਨੂੰ ਕਿਵੇਂ ਬਿਆਨ ਕਰੋਗੇ ? ਲਿਖੋ ਕੁਝ ਨਾ ਕੁਝ !!**

1.ਕਿਸਾਨਾਂ ਦੇ ਮੈਡੀਕਲ ਕੈਂਪਾਂ ਵਿੱਚੋਂ 10% ਕਿਸਾਨ ਦਵਾਈਆਂ ਲੈ ਰਹੇ ਹਨ। ਅਤੇ 90% ਗਰੀਬ ਅਤੇ ਮੱਧ ਵਰਗੀ ਸਥਾਨ ਲੋਕ ਦਵਾਈਆਂ ਲੈ ਰਹੇ ਹਨ।ਫਰੀ ਬੈਠੇ ਸਥਾਨਕ ਡਾਕਟਰ ਆਪਣੇ ਕਲਿਨਿਕ ਬੰਦ ਕਰਕੇ ਗਏ ਸਰਦੀਆਂ ਦੀਆਂ ਛੁੱਟੀਆਂ ਮਨਾਉਣ।

2. ਲੰਗਰਾਂ ਵਿੱਚ ਮੁਸਲਮਾਨ ਅਤੇ ਹਿੰਦੂ ਜਾਟ ਲੰਗਰ ਵਰਤਾਵੇ ਵੀ ਸਾਡੀ ਰੀਸ ਬੋਲਦੇ ਹਨ। "ਦਾਲ ਵਾਹਗੁਰੂ, ਸਬਜੀ ਵਾਹਗੁਰੂ, ਦੁੱਧ ਵਾਹਗੁਰੂ, ਲੱਸੀ ਵਾਹਗੁਰੂ, ਜਲ ਵਾਹਗੁਰੂ" ਆਦਿ

3. ਮੁਸਲਮਾਨ ਅਤੇ ਹਰਿਆਣਾ ਦੇ ਜਾਟ ਵੀ ਸਾਨੂੰ ਬੋਲਦੇ ਹਨ "ਸਰਦਾਰ ਜੀ ਵਾਹਿਗੁਰੂ ਜੀ ਕਾ ਖਾਲਸਾ , ਵਾਹਿਗੁਰੂ ਜੀ ਕੀ ਫਤਿਹ"

4. ਮੁਸਲਮਾਨ ਅਤੇ ਹਰਿਆਣਾ ਦੇ ਜਾਟ ਵੀ ਵੱਖ-ਵੱਖ ਨਾਹਰੇ ਜਿਵੇਂ ਮੋਦੀ ਸਰਕਾਰ ਮੁਰਦਾਬਾਦ, ਮੋਦੀ ਕੁੱਤਾ ਹਾਏ ਹਾਏ, ਕਿਸਾਨ ਮਜਦੂਰ ਏਕਤਾ ਜ਼ਿੰਦਾਬਾਦ ਆਦਿ ਨਾਹਰੇ ਮਾਰਨ ਪਿੱਛੋਂ ਸਿੱਖ ਕੌਮ ਦਾ ਜੈਕਾਰਾ ਗਜਾਉਂਦੇ ਹਨ। "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ"

5. ਕਿਸਾਨ ਛਾਉਣੀ ਦੇ ਚੁਫੇਰੇ ਸਥਾਨਕ ਲੋਕਾਂ ਦੀਆਂ ਫੈਕਟਰੀਆਂ, ਹਸਪਤਾਲ , ਦੁਕਾਨਾਂ ਦੇ ਰਸਤੇ ਬੰਦ ਹੋਣ ਕਰਕੇ ਉਨ੍ਹਾਂ ਦੇ ਕਾਰੋਬਾਰ ਵੀ ਬੰਦ ਪਏ ਹਨ।ਪਰ ਉਹ ਆਪਣੇ ਅਦਾਰਿਆਂ ਵਿੱਚ ਟੁਆਏਲਟ ਅਤੇ ਬਾਥ ਰੂਮ ਦੀ ਸਹੂਲਤ ਕਿਸਾਨਾਂ ਨੂੰ ਦੇ ਰਹੇ ਹਨ।

6. ਇੱਕ ਬੰਦ ਪਈ ਟਾਟਾ ਟਰੱਕ ਕੰਪਨੀ ਦੇ ਦੋ ਦਿਨ ਵਾਲੇ ਅਤੇ ਦੋ ਰਾਤ ਵਾਲੇ ਚੌਕੀਦਾਰਾਂ ਨੂੰ ਅੱਜ ਅਸੀਂ ਇੱਕ-ਇੱਕ ਕੰਬਲ ਅਤੇ ਇੱਕ - ਇੱਕ ਹੇਠ ਦੀ ਪਾਉਣ ਵਾਲਾ ਗਰਮ ਸੂਟ ਦੇ ਕੇ ਆਏ ਹਾਂ।ਉਹ ਚੌਕੀਦਾਰ ਕਿਸਾਨਾਂ ਦੇ ਜਾਣ ਸਾਰ ਗੇਟ ਖੋਲ੍ਹ ਕੇ ਮੋਟਰ ਚਲਾ ਦਿੰਦੇ ਹਨ। ਉਸ ਕੰਪਨੀ ਦੇ ਹਿੰਦੂ ਮਾਲਕ ਦਾ ਵੀ ਬੜਾ ਸਹਿਯੋਗ ਹੈ।

7. ਦਿੱਲੀ ਤੋਂ ਗੈਰ ਕਿਸਾਨ ਲੋਕ ਸਿੱਖ , ਮੁਸਲਮਾਨ, ਅਤੇ ਹਿੰਦੂ ਮਰਦ, ਔਰਤਾਂ , ਬੱਚੇ , ਬੱਚੀਆਂ ਰੋਜਾਨਾ ਕੰਬਲ,ਕੋਲਗੇਟ,ਬੁਰਸ,ਕੰਘੇ,ਸੈਂਪੂ,ਸਾਬਣ, ਸਰਫ,ਨੇਲ ਕਟਰ, ਸੈਨਟਰੀ ਪੈਡ, ਰੁਮਾਲ, ਤੌਲੀਏ, ਬੈਟਰੀਆਂ, ਦਸਤਾਨੇ, ਜੁਰਾਬਾਂ,ਬਨੈਣਾਂ, ਆਦਿ ਲੈ ਕੇ ਵਰਤਾਉਣ ਲਈ ਆ ਰਹੇ ਹਨ।

8.




ਗਰੀਬ ਘਰਾਂ ਦੇ ਛੋਟੇ ਬੱਚੇ ਆ ਕੇ ਕਹਿ ਰਹੇ ਹਨ "ਅੰਕਲ ਜੀ ਆਪ ਜਾਤੇ ਸਮੇਂ ਮੇਰੇ ਕੋ ਭੀ ਏਕ ਗੱਦਾ ਦੇ ਜਾਣਾਂ,, ਹਮ ਭੀ ਗੱਦੇ ਪੇ ਸੋ ਕਰ ਦੇਖ ਲੇਂ ਗੇ"।

9. ਜਦੋਂ ਤੋਂ ਕਿਸਾਨ ਸਿੰਘੂ ਆਏ ਹਨ ਉਸ ਦਿਨ ਤੋਂ ਸਥਾਨਕ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਨੇ ਚੁੱਲ੍ਹੇ ਵਿੱਚ ਅੱਗ ਨਹੀਂ ਬਾਲੀ ਹੈ।ਕਿਉਂਕਿ ਉਨ੍ਹਾਂ ਦੇ ਕਾਰੋਬਾਰ ਬੰਦ ਪਏ ਹਨ।ਇਸ ਲਈ ਉਹ ਵੀ ਕਿਸਾਨਾਂ ਦੇ ਲੰਗਰਾਂ ਵਿੱਚੋਂ ਵੱਖ-ਵੱਖ ਤਰ੍ਹਾਂ ਦਾ ਖਾਣਾ ਖਾ ਰਹੇ ਹਨ।

10. ਹਰਿਆਣਾ ਦੇ ਨਾਈ ਵੀ ਕਿਸਾਨ ਛਾਉਣੀ ਵਿਚ ਹਿੰਦੂਆਂ ਦੀਆਂ ਹਜਾਮਤਾਂ ਅਤੇ ਸੇਵ ਕਰਨ ਲਈ ਫ੍ਰੀ ਸੇਵਾ ਕਰ ਰਹੇ ਹਨ।

11. ਕਿਸਾਨ ਛਾਉਣੀ ਵਿਚ ਪੰਜਾਬ ਤੋਂ ਰੋਜਾਨਾ ਪੰਜ ਟਰਾਲੀਆਂ ਬਿਜਲੀ ਪਾਣੀ ਦੀਆਂ ਭਰ ਕੇ ਜਾਂਦੀਆਂ ਹਨ। ਕਿਉਂਕਿ ਦਿੱਲੀ ਵਿਚ ਜਮਨਾ ਨਦੀ ਦਾ ਗੰਦਾ ਪਾਣੀ ਸਾਫ ਕਰਕੇ ਪਿਲਾਇਆ ਜਾਦਾ ਹੈ।ਸਥਾਨਕ ਲੋਕ ਘਰਾਂ ਨੂੰ ਪਾਣੀ ਦੀਆਂ ਬੋਤਲਾਂ ਲੈ ਕੇ ਜਾਂਦੇ ਹਨ।ਉਹ ਲੋਕ ਸਾਡੇ ਪਾਣੀ ਨੂੰ "ਪੰਜਾਬ ਕਾ ਦੂਧ" ਕਹਿੰਦੇ ਹਨ।

12. ਕਿਸਾਨ ਛਾਉਣੀ ਵਿਚ ਖਾਣ ਪੀਣ ਤੋਂ ਬਗੈਰ ਕਿਤਾਬਾਂ ਦੇ ਵੀ ਛੇ ਲੰਗਰਚਲਾਏ ਜਾ ਰਹੇ ਹਨ।

13. ਕਿਸਾਨ ਛਾਉਣੀ ਵਿਚ ਟੈਂਟ,ਗੱਦੇ,ਕੰਬਲ, ਰਜਾਈਆਂਆਦਿ ਦੇ ਵੀ ਲੰਗਰ ਚਲਦੇ ਹਨ।

14.ਬਿਮਾਰੀ ਫੈਲਣ ਦੇ ਡਰੋਂ ਨੇੜ੍ਹੇ ਦੇ ਜੰਗਲਾਂ ਵਿੱਚ ਸਫਾਈ ਕਰਨ ਵਾਸਤੇ ਖੱਟਰ ਸਰਕਾਰ ਨੇ ਸੈਂਕੜੇ ਸੂਰ ਲਿਆ ਕੇ ਛੱਡ ਦਿੱਤੇ ਹਨ।

15.ਕੁਲ ਮਿਲਾਕੇ ਮੈਂ ਤਾਂ ਇਹ ਕਹੂੰਗਾ ਕਿ ਜਿਸ ਬੰਦੇ ਨੇ 20 ਕਿਲੋਮੀਟਰ ਦੂਰ ਤੱਕ ਫੈਲੀ ਕਿਸਾਨ ਫੌਜਾਂ ਦੀ ਛਾਉਣੀ ਸਿੰਘੂ ਨੂੰ ਘੁੰਮ ਕੇ ਨਹੀਂ ਦੇਖਿਆ ਸਮਝੋ ਉਸ ਬੰਦੇ ਨੇ ਜ਼ਿੰਦਗੀ ਵਿੱਚ ਕਦੇ ਕੁਝ ਦੇਖਿਆ ਹੀ ਨਹੀਂ ਹੈ।

**- ਅਮਰਜੀਤ ਸਿੰਘ ਬਡਗੁਜਰਾਂ**


















## ਪੰਜਾਬ ਦੀ ਕਿਸਾਨੀ ਦੇ ਹੱਕਾਂ ਲਈ ਵਰ੍ਹਿਆਂ ਤੋਂ ਜਦੋ ਜਹਿਦ ਕਰਦੀਆਂ ਆ ਰਹੀਆਂ ਕਿਸਾਨ ਜਥੇਬੰਦੀਆਂ ਵਲੋਂ ਕੇਂਦਰ ਸਰਕਾਰ ਦੇ ਖੇਤੀ ਵਿਰੋਧੀ ਬਿੱਲਾਂ ਵਿਰੁਧ ਵਿੱਢੇ ਫੈਸਲਾਕੁਨ ਘੋਲ ਨੂੰ ਅਪਣੀ ਤੇਕਤਾ, ਦ੍ਰਿੜ੍ਹਤਾ ਅਤੇ ਦੂਰਅੰਦੇਸ਼ੀ ਨਾਲ ਫੈਸਲਾਕੁਨ ਮੋੜ ਉੱਤੇ ਲਿਆਉਣ ਵਾਲੀਆਂ ਕਿਸਾਨ ਜਥੇਬੀਦਆਂ ਦੀ ਸੂਝ-ਬੂਝ, ਸਿਰੜ ਨੂੰ ਸਾਡਾ ਸਿਜਦਾ। ਪੇਸ਼ ਹੈ ਉਹਨਾਂ ਬਾਰੇ ਸੰਖੇਪ ਜਾਣਕਾਰੀ:

1. ਜਮਹੂਰੀ ਕਿਸਾਨ ਸਭਾ, ਪੰਜਾਬ : ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ : ਫੋਨ : 9779077892

2. ਭਾਰਤੀ ਕਿਸਾਨ ਯੂਨੀਅਨ ਏਕਤਾ ,ਡਕੌਂਦਾ
ਬੂਟਾ ਸਿੰਘ ਬੁਰਜਗਿੱਲ, ਸੂਬਾ ਪ੍ਰਧਾਨ ਜਗਮੋਹਨ ਸਿੰਘ ਪਟਿਆਲਾ, ਜਨਰਲ ਸਕੱਤਰ : ਫੋਨ: 9417354165

3. ਕੁੱਲ ਹਿੰਦ ਕਿਸਾਨ ਸਭਾ ਪੰਜਾਬ : ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ : ਫੋਨ : 9876000115

4.ਕਿਰਤੀ ਕਿਸਾਨ ਯੂਨੀਅਨ: ਸੂਬਾ ਪ੍ਰਧਾਨ ਨਿਰਭੈ ਸਿੰਘ ਢੁਡੀਕੇ ਫੋਨ: 7508101311: ਜਨਰਲ ਸਕੱਤਰ :ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਫੋਨ: 7837822355

5.ਪੰਜਾਬ ਕਿਸਾਨ ਯੂਨੀਅਨ : ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਫੋਨ: 9872420 294: ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ, ਬਲਕਰਨ ਸਿੰਘ ਬਾਲੀ

6. ਕੁੱਲ ਹਿੰਦ ਕਿਸਾਨ ਸਭਾ : ਜਨਰਲ ਸਕੱਤਰ ਮੇਜਰ ਸਿੰਘ ਪੂੰਨਾਵਾਲ ਫੋਨ : 8054564300

7. ਕਿਸਾਨ ਸੰਘਰਸ਼ ਕਮੇਟੀ : ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ, ਫੋਨ : 7710251311

8. ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ: ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ ਫੋਨ: 9872040642, ਨਿਰਵੈਲ ਸਿੰਘ ਡਾਲੇਕੇ, ਜਨਰਲ ਸਕੱਤਰ

9. ਜੈ ਕਿਸਾਨ ਅੰਦੋਲਨ : ਸੂਬਾ ਪ੍ਰਧਾਨ ਗੁਰਬਖਸ਼ ਸਿੰਘ ਬਰਨਾਲਾ ਫੋਨ: 9465206313

10. ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ: ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂੰ ਫੋਨ: 9417956005

11. ਕਿਸਾਨ ਸੰਘਰਸ਼ ਕਮੇਟੀ ਪੰਜਾਬ: ਸੂਬਾ ਪ੍ਰਧਾਨ ਕੰਵਲਪ੍ਰੀਤ ਸਿੰਘ ਪੰਨੂੰ ਫੋਨ: 9872331741

12. ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ : ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਫੋਨ: 9417557433: ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ

13. ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ : ਸੂਬਾ ਪ੍ਰਧਾਨ ਸੁਰਜੀਤ ਸਿੰਘ ਫੂਲ ਫੋਨ: 9463990885, ਜਨਰਲ ਸਕੱਤਰ ਬਲਦੇਵ ਸਿੰਘ ਜੀਰਾ ਅਵਤਾਰ ਫੇਰੋਕੇ, ਜਗਰਾਜ ਸਿੰਘ

14. ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ: ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਫੋਨ: 9417164682

15. ਭਾਰਤੀ ਕਿਸਾਨ ਯੂਨੀਅਨ ਕਾਦੀਆਂ: ਸੂਬਾ ਪ੍ਰਧਾਨ ਹਰਮੀਤ ਸਿੰਘ ਫੋਨ: 9815083846

16. ਭਾਰਤੀ ਕਿਸਾਨ ਯੂਨੀਅਨ ਰਾਜੇਵਾਲ: ਸੂਬਾ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਫੋਨ: 9814228005

17. ਭਾਰਤੀ ਕਿਸਾਨ ਯੂਨੀਅਨ ਲੱਖੋਵਾਲ : ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ, ਫੋਨ: 9815653079

18. ਭਾਰਤੀ ਕਿਸਾਨ ਯੂਨੀਅਨ ਦੋਆਬਾ: ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਫੋਨ: 8837556318

19. ਭਾਰਤੀ ਕਿਸਾਨ ਯੂਨੀਅਨ ਮਾਨਸਾ: ਸੂਬਾ ਪ੍ਰਧਾਨ ਬੋਘ ਸਿੰਘ ਮਾਨਸਾ ਫੋਨ: 9814892882

20. ਮਾਝਾ ਕਿਸਾਨ ਕਮੇਟੀ : ਬਲਵਿੰਦਰ ਸਿੰਘ ਔਲਖ ਫੋਨ: 9779457229

21. ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਭਾਰਤ : ਸੂਬਾ ਪ੍ਰਧਾਨ, ਸਤਨਾਮ ਸਿੰਘ ਬਹਿਰੂ ਫੋਨ: 9814149077

22. ਭਾਰਤੀ ਕਿਸਾਨ ਮੰਚ : ਸੂਬਾ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਫੋਨ: 9530 835050

23. ਲੋਕ ਭਲਾਈ ਇਨਸਾਫ਼ ਵੈਲਫੇਆਰ ਸੁਸਾਇਟੀ : ਬਲਦੇਵ ਸਿੰਘ ਸਿਰਸਾ ਫੋਨ: 7589000547

24.ਦੋਆਬਾ ਕਿਸਾਨ ਕਮੇਟੀ : ਜੰਗਬੀਰ ਸਿੰਘ ਟਾਂਡਾ ਫੋਨ: 7305000003

25.ਦੋਆਬਾ ਕਿਸਾਨ ਸੰਘਰਸ਼ ਕਮੇਟੀ: ਮੁਕੇਸ਼ ਚੰਦਰ ਫੋਨ: 9915600066

26. ਗੰਨਾ ਸੰਘਰਸ਼ ਕਮੇਟੀ, ਦਸੂਆ ਫੋਨ: 9814734380

27. ਅਜ਼ਾਦ ਕਿਸਾਨ ਕਮੇਟੀ ਦੋਆਬਾ : ਹਰਪਾਲ ਸੰਘਾ ਫੋਨ: 9779916119

28. ਭਾਰਤੀ ਕਿਸਾਨ ਯੂਨੀਅਨ (ਮਾਨ): ਬਲਵੰਤ ਸਿੰਘ ਬਾਰਮਕੇ

29. ਆਈਪੀਡੀ ਕਿਸਾਨ ਬਚਾਓ ਮੋਰਚਾ: ਕ੍ਰਿਪਾ ਸਿੰਘ ਨੱਥੂਵਾਲਾ ਫੋਨ: 8146918347

30. ਆਜ਼ਾਦ ਕਿਸਾਨ ਕਮੇਟੀ : ਫੋਨ: 9779916119

31. ਕ੍ਰਾਂਤੀਕਾਰੀ ਕਿਸਾਨ ਯੂਨੀਅਨ ਸੂਬਾ ਪ੍ਰਧਾਨ ਡਾ. ਦਰਸ਼ਨ ਪਾਲ, ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਫੋਨ : 9417269294

# ਪੰਜਾਬ ’ਚ ਪੈਰ ਪਸਾਰ ਰਹੇ ਅਦਾਨੀ



**ਗੌਤਮ ਰਿਸ਼ੀ**
ਸਾਬਕਾ ਨਿਊਜ਼ ਅਡੀਟਰ “ਅੰਮ੍ਰਿਤਸਰ ਟਾਈਮਜ਼” ਯੂ ਐੱਸ ਏ

ਪੰਜਾਬ ਵਿਚ ਅਦਾਨੀ ਗਰੁੱਪ ਦੇ ਕਈ ਕਾਰੋਬਾਰ ਹਨ। ਕਣਕ ਦੀ ਵੱਡੀ ਪੱਧਰ ਉਤੇ ਸਟੋਰੇਜ, ਭਾਰਤ ਦਾ ਵੱਡਾ ਸੌਰ ਊਰਜਾ ਬਿਜਲੀ ਪੈਦਾਵਾਰ ਪਲਾਂਟ, ਰਿਫਾਈਂਡ ਤੇਲ ਅਤੇ ਇਥੋਂ ਤੱਕ ਕਿ ਛੋਟੇ ਕਾਰੋਬਾਰੀਆਂ ਨੂੰ ਲੋਨ ਅਤੇ ਫਾਇਨਾਂਸ ਦਾ ਕਾਰੋਬਾਰ ਵੀ ਫੈਲਿਆ ਹੋਇਆ ਹੈ।



### ਬਠਿੰਡਾ ’ਚ ਭਾਰਤ ਦਾ ਵੱਡਾ ਸੂਰਜੀ ਊਰਜਾ ਪਲਾਂਟ

ਬਠਿੰਡਾ ਦੇ ਸਰਦਾਰਗੜ੍ਹ ਤੇ ਚੁੱਘੇ ਕਲਾਂ ਪਿੰਡਾਂ ਵਿਚ ਅਦਾਨੀ ਗਰੁੱਪ ਦਾ ਭਾਰਤ ਦਾ ਸਭ ਤੋਂ ਵੱਡਾ 100 ਮੈਗਾਵਾਟ ਸਮਰੱਥਾ ਵਾਲਾ ਐਸਐਸਏਟੀ (ਹਾਰੀਜਾਂਟਲ ਸਿੰਗਲ ਐਕਸੈਸ ਟਰੈਕਰ) ਸੋਲਰ ਪਲਾਂਟ ਚੱਲ ਰਿਹਾ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਇਸ ਪਲਾਂਟ ਦਾ ਉਦਘਾਟਨ ਹੋਇਆ ਅਤੇ ਇਸਨੂੰ 640 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਗਿਆ ਹੈ। ਪਲਾਂਟ 661 ਏਕੜ ਏਰੀਏ ਵਿਚ ਫੈਲਿਆ ਹੋਇਆ ਹੈ ਅਤੇ ਇਸ ਪ੍ਰੋਜੈਕਟ ਤੋਂ ਕਰੀਬ ਸਲਾਨਾ 88,000 ਮੈਗਾਵਾਟ ਊਰਜਾ ਦੀ ਪੈਦਾਵਾਰ ਹੋ ਰਹੀ ਹੈ।

### ਮੋਗਾ ’ਚ ਅਨਾਜ ਦੇ ਵੱਡੇ ਗੋਦਾਮ, 30 ਸਾਲਾਂ ਲਈ ਹੈ ਸਮਝੌਤਾ

ਮੋਗਾ ਵਿਚ ਅਦਾਨੀ ਐਗਰੋ ਲੋਜਿਸਟਿਕਸ ਦਾ ਕਾਫੀ ਵੱਡਾ ਅਨਾਜ ਸਟੋਰੇਜ ਯੂਨਿਟ ਸਾਲ 2007 ਤੋਂ ਚੱਲ ਰਿਹਾ ਹੈ। ਇਸਦੀ ਨਿਗਰਾਨੀ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫਸੀਆਈ) ਵਲੋਂ ਕੀਤੀ ਜਾ ਰਹੀ ਹੈ। ਅਦਾਨੀ ਐਗਰੋ ਲੋਜਿਸਟਿਕਸ ਦੇ ਵੱਡੇ-ਵੱਡੇ ਗੋਦਾਮਾਂ




ਵਿਚ ਟਰੈਕਟਰ-ਟਰਾਲੀਆਂ ਰਾਹੀਂ ਅਨਾਜ ਪਹੁੰਚਦਾ ਹੈ ਅਤੇ ਐਫਸੀਆਈ ਨਾਲ ਸਮਝੌਤੇ ਤਹਿਤ ਇਥੇ ਅਨਾਜ ਸਟੋਰ ਕੀਤਾ ਜਾਂਦਾ ਹੈ। ਸਪੱਸ਼ਟ ਹੈ ਕਿ ਐਫਸੀਆਈ ਅਦਾਨੀਆਂ ਦੀ ਇਸ ਕੰਪਨੀ ਨੂੰ ਅਨਾਜ ਸਟੋਰ ਕਰਨ ਲਈ ਮੋਟੀ ਰਕਮ ਦੀ ਅਦਾਇਗੀ ਵੀ ਕਰਦੀ ਹੋਵੇਗੀ। ਕੰਪਨੀ ਵਲੋਂ ਮੋਗਾ ਦੇ ਇਸ ਮੁੱਖ ਸਟੋਰ ਤੋਂ ਹੋਰਨਾਂ ਇਲਾਕਿਆਂ ਵਿਚਲੇ ਸਟੋਰਾਂ ਵਿਚ ਅਨਾਜ ਮਾਲਗੱਡੀ ਰਾਹੀਂ ਆਪਣੇ ਕਨਟੇਨਰਾਂ ਦੁਆਰਾ ਪਹੁੰਚਾਇਆ ਜਾਂਦਾ ਹੈ।

ਫਾਇਨਾਸੀਅਲ ਐਕਸਪ੍ਰੈੱਸ ਦੀ 18 ਅਕਤੂਬਰ 2008 ਦੀ ਇਕ ਰਿਪੋਰਟ ਅਨੁਸਾਰ ਐਫਸੀਆਈ ਅਤੇ ਅਦਾਨੀ ਐਗਰੋ ਲੋਜਿਸਟਿਕਸ ਵਿਚਾਲੇ ਸਾਲ 2005 ਵਿਚ ਇਕ ਸਮਝੌਤਾ ਹੋਇਆ ਸੀ। ਇਸ ਕਾਰੋਬਾਰੀ ਸਮਝੌਤੇ ਤਹਿਤ ਪਾਇਲਟ ਪ੍ਰਾਜੈਕਟ ਦੇ ਤੌਰ ’ਤੇ ਅਦਾਨੀ ਐਗਰੋ ਲੋਜਿਸਟਿਕਸ ਨੇ ਦੋ ਵੱਡੇ ਅਨਾਜ ਸਟੋਰ ਬਣਾਉਣੇ ਸਨ, ਜਿੰਨ੍ਹਾਂ ਵਿਚੋਂ ਇਕ ਪੰਜਾਬ ਦੇ ਮੋਗਾ ਵਿਚ ਅਤੇ ਦੂਸਰਾ ਹਰਿਆਣਾ ਦੇ ਕੈਥਲ ਵਿਚ ਲਗਾਉਣੇ ਸਨ।

ਭਾਰਤ ਦੀ ਖੁਰਾਕ ਨੀਤੀ ਵਿਚ ਹੋਏ ਸੁਧਾਰਾਂ ਬਾਰੇ ਏਸ਼ੀਅਨ ਡਿਵੈਲਪਮੈਂਟ ਬੈਂਕ ਦੀ ਭਰਤ ਰਾਮਾਸਵਾਮੀ ਤੇ ਮਿਲਿੰਦ ਮੁਰੂਗਕਰ ਦੀ ਰਿਪੋਰਟ ਵਿਚ ਵੀ ਮੋਗਾ ਤੇ ਕੈਥਲ ਦੇ ਅਨਾਜ ਸਟੋਰਾਂ ਦਾ ਜਕਿਰ ਹੈ। ਰਿਪੋਰਟ ਅਨੁਸਾਰ, ਅਦਾਨੀ ਨੇ ਇਹ ਅਨਾਜ ਸਟੋਰੇਜ ਦੇ ਵੱਡੇ ਗੋਦਾਮ 30 ਸਾਲਾਂ ਦੇ ਸਮਝੌਤੇ ਨਾਲ ਬਣਾਏ ਹਨ। ਇਸਦੇ ਨਾਲ ਅਦਾਨੀਆਂ ਦੀ ਆਪਣੀ ਮਾਲਗੱਡੀ ਦੇ ਕਨਟੇਨਰ ਵੀ ਹਨ, ਜਿਨ੍ਹਾਂ ਰਾਹੀਂ ਉਹ ਅਨਾਜ ਨੂੰ ਹੋਰਨਾਂ ਥਾਵਾਂ ’ਤੇ ਭੇਜ ਰਹੇ ਹਨ।

### ਕਿਲਾ ਰਾਏਪੁਰ ’ਚ 77 ਏਕੜ ਵਿਚ ਸਪੈਸ਼ਲ ਇਕਨਾਮਿਕ ਜੋਨ

ਲੁਧਿਆਣਾ ਦੇ ਕਿਲਾ ਰਾਏਪੁਰ ਵਿਚ ਅਦਾਨੀ ਗਰੁੱਪ ਦੀ ਕੰਪਨੀ ਅਦਾਨੀ ਪੋਰਟ ਤੇ ਸਪੈਸ਼ਲ ਇਕਨਾਮਿਕ ਜੋਨ ਵਲੋਂ ਖੁਸਕ ਬੰਦਰਗਾਹ ਬਣਾਈ ਗਈ ਹੈ, ਜਿਥੋਂ ਮਾਲ ਦੇ ਕਨਟੇਨਰ ਭੇਜੇ ਜਾਂਦੇ ਹਨ। ਅਦਾਨੀ ਦਾ ਇਹ ਬਹੁਕਰੋੜੀ ਕਾਰੋਬਾਰ ਤਕਰੀਬਨ 77 ਏਕੜ ਜਮੀਨ ’ਤੇ ਫੈਲਿਆ ਹੋਇਆ ਹੈ। ਇਸ ਜੋਨ ਅਤੇ ਵੇਅਰ ਹਾਊਸ ਵਿਖੇ ਕਨਟੇਨਰ ਜਮ੍ਹਾ ਹੋ ਕੇ ਮਾਲ ਗੱਡੀਆਂ ਅਤੇ ਨਾਮੀਂ ਸ਼ਿਪਿੰਗ ਕੰਪਨੀਆਂ ਰਾਹੀਂ ਦੇਸ਼-ਵਿਦੇਸ਼ ਵਿਚ ਪਹੁੰਚਦੇ ਹਨ।

### ਰਿਫਾਈਂਡ ਤੇ ਖੁਰਾਕ ਵਸਤਾਂ ਦਾ ਕਾਰੋਬਾਰ ਵੀ ਪੰਜਾਬ ’ਚ




ਅਦਾਨੀ ਵਲੋਂ ਸਿੰਘਾਪੁਰ ਦੀ ਕੰਪਨੀ ਵਿਲਮਾਰ ਨਾਲ ਕਰਾਰ ਤਹਿਤ ਭਾਰਤ ਵਿਚ ਅਦਾਨੀ-ਵਿਲਮਾਰ ਨਾਮ ਤਹਿਤ ਇਕ ਕੰਪਨੀ ਖੁਰਾਕ ਤੇਲ, ਰਿਫਾਈਂਡ ਅਤੇ ਹੋਰ ਪ੍ਰੋਜੈਕਟਾਂ ਦਾ ਬਿਜਨਸ ਕਰ ਰਹੀ ਹੈ। ਅਦਾਨੀ-ਵਿਲਮਾਰ ਫਾਰਚੂਨ ਰਿਫਾਈਂਡ ਅਤੇ ਹੋਰ ਕਈ ਪ੍ਰੋਡਕਟ ਤਿਆਰ ਕਰਦਾ ਹੈ। ਲੁਧਿਆਣਾ ਵਿਚ ਫਿਲੌਰ ਰੋਡ ਉਤੇ ਇਸਦਾ ਕਾਰੋਬਾਰ ਹੈ। ਫਿਰੋਜਪੁਰ ਵਿਚ ਫਰੀਦਕੋਟ ਰੋਡ ਉਤੇ ਸਾਈਆਂਵਾਲਾ ਪਿੰਡ ਕੋਲ ਅਦਾਨੀ-ਵਿਲਮਾਰ ਦਾ ਯੂਨਿਟ ਅਤੇ ਰਾਈਸ ਪਲਾਂਟ ਹੈ। ਇਸ ਤੋਂ ਇਲਾਵਾ ਰਾਜਪੁਰਾ ਵਿਚ ਵੀ ਅਦਾਨੀ-ਵਿਲਮਾਰ ਦਾ ਕਾਰੋਬਾਰ ਹੈ।

# ਪੰਜਾਬ ਦੀ ਹੋਂਦ ਬਚਾਉਣ ਵਾਲਾ ਮਹਾਂ ਕੌਤਕ




***ਇਹ ਮੋਰਚਾ ਨਫਰਤ ਦੀ ਰਾਜਨੀਤੀ ਉਤੇ ਕਰਾਰੀ ਚੁਪੇੜ ਸਾਬਿਤ ਹੋ ਰਿਹਾ।ਇਹ ਲੋਕਾਂ ਨੂੰ ਪਿਆਰ ਨਾਲ ਜੋੜਨ ਦਾ ਸੰਦੇਸ ਦਿੰਦਾ ਹੈ।...ਇਸ ਕਿਸਾਨੀ ਘੋਲ ਨੇ ਪੰਜਾਬ ਦੀ ਜਵਾਨੀ ਨੂੰ ਨਵੇਂ ਸਿੱਧੇ ਰਾਹ ਹੀ ਨਹੀਂ ਪਾਇਆ ਸਗੋਂ ਉਸਨੂੰ ਆਪਣੇ ਵਿਰਸੇ ਦੀਆਂ ਮਹਾਨ ਰਵਾਇਤਾਂ ਦੇ ਦਰਸਨ ਵੀ ਕਰਵਾਏ ਨੇ। ਉਹਨਾਂ ਲਈ ਇਸ ਘੋਲ ਨੇ ਆਪਣੇ ਵਿਰਸੇ ਨੂੰ ਜੀਣ ਤੇ ਹੰਢਾਉਣ ਦਾ ਮਾਹੌਲ ਸਿਰਜਿਆ ਹੈ।***



**ਸਰਬਜੀਤ ਧਾਲੀਵਾਲ**

**ਸੀਨੀਅਰ ਪੱਤਰਕਾਰ ਅਤੇ ਸਾਬਕਾ ਬਿਊਰੋ ਚੀਫ਼ 'ਦਾ ਟ੍ਰਿਬਿਊਨ ਚੰਡੀਗੜ੍ਹ'**

ਹਕੂਮਤੀ ਜਲਾਲ ਦੀ ਦੀਰਘ ਹਉਂਮੈਂ ਅਤੇ ਨਿਰਭੈ ਸਿਦਕ ਦੀ ਸਾਦਗੀ ਨਾਲ ਫਤਹ ਪਾਉਣ ਦਾ ਅਲੌਕਿਕ ਨਜ਼ਾਰਾ ਪੇਸ ਕਰਦਾ ਹੈ ਦਿੱਲੀ ਨੂੰ ਘੇਰੀ ਬੈਠੇ ਕਿਸਾਨਾਂ ਦਾ ਸੰਘਰਸ। ਕਈ ਪਹਿਲੂਆਂ ਤੋਂ ਇਹ ਵਰਤਾਰਾ ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ ਹੈ ਜਿਵੇ ਕੋਈ ਮਹਾਂ ਕੌਤਕ ਤੁਹਾਡੇ ਸਾਹਮਣੇ ਵਾਪਰ ਰਿਹਾ ਹੋਵੇ। ਸਾਡੀ ਯਾਦ 'ਚ ਵਸੇ ਮਹਾਂ ਨਾਇਕਾਂ ਦੇ ਦੀਦਾਰੇ ਇਸ ਮੋਰਚੇ 'ਚ ਡਟੇ ਬਹੁਤ ਸਾਰੇ ਬੁਜਰਗਾਂ ਦੇ ਦੱਗ-ਦੱਗ ਕਰਦੇ ਚਿਹਰਿਆਂ ਤੇ ਸਡੌਲ ਜੁੱਸਿਆਂ ਚ ਕੀਤੇ ਜਾ ਸਕਦੇ ਹਨ। ਮੋਰਚੇ ਚ ਸਾਮਿਲ ਸਿਦਕੀ ਬਾਬਿਆਂ ਦੀ ਚੜ੍ਹਦੀ ਕਲਾ ਵਾਲੀ ਗਰਜ ਤੁਹਾਨੂੰ ਬਾਬਾ ਦੀਪ ਸਿੰਘ ਵਰਗੇ ਮਹਾਨ ਯੋਧਿਆਂ ਦੇ ਦਰਸਨਾਂ ਦੀ ਝਲਕ ਵਾਂਗ ਮਹਿਸੂਸ ਹੁੰਦੀ ਹੈ। ਅੰਗਰੇਜੀ ਚ ਅਕਸਰ ਕਿਹਾ ਜਾਂਦਾ ਕਿ ਂਇਨਿਗ ਸਿ ਬਇਲਇਵਿਨਿਗ। ਇਹ ਉਦੋਂ ਕਿਹਾ ਜਾਂਦਾ ਹੈ ਜਦੋਂ ਸਾਹਮਣੇ ਅਲੌਕਿਕ ਵਾਪਰ ਰਹੇ ਬਾਰੇ ਤੁਹਾਨੂੰ ਛੇਤੀ ਕੀਤਿਆਂ ਯਕੀਨ ਨਾ ਆਉਂਦਾ ਹੋਵੇ ਪਰ ਹੋਵੇ ਉਹ ਸੱਚ। ਕਿਸਾਨ ਮੋਰਚੇ 'ਚ ਜਾ ਕੇ ਕਿਸੇ ਨੂੰ ਵੀ ਅਜਿਹਾ ਹੀ ਲਗ ਸਕਦਾ ਹੈ ਪਰ

ਮੈਂ ਮੋਰਚੇ ਚ ਭਰਵਾਂ ਸਮਾਂ ਗੁਜਾਰਿਆ ਤੇ ਜੋ ਮੈਂ ਮਹਿਸੂਸ ਕੀਤਾ ਉਸਨੂੰ ਲਿਖਣ ਚ ਕੋਈ ਝਿਜਕ ਨਹੀਂ।

ਤੁਸੀਂ ਵੀ ਜਾਓ, ਦੇਖੋ। ਤੁਹਾਨੂੰ ਮੋਰਚੇ 'ਚ ਕਈ ਮਹਾਂ ਨਾਇਕਾਂ ਦੇ ਕੱਦ ਬੁੱਤ ਵਰਗੇ ਬੰਦਿਆਂ ਦੇ ਦਰਸਨ ਹੋਣਗੇ। ਉਥੇ ਸਹੀਦੀ ਰਗੜਿਆਂ ਦਾ ਲੰਗਰ ਲੱਗਿਆ ਹੋਇਆ। ਉਸ ਲੰਗਰ ਚ ਕਈ ਸਿੰਘ ਤੁਹਾਨੂੰ 20-25 ਕਿਲੋ ਦੇ ਵਜਨ ਦੇ ਘੋਟਨਿਆਂ ਨਾਲ ਬਦਾਮਾਂ ਤੇ ਖਸਖਸ ਨੂੰ ਏਨੇ ਸਹਿਜ ਨਾਲ ਰਗੜੇ ਲਾਉਂਦੇ ਨਜਰ ਆਉਂਦੇਂ ਨੇ ਜਿਵੇਂ ਕੋਈ ਖੇਤ 'ਚ ਗੋਪੀਆ ਗੁਮਾ ਰਿਹਾ ਹੋਵੇ।

ਬੜੇ ਨਿਸਚੇ, ਦ੍ਰਿੜਤਾ ਤੇ ਸਹਿਜ ਨਾਲ ਖੇਤੀ ਕਾਨੂੰਨਾਂ ਖਿਲਾਫ ਸਾਂਤਮਈ ਤਰੀਕੇ ਨਾਲ ਯੁੱਧ ਲੜਿਆ ਜਾ ਰਿਹਾ ਹੈ। ਪਰ ਇਹ ਤਾਂ ਦਿੱਲੀ ਦੀ ਕਿਸਾਨਾਂ ਦੁਆਰਾ ਘੇਰਾਬੰਦੀ ਦਾ ਮਾਮੂਲੀ ਜਿਹਾ ਪਹਿਲੂ ਹੈ। ਇਹ ਯੁੱਧ ਵੱਡੇ ਸੁਨੇਹੇ ਦਿੰਦਾ ਹੈ। ਇਸ ਦੀਆਂ ਪਰਤਾਂ ਚ ਬਹੁਤ ਕੁਛ ਡੱਕਿਆ ਪਿਆ। ਜਿਥੇ ਇਹ ਆਲੇ ਦੁਆਲੇ ਪਸਰੀ ਬੜੀ ਬੇਚੈਨੀ ਦਾ ਸੂਚਕ ਹੈ ਉਥੇ ਇਹ ਮੌਲਿਕ ਪੰਜਾਬੀ ਸੱਭਿਆਚਾਰ, ਭਾਈਚਾਰੇ,ਮੋਹ, ਪਿਆਰ, ਨਿਰਸਵਾਰਥ, ਨਿਸਕਾਮ ਸੇਵਾ, ਵਿਅਕਤੀਗਤ ਸੁਤੰਤਰਤਾ ਦਾ ਮਹਾਂ ਜਸਨ ਹੈ ਜੋ ਅਗੇ ਜਾਕੇ ਪੱਛਮੀ ਪੂੰਜੀਵਾਦ ਦੀ ਸੇਵਾ ਵਿੱਚ ਲੱਗੀਆਂ ਸਰਕਾਰਾਂ ਲਈਂ ਇਹ ਮੋਰਚਾ ਡਰਨਾ ਬਣ ਗਿਆ ਹੈ। ਸਰਕਾਰੀ ਸਾਧਨਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਪਣ ਲਈ ਸਰਕਾਰਾਂ 'ਚ ਲਗੀ ਦੌੜ ਨੂੰ ਇਹ ਠੱਲ ਪਏਗਾ।

ਕਿਸਾਨ ਮਾਰੂ ਕਾਲੇ ਕਾਨੂੰਨਾਂ ਵਿਰੁੱਧ ਛਿੜੀ ਲੜਾਈ ਦਾ ਰੁੱਖ ਹੌਲੀ ਹੌਲੀ ਭਾਰਤ ਵਿਚਲੇ ਪੂੰਜੀਵਾਦ ਦੇ ਅਲੰਬਰਦਾਰਾਂ ਵੱਲ ਨੂੰ ਮੋੜਾ ਕਟ ਗਿਆ ਹੈ। ਪੰਜਾਬ ਦੀ ਸਰਜਮੀਨ 'ਚੋਂ ਉਠਿਆ ਲੋਕ ਰੋਹ ਹੁਣ ਦੇਸ ਦੇ ਹੋਰਨਾਂ ਸੂਬਿਆਂ ਨੂੰ ਵੀ ਆਪਣੀ ਜਦ ਵਿਚ ਲੈ ਰਿਹਾ ਹੈ। ਇਹ ਕਿਸਾਨ ਰੋਹ ਕਿੰਨੇ ਹੋਰ ਰੋਹਾਂ ਨੂੰ ਜਨਮ ਦੇਵੇਗਾ ਇਸਦਾ ਅੰਦਾਜਾ ਲਾਉਣਾ ਮੁਸਕਿਲ ਲਗ ਰਿਹਾ ਹੈ ਪਰ ਇਸਨੇ ਬੀਜ ਜਰੂਰ ਬੀਜ ਦਿੱਤਾ ਹੈ।

ਇਹ ਸੰਘਰਸ ਫੈਡਰਲ ਢਾਂਚੇ ਨੂੰ ਕਮਜੋਰ ਕਰਨ ਦੀਆਂ ਹਕੂਮਤੀ ਚਾਲਾਂ ਨੂੰ ਬ੍ਰੇਕ ਹੀ ਨਹੀਂ ਲਾਏਗਾ ਬਲਿਕ ਹੁਕਮਤੀ ਪ੍ਰਬੰਧ ਵਿਚ ਲੋਕ ਰਾਏ ਦੀ ਪ੍ਰਮੁੱਖਤਾ ਦੀ ਬਹਾਲੀ ਕਰੇਗਾ। ਰਾਜਸੀ ਧਿਰਾਂ ਵਲੋਂ ਲੋਕਤੰਤਰ ਨੂੰ ਲਾਏ ਜਾ ਰਹੇ ਖੋਰੇ ਨੂੰ ਨੱਥ ਪਏਗਾ।

ਕਿਸਾਨ ਸੰਘਰਸ ਨੇ ਬਲਹੀਣ ਹੋਈ ਜਨਤਾ ਨੂੰ ਸੱਤਾਧਾਰੀ ਜਮਾਤਾਂ ਦੇ ਆਪਹੁਦਰੇਪਣ ਨੂੰ ਚਣੌਤੀ ਦੇਣ ਦਾ ਬਲ ਬਖਸ਼ਿਆ। ਕਈ ਦਹਾਕਿਆਂ ਦੀ ਨੀਰਸਤਾ ਬਾਦ ਲੋਕਾਂ ਨੂੰ ਮੁੜ ਆਪਣੀ ਤਾਕਤ ਦਾ ਅਹਿਸਾਸ ਹੋਣਾ ਸੁਰੂ ਹੋਇਆ। ਇਹ ਯਕੀਨ ਬੱਝ ਰਿਹਾ ਕਿ ਲੋਕ ਸਕਤੀ ਤਾਕਤਵਰ ਤੋਂ ਤਾਕਤਵਰ ਨਿਜਾਮ ਨੂੰ ਗੋਡਿਆਂ ਭਾਰ ਕਰ ਸਕਦੀ ਹੈ। ਇਹ ਵਿਸਵਾਸ ਹੋ ਰਿਹਾ ਹੈ ਕਿ ਲੋਕਤੰਤਰ ਵਿਵਸਥਾਵਾਂ ਵਿਚ ਸਾਂਤੀ ਪੂਰਵਕ ਘੋਲਾਂ ਰਾਹੀਂ ਲੋਕ ਆਪਣੀਆਂ ਸਰਕਾਰਾਂ ਨੂੰ ਬੇਵਸੀ ਦੇ ਆਲਮ ਚ ਧੱਕ ਸਕਦੇ ਨੇ ਤੇ ਆਪਣੀ ਗੱਲ ਮਨਵਾ ਸਕਦੇ ਨੇ।

ਮੋਰਚਾ ਆਪਣੀ ਚਰਨ ਸੀਮਾ ਵੱਲ ਉਸ ਵੇਲੇ ਵੱਧ ਰਿਹਾ ਹੈ ਜਦੋਂ ਸਾਰਾ ਖਾਲਸਾ ਪੰਥ ਦੀਰਘ ਵੈਰਾਗ ਵਿਚ ਡੁਬਿਆ ਹੋਇਆ। ਪੋਹ ਦਾ ਮਹੀਨਾ ਹਰ ਸਾਲ ਡੂੰਘੀਆਂ ਉਦਾਸੀਆਂ ਲੈਕੇ ਆਉਂਦਾ ਹੈ। ਇਹ ਉਹ ਸਮਾਂ ਹੈ ਜਦੋਂ ਕਲੰਗੀਧਰ ਪਾਤਸਾਹ ਦੇ ਸਾਹਿਬਜਾਦਿਆਂ ਦੀਆਂ ਸਹੀਦੀਆਂ ਦੀ ਯਾਦ ਹਰ ਮਨ ਮਸਤਕ ਤੇ ਭਾਰੂ ਹੁੰਦੀ ਹੈ। ਇਸ ਪੋਹ ਦੀ ਕੜਕ ਸਰਦੀ 'ਚ ਹੀ ਗੁਰੂ ਸਾਹਿਬ ਦੇ ਵੱਡੇ ਤੇ ਛੋਟੇ ਸਾਹਿਬਜਾਦੇ ਸਹੀਦ ਹੋਏ ਸਨ। ਗੁਰੂ ਸਾਹਿਬ ਦੇ ਪਰਿਵਾਰ ਤੇ ਗੁਰੂ ਪਿਆਰਿਆਂ ਨੂੰ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਸੀ। ਚਮਕੌਰ ਦੇ ਗੜ੍ਹੀ, ਜਿਥੇ ਗੁਰੂ ਸਾਹਿਬ ਦੇ ਵੱਡੇ ਸਾਹਿਬਜਾਦੇ ਸਹੀਦ ਹੋਏ ਸਨ, ਨੂੰ ਅਜੇ ਕਿਸਾਨ ਪੁੱਤਰਾਂ (ਗੁਰੂ ਪਿਆਰਿਆਂ ) ਦੁਆਰਾ ਸੰਭਾਲੇ ਮੋਰਚੇ ਨਾਲ ਤਸਬੀਹਾਂ ਦਿਤੀਆਂ ਜਾ ਰਹੀਆਂ ਨੇ। ਚਮਕੌਰ ਸਾਹਿਬ ਦੀ ਜੰਗ ਹੱਕ ਸੱਚ ਦੀ ਲੜਾਈ ਲਈ ਜੂਝ ਜਾਣ ਵਾਸਤੇ ਵੱਡਾ ਪ੍ਰੇਰਨਾ ਸਰੋਤ ਹੈ। ਕਿਸਾਨ ਸੰਘਰਸ ਉੱਤੇ ਇਸਦਾ ਗਹਿਰਾ ਅਸਰ ਮਹਿਸੂਸ ਕੀਤਾ ਜਾ ਸਕਦਾ ਹੈ। ਗੁਰੂ ਪੁੱਤਰਾਂ ਨੂੰ ਸਰਧਾਂਜਲੀਆਂ ਦੀਆਂ ਵਾਰਾਂ ਨੇ ਮੋਰਚੇ ਦੀ ਫਿਜ਼ਾ ਨੂੰ ਵੱਡਾ ਨਿੱਘ ਤੇ ਸਕਤੀ ਬਖਸੀ ਹੋਈ ਹੈ।

ਇਸ ਮੋਰਚੇ 'ਚ ਹਰਿਆਣਾ ਦੇ ਜਾਟ ਤੇ ਉਹਨਾਂ ਦੇ ਨੌਜਵਾਨ ਮੁੰਡੇ ਵੱਡੀ ਗਿਣਤੀ ਚ ਸਾਮਿਲ ਨੇ। ਮੋਰਚੇ 'ਚ ਹਰਿਆਣੇ ਤੇ ਪੰਜਾਬ ਦੇ ਗੱਭਰੂ ਪੁੱਤਰਾਂ ਦਾ ਆਪਸੀ ਮਿਲਵਰਤਣ ਹਾਲ ਦੀ ਘੜੀ ਮਿਸਾਲੀ ਲਗ ਰਿਹਾ ਹੈ। ਤੇ ਦੋਨਾਂ ਸੂਬਿਆਂ ਦਾ ਭਾਈਚਾਰਾ ਸਿਖਰ 'ਤੇ ਹੈ। ਹਰਿਆਣਾ ਦੇ ਚੌਧਰੀ ਪੰਜਾਬ ਨੂੰ ਆਪਣਾ ਵੱਡਾ ਭਾਈ ਕਹਿ ਕੇ ਹਿਕ ਚੌੜੀ ਕਰਦੇ ਦੇਖੇ ਜਾ ਸਕਦੇ ਨੇ। ਥਾਂ ਥਾਂ ਤੇ ਹਰਿਆਣੇ ਤੇ ਪੰਜਾਬ ਦੇ ਭਾਈਚਾਰੇ ਦੇ ਬੈਨਰ ਦੇਖਣ ਨੂੰ ਮਿਲਦੇ ਨੇ। ਗੱਲ ਮਹਿਜ਼ ਮਿਲਵਰਤਣ ਤੋਂ ਅਗੇ ਨਿਕਲ ਗਈ ਹੈ। ਆਪਸੀ ਪਿਆਰ ਦੀ ਪਕੜ ਮਜਬੂਤ ਹੁੰਦੀ ਨਜਰ ਆਉਂਦੀ ਹੈ। ਦੋਨਾਂ ਸੂਬਿਆਂ 'ਚ ਨਹਿਰੀ ਪਾਣੀ ਦਾ ਦਹਾਕਿਆਂ ਤੋਂ ਚਲਿਆ ਆ ਰਿਹਾ ਕਲੇਸ ਉਥੇ ਕਿਸੇ ਦੇ ਚਿੱਤ ਚੇਤੇ 'ਚ ਵੀ ਨਹੀਂ। ਹਾਲਾਂ ਕਿ ਇਸ ਮੁਦੇ ਨੂੰ ਹਵਾ ਦੇ ਕੇ ਭਾਜਪਾ ਹਰਿਆਣੇ ਵਿਚ ਆਪਣਾ ਸਾਜਿਸੀ ਰੋਲ ਨਿਭਾ ਰਹੀ ਹੈ ਤੇ ਦੋਨਾਂ ਸੂਬਿਆਂ ਦੇ ਲੋਕਾਂ ਵਿਚ ਕਿਸਾਨੀ ਘੋਲ ਨੇ ਪਵਾਈਆਂ ਗਲਵਕੜੀਆਂ ਨੂੰ ਤੋੜਨ ਦਾ ਹਰ ਹੀਲਾ ਵਰਤ ਰਹੀ ਹੈ ਪਰ ਭਾਜਪਾ ਦੇ ਇਹ ਸਾਜਿਸੀ ਦਾਓ ਪੇਚਾਂ ਦਾ ਪਰਛਾਵਾਂ ਖੇਤਾਂ ਦੇ ਪੁੱਤ ਆਪਣੇ ਤੇ ਪੈਣ ਨਹੀਂ ਦਿੰਦੇ।ਸਗੋਂ ਉਹ ਭਾਜਪਾ ਨੂੰ ਫੁੱਟ ਪਾਉਣ ਦੀ ਰਾਜਨੀਤੀ ਖੇਡਣ ਲਈ ਦੋਸੀ ਗਰਦਾਨ ਰਹੇ ਨੇ ਤੇ ਲਾਹਨਤਾਂ ਪਾ ਰਹੇ ਨੇ। ਭਾਜਪਾ ਖੂਬ ਆਪਣੀ ਕੱਚੀ ਰਾਜਨੀਤਕ ਬੁੱਧੀ ਦਾ ਪ੍ਰਦਰਸਨ ਹਰਿਆਣੇ ਚ ਕਰਦੀ ਨਜਰ ਆ ਰਹੀ ਹੈ ਪਰ ਉਸਦੇ ਸੱਤਾਧਾਰੀ ਪਾਰਟੀ ਹੋਣ ਦੇ ਬਾਵਜੂਦ ਦਾਲ ਨਹੀਂ ਗਲ ਰਹੀ।

ਫੁਟ ਪਾਉਣ ਦੀ ਨੀਤੀ ਨੂੰ ਭਾਜਪਾ ਨੇ ਆਪਣੀ ਰਾਜਨੀਤੀ ਤੇ ਰਣਨੀਤੀ ਦੇ ਬਹੁਤ ਹੀ ਕਾਰਗਰ ਹਥਿਆਰ ਵਜੋਂ ਵਰਤਿਆ ਹੈ। ਇਸ ਰਾਹੀਂ ਹੀ ਉਹ ਰਾਜਸੱਤਾ ਦੀ ਪੌੜੀ ਦੇ ਸਿਖਰਲੇ ਡੰਡੇ ਤੇ ਬਿਰਾਜਮਾਨ ਹੋਈ ਹੈ। ਪਰ ਕਿਸਾਨ ਸੰਘਰਸ ਨੂੰ ਕਮਜੋਰ ਕਰਨ ਲਈ ਭਾਜਪਾ ਦਾ ਇਹ ਮੰਤਰ ਵੀ ਨਹੀਂ ਅਸਰ ਕਰ ਰਿਹਾ। ਕੇਂਦਰ ਸਰਕਾਰ ਤੇ ਇਸਦੇ ਧੁੱਤੂਆਂ ਦੀ ਇਸ ਸੰਘਰਸ ਨੂੰ ਇਕੱਲੇ ਪੰਜਾਬ ਦੇ ਕਿਸਾਨਾਂ ਦਾ ਸੰਘਰਸ ਗਰਦਾਨਣ ਦੀ ਕੋਸ਼ਿਸ਼ ਰਹੀ ਹੈ ਪਰ ਇਸ ਵਿਚ ਹਰਿਆਣਾ ਦੇ ਲੋਕਾਂ ਦੀ ਬਰਾਬਰ ਦੀ ਸਮੂਲੀਅਤ ਮੂਹਰੇ ਉਹਦੀ ਪੇਸ ਨਹੀਂ ਚਲ ਰਹੀ। ਉੱਤਰ ਪਰਦੇਸ, ਰਾਜਸਥਾਨ ਦੇ ਕਿਸਾਨ ਵੀ ਮੋਰਚੇ ਚ ਸਾਮਿਲ ਨੇ ਪਰ ਉਹਨਾਂ ਦੇ ਹਾਜਰੀ ਏਨੀ ਭਰਵੀਂ ਨਹੀਂ ਜਿੰਨੀ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੀ ਹੈ।

**ਬਾਕੀ ਸਫ਼ਾ 30 'ਤੇ**

# ਵਾਹੀਕਾਰਾਂ ਦੇ ਦਿੱਲੀ ਕੂਚ ਦੀ ਧਮਕ ਅਤੇ ਧੂੜ



**- ਸੇਵਕ ਸਿੰਘ (ਡਾ.)**

**(ਲੇਖਕ ਸਿੱਖ ਚਿੰਤਕ, ਸ਼ਾਇਰ ਅਤੇ ਅਕਾਲ ਯੂਨੀਵਰਸਿਟੀ ਬੜ੍ਹੂ ਸਾਹਿਬ 'ਚ ਪੜ੍ਹਾਉਂਦਾ ਰਿਹਾ ਹੈ)**

ਬਹੁਤੇ ਲੋਕ ਇਹ ਕਲਪਨਾ ਨਹੀਂ ਕਰਦੇ ਕਿ ਮਨੁਖਤਾ ਦੇ ਕੁਲ ਤਾਰਕਿਕ ਸਿਧਾਂਤ ਮੂਲ ਰੂਪ ਵਿਚ ਕਲਪਨਾ ਦੀ ਉਪਜ ਹੀ ਹੁੰਦੇ ਹਨ। ਪਿਛਲੀ ਸਦੀ ਦੇ ਮੁਢ ਵਿਚ ਵਿਗਿਆਨਕ ਦਰਸ਼ਨ ਦੇ ਦਾਅਵੇਦਾਰ ਲੈਨਿਨ ਨੇ ਕਿਹਾ ਕਿ ਕਦੇ ਇਤਿਹਾਸ ਵਿਚ ਅਜਿਹਾ ਮੌਕਾ ਆਉਂਦਾ ਹੈ ਕਿ ਤਾਜ ਰੁਲਦੇ ਫਿਰਦੇ ਹੁੰਦੇ ਆ ਪਰ ਕੋਈ ਚੁਕਣ ਵਾਲਾ ਚਾਹੀਦਾ ਹੁੰਦਾ ਹੈ। ਇਹ ਕਲਪਨਾ ਨੂੰ ਕਿਸੇ ਨੇ ਸਿਧਾਂਤ ਨਹੀਂ ਮੰਨਣਾ ਸੀ ਜੇ ਇਹ ਗੱਲ ਇਕ ਤੋਂ ਵੱਧ ਵਾਰ ਨਾ ਵਾਪਰੀ ਹੁੰਦੀ। ਜੋ ਕੁਝ ਪਿਛਲੇ ਤਿੰਨ ਦਿਨਾਂ ਤੋਂ ਵਾਪਰ ਰਿਹਾ ਹੈ ਉਹਦੇ ਬਾਰੇ ਕਿਸੇ ਭਾਰਤੀ ਦਰਸ਼ਨ ਜਾਂ ਪਦਾਰਥਵਾਦੀ ਦਰਸ਼ਨ ਦੇ ਵਿਗਿਆਨਵਾਦੀ ਸੱਜਣਾਂ ਦੀ ਕੋਈ ਕਲਪਨਾ ਵੇਖਣ ਨੂੰ ਨਹੀਂ ਮਿਲੀ ਇਸ ਕਰਕੇ ਹਕੂਮਤੀ ਖ਼ਬਰਖਾਨਾ ਦੀ ਕਲਪਨਾ ਤੋਂ ਹੀ ਗੱਲ ਸ਼ੁਰੂ ਕਰਨੀ ਬਣਦੀ ਹੈ ਜੋ ਕਿਸਾਨਾਂ ਦੇ ਮਾਮਲੇ ਨੂੰ ਪਹਿਲਾਂ ਪੰਜਾਬ ਤੱਕ ਸੀਮਤ ਕਰਕੇ ਫਿਰ ਖਾਲਿਸਤਾਨੀਆਂ ਦੀ ਚਾਲ ਸਿੱਧ ਕਰਨ ਲਈ ਜੋਰ ਲਾ ਰਿਹਾ ਹੈ। ਇਸ ਮਾਮਲੇ ਬਾਰੇ ਕਿਸਾਨ ਜਾਂ ਉਹਨਾਂ ਦੇ ਹਮਾਇਤੀ ਕਹਿ ਰਹੇ ਹਨ ਕਿ ਉਹ ਪੰਜਾਬ ਦੇ ਸਿੱਖਾਂ ਖਾਸ ਕਰਕੇ ਸਭ ਕਿਸਾਨਾਂ ਨੂੰ ਬਦਨਾਮ ਕਰ ਰਹੇ ਹਨ। ਉਹਨਾਂ ਦੇ ਸੰਘਰਸ਼ ਨੂੰ ਬਦਨਾਮ ਕਰਨਾ ਅਤੇ ਤੋੜਣਾ ਚਾਹੁੰਦੇ ਹਨ। ਗੱਲ ਇਸ ਤੋਂ ਅਗਾਂਹ ਹੈ ਇਹਦੀ ਕੁਝ ਕਲਪਨਾ ਕਰਨੀ ਜਰੂਰੀ ਹੈ।

ਪੰਜਾਬ ਵਿਚ ਕਿਸਾਨਾਂ ਅਤੇ ਮਜਦੂਰਾਂ ਦੀਆਂ ਲਗਭਗ ਸਭ ਛੋਟੀਆਂ ਵੱਡੀਆਂ, ਨਵੀਆਂ ਪੁਰਾਣੀਆਂ ਜਥੇਬੰਦੀਆਂ ਮਾਰਕਸੀ ਖਿਆਲ ਦਾ ਦਮ ਭਰਦੀਆਂ ਹਨ। ਉਹਨਾਂ ਦੀ ਕਲਪਨਾ ਦਾ ਅਸਮਾਨ ਦੋ ਗੱਲਾਂ ਨਾਲ ਬਹੁਤ ਸਖਤ ਬਣ ਗਿਆ ਹੈ ਜਿਸ ਕਰਕੇ ਉਹ ਫੈਲ ਨਹੀਂ ਰਿਹਾ ਹੈ। ਇਕ ਤਾਂ ਉਹਨਾਂ ਦਾ ਆਮ ਰੁਝਾਣ ਹਰ ਮਸਲੇ ਵਿਚ ਸਿੱਖਾਂ ਦੇ ਸ਼ਾਮਲ ਹੋਣ ਨੂੰ ਸ਼ੱਕ ਨਾਲ ਵੇਖਣਾ ਹੈ ਜਿਸ ਕਰਕੇ ਉਹ ਮਾਮਲੇ ਵਿਚ ਘਟਾਓਵਾਦੀ ਕਲਪਨਾ ਵਿਚ ਪੈ ਜਾਂਦੇ ਹਨ ਕਿ ਸੰਘਰਸ਼ ਦੀ ਅਗਵਾਈ ਜਾਂ ਜਿਤ ਉਹ ਨਾ ਲੈ ਜਾਣ। ਦੂਜਾ ਉਹ ਆਪਣੇ ਆਪ ਨੂੰ ਭਾਰਤੀ ਢਾਂਚੇ ਵਿਚ ਦੂਜੀ ਥਾਂ ਉਤੇ ਰੱਖ ਕੇ ਵੇਖਣ ਦੇ ਅਭਿਆਸੀ ਹਨ ਪਰ ਇਹ ਗੱਲ ਉਹ ਕਦੇ ਮੰਨਣਗੇ ਨਹੀਂ ਪਰ ਏਹਨਾਂ ਦੋਵਾਂ ਗੱਲਾਂ ਕਾਰਣ ਹੀ ਕਿਸੇ ਖੱਬੇਪੱਖੀ ਸੱਜਣ ਨੇ ਸੱਜੇਪੱਖੀਆਂ ਉਤੇ ਸ਼ੱਕ ਕਰਨ ਦੀ ਥਾਂ ਸਿੱਧੇ ਝਾਕਣ ਦੀ ਕੋਸ਼ਿਸ਼ ਅਤੇ ਕਲਪਨਾ ਨਹੀਂ ਕੀਤੀ ਜਿਵੇਂ ਕਾਰਲ ਮਾਰਕਸ ਨੇ ਸੰਨ 1860 ਵਿਚ ਸੰਨ 1960 ਦੇ ਭਾਰਤ ਦੀ ਕਲਪਨਾ ਕੀਤੀ ਸੀ। ਕੋਈ ਵੀ ਸਾਦਾ ਬੰਦਾ ਹੇਠ ਲਿਖੇ ਕੁਝ ਨੁਕਤਿਆਂ ਨੂੰ ਜੋੜ ਕੇ ਕਲਪਨਾ ਕਰ ਸਕਦਾ ਹੈ।

ਗਿਣਤੀ ਦਾ ਮਾਮਲਾ: ਮੋਟੇ ਅੰਦਾਜੇ ਮੁਤਾਬਿਕ ਭਾਰਤੀ ਰਾਜ ਵਿਚ 67 ਫੀਸਦੀ ਅਬਾਦੀ ਪਿੰਡਾਂ ਵਿਚ ਵਸਦੀ ਹੈ ਜਿਸ ਕਾਰਣ ਇਹ ਮੰਨਿਆ ਗਿਆ ਹੈ ਕਿ 65% ਵਸੋਂ ਖੇਤੀ ਉਤੇ ਨਿਰਭਰ ਹੈ। ਜੇ ਕੋਈ ਏਹਨੂੰ ਘਟਾ ਕੇ 60% ਤੱਕ ਵੀ ਮੰਨ ਲਵੇ ਤਾਂ ਵੀ 138 ਕਰੋੜ ਦੀ ਅਬਾਦੀ ਵਿਚੋਂ 80 ਕਰੋੜ ਤੋਂ ਵੱਧ ਲੋਕ ਖੇਤੀ ਉਤੇ ਨਿਰਭਰ ਬਣਦੇ ਹਨ। ਅਮਰੀਕਾ ਦੁਨੀਆ ਦਾ ਤੀਜਾ ਸਭ ਤੋਂ ਵੱਧ ਅਬਾਦੀ ਵਾਲਾ ਮੁਲਕ ਹੈ ਪਰ ਭਾਰਤ ਵਿਚ ਖੇਤੀ ਨਾਲ ਜੁੜੇ ਲੋਕਾਂ ਦੀ ਗਿਣਤੀ ਉਹਦੀ ਅਬਾਦੀ ਨਾਲੋਂ ਦੁਗਣੀ ਤੋਂ ਵੱਧ ਹੈ। ਇਹ ਅੰਕੜਾ ਏਨਾ ਵੱਡਾ ਹੈ ਕਿ ਯੂਰਪ ਦੀ ਕੁੱਲ ਅਬਾਦੀ ਨਾਲੋਂ ਜਿਆਦਾ ਹੈ। ਵਰਲਮੀਟਰ ਬਿਜਾਲ ਪਤੇ ਦੇ ਅੰਦਾਜੇ ਮੁਤਾਬਿਕ ਸਾਰੀ ਧਰਤੀ ਉਤੇ ਵਸਦੀ ਮਨੁਖਤਾ ਲਗਭਗ 8 ਅਰਬ ਹੈ। ਇਸ ਹਿਸਾਬ ਨਾਲ ਭਾਰਤ ਵਿਚ ਖੇਤੀ ਅਧਾਰਤ ਲੋਕ ਮਨੁਖਤਾ ਦਾ ਘੱਟੋ ਘੱਟ 10% ਹਿੱਸਾ ਬਣਦੇ ਹਨ। ਜਿੰਨੇ ਲੋਕ ਦਿੱਲੀ ਧਰਨੇ ਵਿਚ ਆ ਗਏ ਹਨ ਉਹ ਨਿਸ਼ਚਿਤ ਰੂਪ ਵਿਚ ਸਭ ਕਿਸਾਨਾਂ ਦੇ ਨੁਮਾਇੰਦੇ ਹੋਣ ਦੇ ਦਾਅਵੇਦਾਰ ਹਨ। ਜੇ ਏਨੀ ਵੱਡੀ ਗਿਣਤੀ ਹਕੂਮਤ ਨਾਲ ਵਿਰੋਧ ਵਿਚ ਉਤਰ ਆਈ ਤਾਂ ਕੀ ਇਹ ਦੁਨੀਆ ਵਿਚ ਇਕ ਹੋਰ ਇਨਕਲਾਬ ਦਾ ਸਮਾਂ ਨਹੀਂ ਹੈ। ਘਟਾਓਵਾਦੀ ਕਲਪਨਾ ਵੱਖ ਵੱਖਾਂ ਸਿਧਾਂਤਾਂ ਅਤੇ ਜਮੀਨੀ ਹਕੀਕਤ ਦੇ ਨਾਂ ਹੇਠ ਇਨਕਲਾਬ ਨਾ ਹੋਣ ਦੇ ਹਜਾਰ ਕਾਰਣ ਗਿਣਾ ਸਕਦੀ ਹੈ ਪਰ ਇਨਕਲਾਬ ਖੂਹ ਵਿਚ ਛਾਲ ਮਾਰਣ ਵਾਲਾ ਕੰਮ ਹੁੰਦਾ ਹੈ। ਏਨੀ ਵੱਡੀ ਗਿਣਤੀ ਦੇ ਸਿਰ ਉਤੇ ਦੁਨੀਆ ਨੂੰ ਪਲਟ ਦੇਣ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਹਦੇ ਲਈ ਕੁਝ ਹੋਰ ਨੁਕਤੇ ਵੀ ਮਦਾਦੀ ਹਨ।



*ਕਿਸਾਨ ਮੋਰਚੇ ਉੱਤੇ ਭਾਰਤੀ ਕਿਸਾਨ ਯੂਨੀਅਨ, ਖੱਬੇ ਪੱਖੀ ਕਿਸਾਨ ਜੱਥੇਬੰਦੀ ਅਤੇ ਖਾਲਸਾਈ ਨਿਸ਼ਾਨ ਦੇ ਨਾਲ ਨਾਲ ਅਮਰੀਕੀ ਝੰਡੇ ਦਾ ਝੂਲਣਾ ਸਿੱਖਾਂ ਦੀ ਵਿਦੇਸ਼ਾਂ ਵਿੱਚ ਚੜ੍ਹਤ ਦਾ ਪ੍ਰਤੀਕ ਹੈ। ਫੋਟੋਕਾਰ: ਬਲਬੀਰ ਸਿੰਘ*

ਲੋਕਤੰਤਰੀ ਢਾਂਚੇ ਦਾ ਸਵਾਲ: ਭਾਰਤ ਆਪਣੇ ਲੋਕਤੰਤਰੀ ਢਾਂਚੇ ਕਰਕੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵੇਦਾਰ ਹੈ। ਜਮੀਨੀ ਹਕੀਕਤ ਜੋ ਮਰਜੀ ਹੋਵੇ ਪਰ ਜਦ ਤੱਕ ਚੋਣਾਂ ਹੋ ਰਹੀਆਂ ਹਨ ਇਹਨੇ ਦੁਨੀਆ ਵਿਚ ਲੋਕਤੰਤਰ ਹੀ ਵੱਜਣਾ ਹੈ। ਜਦੋਂ ਲੋਕਤੰਤਰੀ ਢਾਂਚੇ ਵਿਚ ਬਹੁਗਿਣਤੀ ਧਿਰ (ਇਥੇ ਖੇਤੀ ਅਧਾਰਤ ਪੇਂਡੂ ਵਸੋਂ) ਵਿਰੋਧ ਵਿਚ ਉਠ ਖੜਦੀ ਹੈ ਤਾਂ ਰਾਜ ਪਲਟਾ ਜਾਂ ਰਾਜ ਦਾ ਖਿੰਡਾਓ ਬਹੁਤ ਸੰਭਵ ਹੋ ਜਾਂਦਾ ਹੈ। ਜੇ ਇਸ ਲੋਕਤੰਤਰੀ ਢਾਂਚੇ ਵਿਚ ਕੋਈ ਵੀ ਤਬਦੀਲੀ ਹੁੰਦੀ ਹੈ ਤਾਂ ਇਹ ਤਬਦੀਲੀ ਆਪਣੀ ਗਿਣਤੀ ਕਰਕੇ, ਰਾਜਸੀ ਢਾਂਚੇ ਦੀ ਬਣਤਰ ਕਰਕੇ ਅਤੇ ਇਹ ਢਾਂਚੇ ਦੀ ਦੁਨੀਆਂ ਵਿਚ ਸਰਦਾਰੀ ਕਰਕੇ ਨਿਸ਼ਚਿਤ ਰੂਪ ਵਿਚ ਪੂਰੀ ਦੁਨੀਆ ਉਤੇ ਅਸਰ ਪਾਉਣ ਦੇ ਸਮਰਥ ਹੈ ਕਿਉਂਕਿ ਇਸ ਵੇਲੇ ਦੁਨੀਆ ਦੀ ਭਾਰੂ ਧਿਰ ਯੂਰਪ ਅਤੇ ਅਮਰੀਕਾ ਲੋਕਤੰਤਰੀ ਢਾਂਚੇ ਹੀ ਹਨ।

ਭੂਗੋਲਕ ਹਸਤੀ ਦਾ ਮਾਮਲਾ: ਦੁਨੀਆ ਦੇ ਸਭ ਤੋਂ ਵੱਧ ਅਬਾਦੀ ਵਾਲੇ ਮੁਲਕ ਆਪਸੀ ਗੁਆਂਢੀ ਹਨ ਅਤੇ ਜੰਗ ਲੜਣ ਵਾਲੀ ਹਾਲਤ ਵਿਚ ਹਨ। ਚੀਨ ਦਾ ਬਰਫੀਲੇ ਖਿਤੇ ਉਤੇ ਕਬਜਾ ਵਧੇਰੇ ਹੈ ਜੋ ਭਾਰਤ ਵਿਚ ਦਰਿਆਵਾਂ ਦੇ ਵਹਿਣ ਉਤੇ ਅਸਰ ਪਾਉਣ ਦੇ ਸਮਰਥ ਹੈ। ਭਾਰਤੀ ਸਰਹੱਦ ਦਾ ਵੱਡਾ ਅਤੇ ਔਖਾ ਹਿੱਸਾ ਪਾਕਿਸਤਾਨ ਅਤੇ ਚੀਨ ਨਾਲ ਲਗਦਾ ਹੈ ਜਿਥੇ ਸਦਾ ਖਿਚੋਤਾਣ ਜਾਂ ਜੰਗ ਵਰਗੀ ਹਾਲਤ ਬਣੀ ਰਹਿੰਦੀ ਹੈ।

ਅੰਦਰੂਨੀ ਰੂਪ ਵਿਚ ਸਾਰੇ ਸਭਿਆਚਾਰਾਂ ਦਾ ਆਪਸੀ ਰਾਬਤਾ ਕਿਸਾਨ ਅੰਦੋਲਨ ਵਿਚ ਸਭ ਤੋਂ ਅਹਿਮ ਤੱਤ ਬਣ ਜਾਣਾ ਹੈ। ਸਭੇ ਰਾਹ ਦਿੱਲੀ ਨੂੰ ਜਾਂਦੇ ਹਨ ਤਾਂ ਦੂਰ ਦੇ ਰਾਜਾਂ ਲਈ ਵੀ ਪਰਬਤ ਜੰਗਲ ਵਰਗੀਆਂ ਰੋਕਾਂ ਨਹੀਂ ਹਨ ਜਾਂ ਸੌੜੇ ਰਸਤੇ ਨਹੀਂ ਹਨ ਜਿਥੇ ਵੱਡੇ ਇਕੱਠਾਂ ਨੂੰ ਆਪਣੇ ਸਾਧਨਾਂ ਸਮੇਤ ਚਲਣਾ ਔਖਾ ਹੋਵੇ ਜਿਵੇਂ ਮਾਓ ਨੂੰ ਚੀਨ ਵਿਚ ਲੰਮੇ ਕਾਫਲੇ ਨਾਲ ਔਖ ਆਈ ਸੀ।

ਪੰਜਾਬ ਹਰਿਆਣਾ ਇਸ ਵੇਲੇ ਸਭ ਤੋਂ ਉਪਜਾਊ ਰਾਜਾਂ ਵਿਚੋਂ ਹਨ ਜੋ ਵਿਰੋਧ ਵਿਚ ਸਭ ਤੋਂ ਵੱਧ ਹਿੱਸਾ ਲੈਣ ਵਾਲੇ ਰਾਜ ਹਨ। ਦੂਜੇ ਪਾਸੇ ਪੰਜਾਬ ਦੁਨੀਆਂ ਦੇ ਪੰਜਵੇਂ ਵੱਡੇ ਦੇਸ਼ ਪਾਕਿਸਤਾਨ ਨਾਲ ਲਗਦਾ ਹੈ ਅੱਧਾ ਪੰਜਾਬ ਸੰਨ 1947 ਵੇਲੇ ਜੀਹਦੇ ਕਬਜੇ ਹੇਠ ਆ ਗਿਆ। ਪੱਛਮੀ ਪੰਜਾਬ ਇਹ ਪੰਜਾਬ ਨਾਲੋਂ ਵੀ ਵੱਧ ਖੇਤੀ ਉਤੇ ਨਿਰਭਰ ਹੈ ਅਤੇ ਉਸ ਮੁਲਕ ਦਾ ਸਭ ਤੋਂ ਵੱਡਾ ਸੂਬਾ ਹੈ। ਗਿਣਤੀ ਪੱਖੋਂ ਇਹ ਪੰਜਾਬ ਨਾਲੋਂ ਤਿਗੁਣਾ ਹੈ। ਪੰਜਾਬ ਵਿਚਲੀ ਹਲਚਲ ਦੀ ਅਸਰ ਉਥੇ ਵੀ ਪੈਣਾ ਲਾਜਮੀ ਹੈ। ਪੰਜਾਬ ਜੰਮੂ ਕਸ਼ਮੀਰ ਨਾਲ ਵੀ ਲਗਦਾ ਹੈ ਉਥੇ ਵੀ ਇਹ ਮੁਹਿੰਮ ਦਾ ਅਸਰ ਪੈਣਾ ਹੈ।

ਸਭਿਆਚਾਰ ਦਾ ਮਾਮਲਾ: ਪੰਜਾਬ ਦੇ ਕਿਸਾਨਾਂ ਨੂੰ ਖਾਲਸਤਾਨੀਆਂ ਵਜੋਂ ਨਿਸ਼ਾਨੇ ਹੇਠ ਲੈਣ ਦੀ ਚਾਲ ਪਹਿਲਾਂ ਬਹੁਤ ਵਾਰ ਸਫਲ ਹੋਈ ਚਾਲ ਹੈ ਇਸ ਕਰਕੇ ਹਕੂਮਤੀ ਧਿਰ ਨੂੰ ਕਲਪਨਾ ਕਰਨਾ ਲਾਜਮੀ ਹੈ ਕਿ ਉਹ ਇਸ ਤਰੀਕੇ ਨਾਲ ਅੰਦੋਲਨ ਨਿਖੇੜ ਦੇਣਗੇ। ਇਹ ਮਾਮਲਾ ਬਦਨਾਮੀ ਕਰਨ ਨਾਲ ਹੱਲ ਨਹੀਂ ਹੋਣਾ। ਪੰਜਾਬ ਵਿਚੋਂ ਮੁੜ ਨਵੇਂ ਰੂਪ ਵਿਚ ਜੋ ਉਭਾਰ ਉਠਿਆ ਹੈ ਉਹਨੂੰ ਸਮਝਣ ਵਿਚ ਹਕੂਮਤ ਨੂੰ ਵੀ ਉਵੇਂ ਮੁਸ਼ਕਲ ਹੋ ਰਹੀ ਹੈ ਜਿਵੇਂ ਖੱਬੇਪੱਖੀਆਂ ਨੂੰ ਹੋ ਰਹੀ ਹੈ। ਪੰਜਾਬ ਦੇ ਸਭਿਆਚਾਰ ਵਿਚ ਜੋ ਖੁੱਲਾਪਣ ਪਿਆ ਹੈ ਉਹ ਭਾਰਤ ਦੇ ਸਭ ਖਿਤਿਆਂ ਉਤੇ ਅਸਰ ਰਖਦਾ ਹੈ। ਪੰਜਾਬ ਦੇ ਖੁੱਲੇਪਣ ਦਾ ਸਿੱਖਾਂ ਨਾਲ ਵਿਰੋਧ ਨਹੀਂ ਹੈ ਜਿਸ ਕਰਕੇ ਬਾਕੀ ਧਰਮਾਂ ਅਤੇ ਸਭਿਆਚਾਰਾਂ ਦੇ ਲੋਕਾਂ ਨਾਲ ਇਹ ਲੋਕ ਘੁਲਮਿਲ ਸਕਦੇ ਹਨ। ਜਿਹੜਾ ਨੁਕਤਾ ਹਕੂਮਤ ਵਲੋਂ ਕਿਸਾਨਾਂ ਨੂੰ ਨਿਖੇੜਨ ਲਈ ਵਰਤਿਆ ਜਾ ਰਿਹਾ ਹੈ ਸੰਭਵ ਹੈ ਉਹ ਮੋੜਵੇਂ ਰੂਪ ਵਿਚ ਲੋਕਾਂ ਨੂੰ ਲਾਮਬੰਦ ਕਰਨ ਲਈ ਸਹਾਈ ਹੋਵੇ। ਪੰਜਾਬੀ ਲੋਕ ਹਰਿਆਣੇ ਰਾਜਸਥਾਨ ਅਤੇ ਯੂ ਪੀ ਵਿਚ ਕਾਫੀ ਗਿਣਤੀ ਵਿਚ ਹਨ ਉਹਨਾਂ ਦਾ ਨਿਜ ਰਾਬਤਾ ਵੀ ਕੜੀ ਬਣਦਾ ਹੈ।

ਭਗਤ ਸਿੰਘ ਦਾ ਪੰਜਾਬੀਪੁਣਾ ਜੋ ਪੰਜਾਬ ਵਿਚ ਸਿੱਖਾਂ ਵਿਰੁਧ ਸਫਲ ਤਰੀਕੇ ਨਾਲ ਵਰਤਿਆ ਗਿਆ ਪਰ ਇਹ ਮੌਕੇ ਹਕੂਮਤ ਵਿਰੋਧੀ ਤੱਤ ਵਜੋਂ ਕੰਮ ਕਰ ਸਕਦਾ ਹੈ ਕਿਉਂਕਿ ਬਾਕੀ ਰਾਜਾਂ ਦੇ ਮਾਰਕਸੀ ਅਤੇ ਮਾਨਵਤਾ ਵਾਦੀ ਭਗਤ ਸਿੰਘ ਦੀ ਤਸਵੀਰ ਭਾਰਤੀ ਏਕਤਾ ਲਈ ਵਰਤਦੇ ਹਨ। ਪੰਜਾਬ ਉਤੇ ਬਾਕੀ ਰਾਜਾਂ ਵਲੋਂ ਮਾਰਕਸੀ ਪਰਸੰਗ ਤੋਂ ਬਿਨਾ ਵੀ ਪਹਿਲਾਂ ਕਈ ਵਾਰ ਭਰੋਸਾ ਕੀਤਾ ਗਿਆ ਹੈ ਖਾਸ ਕਰਕੇ ਸਾਲ 1975-77 ਦੀ ਤਾਨਾਸ਼ਾਹੀ ਵੇਲੇ ਅਤੇ ਸੰਨ1947 ਤੋਂ ਪਹਿਲਾਂ ਕੀਤੀਆਂ ਕੁਰਬਾਨੀਆ ਦੇ ਪਰਸੰਗ ਵਿਚ। ਅਸਲ ਵਿਚ ਹਕੂਮਤੀ ਧਿਰ ਕਿਸੇ ਵੀ ਸਭਿਆਚਾਰ ਦੀ ਵਾਰਸ ਨਹੀਂ ਹੈ ਤਾਂ ਹੀ ਕਾਬਲ ਤੋਂ ਕਲਕਤਾ ਤੱਕ ਉਤੇ ਕਈ ਭਾਂਤ ਦਾਅਵਾ ਕਰਦੀ ਹੈ। ਹਿੰਦੂ ਹੋਣ ਦਾ ਪੈਂਤੜਾ ਬੱਝਵੀਂ ਮਰਯਾਦਾ ਨਾ ਹੋਣ ਕਰਕੇ ਆਪਣੇ ਆਪ ਨੂੰ ਅਫਗਾਨਿਸਤਾਨ ਤੋਂ ਬੰਗਾਲ ਤੱਕ ਫੈਲਾਉਣ ਦੇ ਕੰਮ ਆਉਂਦਾ ਹੈ ਪਰ ਇਹਦਾ ਨੁਕਸਾਨ ਇਹੋ ਹੈ ਕਿ ਇਹ ਬੱਝਵੀ ਮਰਯਾਦਾ ਨਾ ਹੋਣ ਕਰਕੇ ਹੀ ਟਕਰਾਅ ਵੇਲੇ ਹੋਰ ਕਿਸੇ ਵੀ ਪਛਾਣ ਨਾਲੋਂ ਵੱਧ ਹੱਦ ਤੱਕ ਸੁੰਗੜ ਜਾਂਦਾ ਹੈ। ਕਿਸੇ ਵੀ ਹਕੂਮਤ ਜਾਂ ਬਗਾਵਤ ਨਾਲ ਟਕਰਾਓ ਵੇਲੇ ਦਰਜੇਬੰਦੀ ਵਿਚੋਂ ਖੇਤਰੀ ਅਤੇ ਜਾਤੀ ਪਛਾਣਾਂ ਠੋਸ ਰੂਪ ਧਾਰ ਜਾਂਦੀਆਂ ਹਨ ਅਤੇ ਆਪਣੀ ਆਪਣੀ ਪਹਿਲ ਫੜ ਲੈਂਦੀਆਂ ਹਨ।

ਇਸ ਵੇਲੇ ਕਿਸਾਨੀ ਇਕ ਪਛਾਣ ਵਿਚ ਬੰਨਣ ਦਾ ਸੂਤਰ ਬਣ ਗਈ ਹੈ।ਇਹ ਨੁਕਤਾ ਬਹੁਤ ਅਹਿਮ ਰਹੇਗਾ ਕਿ ਮਾਰਕਸੀ ਧਿਰਾਂ ਸਭਿਆਚਾਰਕ ਅਤੇ ਧਾਰਮਿਕ ਪਛਾਣਾਂ ਨੂੰ ਭਗਤ ਸਿੰਘ ਦੀ ਥਾਂ ਚੀ ਗੁਵੇਰੇ ਦੇ ਅਰਥਾਂ ਵਿਚ ਥਾਂ ਦੇ ਸਕਣਗੀਆਂ ਕਿ ਹਰ ਇਨਕਲਾਬ ਆਪਣੇ ਆਪ ਵਿਚ ਵੱਖਰਾ ਹੁੰਦਾ ਹੈ। ਮਾਓ ਵਾਂਗ ਸੌ ਫੁੱਲ਼ ਖਿੜਣ ਦੇਣ ਦੀ ਕਲਪਨਾ ਕਰ ਸਕਣਾ ਵੀ ਇਨਕਲਾਬ ਦੀ ਸਫਲਤਾ ਦੀ ਪੌੜੀ ਬਣ ਸਕਦਾ ਹੈ।

ਬਿਰਤਾਂਤਕ ਬਦਲਾਓ: ਸੰਘੀ ਹਕੂਮਤ ਬਣਨ ਤੋਂ ਪਹਿਲਾਂ ਸੰਘੀ ਢਾਂਚੇ ਦੀ ਥਾਂ ਕੇਂਦਰੀ ਢਾਂਚੇ ਉਤੇ ਸਭ ਧਿਰਾਂ ਦਾ ਜੋਰ ਸੀ ਸਮੇਤ ਕਾਂਗਰਸ ਅਤੇ ਮਾਰਕਸੀਆਂ ਧਿਰਾਂ ਦੇ, ਪਰ ਜਦੋਂ 2014 ਮਗਰੋਂ ਭਗਵਾਂ ਰੰਗ ਉਘੜਿਆ ਤਾਂ ਸਭ ਨੂੰ ਬਚਾਓ ਦਾ ਨੁਕਤਾ ਰਾਜਾਂ ਨੂੰ ਵੱਧ ਅਧਿਕਾਰਾਂ ਵਾਲੇ ਢਾਂਚੇ ਵਿਚ ਲੱਭਿਆ।ਜਿਸ ਰਾਜਸੀ ਮੰਗ ਲਈ ਪੰਜਾਬ ਬਦਨਾਮ ਅਤੇ ਬਰਬਾਦ ਹੋਇਆ ਉਹ ਮੰਗ ਹੁਣ ਹਕੂਮਤ ਵਿਰੋਧੀ ਧਿਰਾਂ ਦਾ ਬਿਰਤਾਂਤ ਬਣ ਗਈ ਹੈ।ਮਿਸਾਲ ਵਜੋਂ ਪੰਜਾਬ ਕਾਂਗਰਸ ਦਾ ਮੌਜੂਦਾ ਪਰਧਾਨ ਅਤੇ ਆਪਣੇ ਪਿਤਾ ਤੋਂ ਉਲਟਾ ਵੱਧ ਅਧਿਕਾਰਾਂ ਦੇ ਹੱਕ ਵਿਚ ਰਾਜਸੀ ਪੈਂਤੜਾ ਲੈ ਰਿਹਾ ਹੈ।

**ਬਾਕੀ ਸਫ਼ਾ 30 'ਤੇ**

# ਅਣਖ਼, ਗੈਰਤ ਤੇ ਸ਼ਨਾਖਤ ਦਾ ਸੰਘਰਸ਼

## (ਮਾਰ ਗੱਭਰੂਆ ਕੈਂਚੀ ਰੇਡਰ ਸੁੱਕਾ ਜਾਵੇ ਨਾ)



ਗੱਜਣਵਾਲ਼ਾ ਸੁਖਮਿੰਦਰ (ਚੰਡੀਗੜ੍ਹ ਤੋਂ)

*ਪੰਜਾਬੀ ਕਿਸਾਨਾਂ ਦੇ ਬੇਰੋਕ ਹੜ੍ਹ ਨੇ ਕੇਂਦਰੀ ਰਾਜਧਾਨੀ ਦਿੱਲੀ ਦੇ ਪੈਰੀਫੇਰੀ ਦੁਆਲੇ ਘੇਰਾ ਘੱਤ ਕੇ ਪਹਿਲੇ ਸਾਰੇ ਰੋਸ/ਲੋਕ ਅੰਦੋਲਨਾਂ ਨੂੰ ਮਾਤ ਹੀ ਪਾ ਦਿੱਤੀ ਹੈ। ਇਸ ਸੰਬੰਧੀ ਪੰਜਾਬੀ ਕਿਸਾਨੀ ਦੇ ਹਿਰਦੇ ਅੰਦਰਲੀ ਪੀੜ੍ਹਾ ਨੂੰ ਜਾਣਨਾ ਪਵੇਗਾ।*

*ਪਹਿਲੇ ਜਿੰਨੇ ਵੀ ਸਰਕਾਰਾਂ ਵਿਰੁੱਧ ਵਿਰੋਧ ਹੋਏ ਉਹ ਖਾਸ ਮੁੱਦਿਆਂ 'ਤੇ ਅਧਾਰਤ ਸਨ , ਪਰ ਉਹ ਇਸ ਕਿਸਾਨੀ ਅੰਦੋਲਨ ਵਾਂਗ ਸਮੂਹਿਕ ਚੇਤਨਾ ਦਾ ਹਿੱਸਾ ਨਹੀਂ ਸੀ ਬਣੇ। ਇਸ ਵਾਰ ਤਾਂ ਮਖਲੂਕ ਨੇ ਇਕ ਤਰ੍ਹਾਂ ਨਾਲ ਕਰੋ ਜਾਂ ਮਰੋ ਵਰਗੀ ਸ਼ਿਦਤ ਅਖਤਿਆਰ ਕਰ ਆਖ਼ਰੀ ਸਵਾਸਾਂ ਤਕ ਜੂਝਣ ਦੀ ਤਹਿਰੀਕ ਵਿੱਢ ਲਈ ਜਾਪਦੀ ਹੈ।*

*ਇਸ ਅੰਦੋਲਨ ਦਾ ਮੂਲ ਕਾਰਨ ਕਿਸਾਨੀ ਜਨ-ਸਮੂਹ ਨੂੰ ਕੁੱਲ ਖੇਤੀ ਤੇ ਨਿਰਭਰ ਪਿੰਡ ਦੁਨੀਆ ਨੂੰ ਆਪਣਾ ਭੈਅ ਭੀਤ ਭਵਿੱਖ ਨਜ਼ਰ ਆ ਰਿਹਾ ਹੈ। ਆਪਣੇ ਅਮੀਰ ਵਿਰਸੇ ਦੇ ਖੁੱਸਣ ਦੀ ਭਿਆਨਕ ਤਸਵੀਰ ਬੂਹਾਂ 'ਤੇ ਆਣ ਖਲੋਤੀ ਦਿਸਦੀ ਹੈ। ਐਂ ਜਾਪਦਾ ਹੈ ਭਾਰਤ ਦਾ ਮਰਕਜ਼ੀ ਨਿਜ਼ਾਮ , ਪੰਜਾਬੀ ਸਭਿਆਚਾਰ ਦੇ ਅਸਲ ਸਾਰ/ਸੱਚ ਨੂੰ ਸਮਝਣ ਤੋਂ ਵਿਰਵਾ ਰਹਿ ਗਿਆ। ਕੇਂਦਰ ਨੇ ਪੰਜਾਬ ਦੇ ਇਸ ਧਰਾਤਲ ਨੂੰ ਦੇਸ਼ ਦੇ ਹੋਰ ਸੂਬਿਆਂ ਦੀ ਮਾਨਸਿਕਤਾ ਵਰਗਾ ਹੀ ਸਮਝ ਕੇ ਆਪਣੇ ਆਪ ਨੂੰ ਇਕ ਬੇਲੋੜੇ ਬਿਖੜੇ ਮਾਰਗ 'ਤੇ ਸੁੱਟ ਲਿਆ ਹੈ। ਉਸ ਨੇ ਪੰਜਾਬੀ ਕਿਸਾਨੀ ਦੀ ਰੂਹ ਤੇ ਰੌਂਅ ਨੂੰ ਪਹਿਚਾਨਣ ਦੀ ਕੋਸ਼ਸ਼ ਨਹੀਂ ਕੀਤੀ। ਕੇਂਦਰ ਏਥੋਂ ਦੇ ਜਨ-ਸਮੂਹ ਦੇ ਅੰਤਰੀਵ ਜ਼ਜ਼ਬਾਤ ਦਾ ਭੇਦ ਨਾ ਪਾਉਂਦਾ ਹੋਇਆ ਬੇਲੋੜਾ ਕਲੇਸ਼ ਵਿੱਢ ਬੈਠਾ ਹੈ।*

ਮਾਝੇ ਵਾਲੀ ਭੂਆ ਕਿਹਾ ਕਰਦੀ ਸੀ- ਬੇ-ਜ਼ਮੀਨਿਆਂ ਦੇ ਧੀ ਨਹੀਂ ਵਿਆਹੁਣੀ: ਜ਼ਮੀਨ ਤਾਂ ਔਰਤ ਦਾ ਦੂਜਾ ਖਸਮ ਹੁੰਦਾ -।

ਜ਼ਮੀਨ, ਪੈਲੀ, ਭੋਂਇੰ ਮਾਤਰ ਕਣਕਾਂ- ਝੋਨੇ ਤੇ ਹੋਰ ਫਸਲਾਂ ਉਗਾਉਣ ਦਾ ਹੀ ਜ਼ਰੀਆ ਨਹੀਂ, ਰੋਜ਼ੀ ਰੋਟੀ ਤੇ ਭੁੱਖ ਮਿਟਾਉਣ ਦੇ ਵਸੀਲੇ ਤੋਂ ਉਪਰ ਉਠ ਕੇ, ਇਹ ਪੰਜਾਬੀਆਂ ਦੀ ਸਦੀਆਂ ਦੀ ਕਮਾਈ ਹੋਈ ਵਿਰਾਸਤ ਹੈ। ਇਹ ਜੱਟ/ਕਿਸਾਨ ਦੇ ਮਿਹੀਨ ਸਭਿਆਚਾਰ ਦਾ ਉਹ ਮਰਕਜ਼ੀ ਅਸਾਸਾ ਹੈ ਜਿਸ ਦੁਆਲੇ ਤਮਾਮ ਖਿਤੇ ਦੇ ਸੰਸਕਾਰ ਜੁੜੇ ਹਨ । ਬਰੇ-ਸਾਗੀਰ ਦੇ ਇਸ ਖਿੱਤੇ ਵਿਚ ਜੋ ਅੱਜ ਦੇ ਪੰਜਾਬੀ ਸਭਿਆਚਾਰ ਦੀ ਗੱਲ ਹੁੰਦੀ ਹੈ ਉਹ ਜ਼ਮੀਨ ਦੇ ਪਰਿਪੇਖ 'ਚੋਂ ਹੀ ਲਿਸ਼ਕਦੀ ਹੈ। ਇਸ ਕੁਰਾ-ਏ-ਅਰਜ਼ ਵਿਚ ਪੰਜਾਬੀਆ ਦੇ ਇਸ ਧਰਾਤਲ ਨੂੰ ਜੋ ਰੰਗ ਭਾਗ ਲੱਗੇ ਹਨ ਉਹ ਸਾਰੇ ਬਦੌਲਤ ਜ਼ਮੀਨ ਦੇ ਹਨ। ਗੱਲ ਇਹ ਹੈ ਕਿ ਪੰਜਾਬੀਆਂ ਦੇ ਬਹੁਮੁੱਲੇ ਸ਼ਰੇਸ਼ਠ ਸਭਿਆਚਾਰ ਨੂੰ ਇਥੋਂ ਦੀ ਮਿੱਟੀ ਤੋਂ ਵੱਖਰਾ ਕਰ ਕੇ ਵੇਖਿਆ ਹੀ ਨਹੀਂ ਜਾ ਸਕਦਾ।

ਪੜ੍ਹੇ ਲਿਖੇ ਵੱਡੀਆਂ ਡਿਗਰੀਆਂ ਵਾਲੇ, ਸ਼ਹਿਰੀ ਜੀਵਨ ਦੇ ਭੇਚਲੇ ਹੋਏ ਲੋਕ, ਅਕਸਰ ਤਨਜ਼ੀ ਲਹਿਜੇ ਵਿਚ ਆਖ ਦਿੰਦੇ ਹਨ - ਇਹ ਜੱਟ/ਕਿਸਾਨ ਆਪਣੀਆ ਲੜਕੀਆਂ ਦੇ ਸਾਕ ਜ਼ਮੀਨਾਂ ਨੂੰ ਕਰਦੇ ਹਨ ਹੋਰ ਕੁਝ ਨਹੀਂ ਵੇਖਦੇ। ਜਦ ਵੀ ਕੁੜੀ ਵਾਲਿਆਂ ਨੂੰ ਦੱਸ ਪਾਈ ਜਾਂਦੀ ਹੈ ਤਾਂ ਅੱਗੋਂ ਸੁਆਲ ਹੁੰਦਾ- ਮੁੰਡੇ ਨੂੰ ਪੈਲੀ ਕਿੰਨੀ ਆਉਂਦੀ ਹੈ ? ਜ਼ਮੀਨ ਆਉਂਦੀ ਵੀ ਹੈ ਜਾਂ ਨਹੀਂ ? ਇਨ੍ਹਾਂ ਕਿਤਾਬੀ ਗਿਆਨਵਾਨਾਂ ਨੂੰ ਇਹ ਇਲਮ ਨਹੀਂ ਕਿ ਕਿਸਾਨੀ ਸਭਿਆਚਾਰ ਦੇ ਸਵੈਮਾਣ/ ਸਵੈਸੰਤੁਸ਼ਟੀ ਦਾ ਵੱਡਾ ਜ਼ਖੀਰਾ ਜ਼ਮੀਨ ਹੀ ਹੈ।

ਜ਼ਮੀਨ ਉਹ ਅਚੱਲ ਜਾਇਦਾਦ ਹੈ ਜੋ ਧਰਤੀ ਨਾਲ ਜੁੜੇ ਮਖਲੂਕ ਦਾ ਪੁਸ਼ਤ-ਦਰ-ਪੁਸ਼ਤ ਪਾਲਣ ਪੋਸਣ ਕਰਦੀ ਰਹੀ। ਪੀੜ੍ਹੀਆਂ ਨੂੰ ਅੱਗੇ ਤੋਰਨ ਦਾ ਸਬੱਬ ਬਣੀ ਰਹੀ । ਦੁੱਖਾਂ ਸੁੱਖਾਂ ਵੇਲੇ ਹਰ ਪੂਰਤੀ ਦੇ ਸਮਰੱਥ ਬਣੀ । ਆਪਣੇ ਮਾਲਕ ਦੀ ਮਾਣ ਮਰਿਯਾਦਾ ਵਿਚ ਵਾਧਾ ਕਰਦੀ ਰਹੀ। ਉਸ ਦੇ ਹਾਸਿਆਂ ਖੇਡਿਆਂ ਦਾ ਦੀਰਘ ਹਿੱਸਾ ਬਣੀ। ਇਸ ਲਈ ਜ਼ਮੀਨ ਦੀ ਕੀਮਤ ਇਕ ਕਿਸਾਨ ਹੀ ਸਮਝ ਸਕਦਾ ਹੈ, ਜਣਾ ਸਕਦਾ ਹੈ। ਜ਼ਮੀਨ ਦਾ ਸਹੀ ਮੁਤਾਲਿਆ ਪੈਲੀ ਨਾਲ ਜੁੜਿਆ ਮਨੁੱਖ ਹੀ ਕਰ ਸਕਦਾ ਹੈ। ਸੋ ਜਿਸ ਨੇ ਆਪਣੀ ਪੀੜ੍ਹੀ ਨੂੰ ਸੰਤੁਸ਼ਟ ਅਤੇ ਵਧਦਾ ਫੁੱਲਦਾ ਵੇਖਣਾ ਹੈ ਉਹ ਤਾਂ ਫਿਰ ਇਹ ਗੱਲ ਪੁੱਛਦਾ ਹੀ ਰਹੂਗਾ- ਮੁੰਡੇ ਨੂੰ ਜ਼ਮੀਨ ਕਿੰਨੀ ਕੁ ਆਉਂਦੀ ਹੈ ?

ਪੰਜਾਬੀ ਸਭਿਆਚਾਰ ਦੇ ਤਾਂ ਜ਼ਮੀਨੀ ਹਕੀਕਤ ਨਾਲ ਜੁੜੇ ਬਹੁਤ ਹੀ ਸੁਹਾਵਣੇ ਬਹਦਿਸ਼ਾਵੀ/ ਬਹੁਮੰਤਵੀ ਰੰਗ ਹਨ। ਜਿਨ੍ਹਾਂ ਚੋਂ ਇਸ ਖਿੱਤੇ ਦੀ ਮਿੱਟੀ ਨਾਲ ਜੁੜਿਆ ਇਕ ਪ੍ਰਮਾਣਕ ਰੰਗ ਲੋਕ-ਫੋਕ ਹੈ, ਸਾਡੀ ਲੋਕ ਧਾਰਾ ਦਾ ਬਹੁਤ ਹੀ ਨਿਆਰਾ ਰੰਗ ਹੈ। ਗਾਇਕ ਕੁਲਦੀਪ ਮਾਣਕ ਦੇ ਜਦ :

ਬੂਰ ਪਿਆ ਕਣਕਾਂ ਨੂੰ ਮਾਏ, ਵਿਚ ਬਾਗਾਂ ਅੰਬੀਆਂ ਪੱਕੀਆਂ।

ਅੱਗ ਦੇ ਭਾਂਬੜ ਵਰਗੀਆਂ ਧੀਆ, ਨੀ ਤੂੰ ਸਾਂਭ ਬੁੱਕਲ ਵਿਚ ਰੱਖੀਆਂ।

ਗਿਣਵੇਂ ਦਿਨਾਂ ਦੀਆਂ ਸਾਂਝਾਂ ਵੇ ਬਾਬਲ, ਅਸਾਂ ਸਿਦਕਾਂ ਨਾਲ ਨਿਭ੍ਹਾਈਆਂ।

ਕੂੰਜਾਂ ਵਾਂਗ ਪ੍ਰੌਹਣੀਆਂ ਧੀਆਂ ਵੇ ਤੇਰੇ ਵੇਹੜੇ ਦੋ ਦਿਨ ਆਈਆਂ।

ਆਹ ਬੋਲ ਖੁੱਲ੍ਹੇ ਅਸਮਾਨ ਹੇਠ ਉਚਰਦੇ ਹਨ ਤਾਂ ਇਕ ਮਾਲਦਾਰ ਵਿਰਸੇ ਦੀ ਹੀ ਤਾਂ ਗੱਲ ਹੋ ਰਹੀ ਹੁੰਦੀ ਹੈ।

ਜਦੋਂ ਸਾਡੀ ਗੀਤਕਾਰੀ ਤੇ ਗਾਈਕੀ ਵਿਚੋਂ ਆਹ ਲਾਈਨਾਂ ਸਾਡੇ ਕੰਨਾਂ ਵਿਚ ਦਾਖਲ ਹੁੰਦੀਆਂ:

**ਚੜ੍ਹੀ ਜਵਾਨੀ ਮੱਖਣਾਂ, ਡੋਕੇ ਚੁੰਘ ਕੇ ਬੂਰੀ ਦੇ।**<br>
**ਭਰ ਭਰ ਖਾਧੇ ਛੰਨੇ ਘਿਉ ਦੀ ਚੂਰੀ ਦੇ।**

**ਤੇ ਫਿਰ:-**

**ਖੇਡਣ ਵੇਖ ਕਬੱਡੀ ਜੋਧੇ ਪੁੱਤਰ ਮਾਂਵਾਂ ਦੇ।**<br>
**ਸ਼ੇਰਾਂ ਵਾਂਗੂੰ ਪਾਲ਼ੇ ਆ ਮਾਪਿਆਂ ਨਾ' ਚਾਵਾਂ ਦੇ।**

ਇਹ ਉਪਰਲੇ ਸਾਰੇ ਅਲਫਾਜ਼ ਸਾਡੇ ਸਾਡੀ ਮਿੱਟੀ ਚੋਂ ਹੀ ਪੁੰਗਰੇ ਇਕ ਖਾਸ ਰੰਗ ਦੀ ਚਮਕ ਹੀ ਤਾਂ ਦੇ ਰਹੇ ਹਨ ।

ਇਸ ਪੰਜਾਬ ਦੇ ਖਿੱਤੇ ਤੋਂ ਅਜ਼ਾਦੀ ਤੋਂ ਪਹਿਲਾਂ ਅੰਗਰੇਜ਼ ਦੇ ਨਾਲ ਟਾਕਰੇ ਹੁੰਦੇ ਰਹੇ ਤੇ ਦੇਸ਼ ਅਜ਼ਾਦ ਹੋਣ ਤੋਂ ਬਾਅਦ ਸਰਕਾਰਾਂ ਦੇ ਖਿਲਾਫ ਕਈ ਲਹਿਰਾਂ ਉਠੀਆਂ ਇਤਿਹਾਸਕ ਸੰਘਰਸ਼ ਹੋਏ। ਪਰ ਜੋ ਸਮੁੱਚੀ ਪੰਜਾਬੀ ਚੇਤਨਾ ਦਾ ਲੋਕ ਰੋਹ ਕੇਂਦਰ ਸਰਕਾਰ ਦੇ ਵਿਰੁੱਧ ਇਸ ਕਿਸਾਨ ਅੰਦੋਲਨ ਵੇਲੇ ਉਭਰ ਕੇ ਸਾਹਮਣੇ ਆਇਆ ਤੇ ਮੁਸੱਲਸਲ ਜਾਰੀ ਹੈ ਇਸ ਨੇ ਤਾਂ ਇਕ ਤਵਾਰੀਖੀ ਮਿਸਾਲ ਹੀ ਕਾਇਮ ਕਰ ਲਈ ਹੈ। ਬਿਲਾ ਸ਼ੱਕ ਪਹਿਲੇ ਸੰਘਰਸ਼ਾਂ ਦੌਰਾਨ ਵੀ ਸਫਲਤਾਂ ਮਿਲੀਆਂ, ਜਿੱਤਾਂ ਹਾਸਲ ਕੀਤੀਆਂ, ਪਰ ਇਸ ਵਾਰ ਪੰਜਾਬੀ ਕਿਸਾਨੀ ਵਰਗ ਦਾ ਕੇਂਦਰ ਸਰਕਾਰ ਵੱਲੋਂ ਲਿਆਂਦੇ/ਪਾਸ ਕੀਤੇ ਗਏ ਕਿਸਾਨ ਵਿਰੋਧੀ ਬਿੱਲਾਂ ਦੇ ਬਰਖਿਲਾਫ ਜੋ ਏਕਾ ਵੇਖਣ ਨੂੰ ਮਿਲਿਆ ਹੈ ਇਸ ਨੇ ਸਾਰੇ ਹਿੰਦੋਸਤਾਨ ਨੂੰ ਇਕ ਵਾਰ ਹਿਲਾ ਕੇ ਰੱਖ ਦਿੱਤਾ ਹੈ। ਪੰਜਾਬੀ ਕਿਸਾਨਾਂ ਦੇ ਬੇਰੋਕ ਹੜ੍ਹ ਨੇ ਕੇਂਦਰੀ ਰਾਜਧਾਨੀ ਦਿੱਲੀ ਦੇ ਪੈਰੀਫੇਰੀ ਦੁਆਲੇ ਘੇਰਾ ਘੱਤ ਕੇ ਪਹਿਲੇ ਸਾਰੇ ਰੋਸ/ ਲੋਕ ਅੰਦੋਲਨਾਂ ਨੂੰ ਮਾਤ ਹੀ ਪਾ ਦਿੱਤੀ ਹੈ। ਇਸ ਸੰਬੰਧੀ ਪੰਜਾਬੀ ਕਿਸਾਨੀ ਦੇ ਹਿਰਦੇ ਅੰਦਰਲੀ ਪੀੜ੍ਹਾ ਨੂੰ ਜਾਣਨਾ ਪਵੇਗਾ।

ਪਹਿਲੇ ਜਿੰਨੇ ਵੀ ਸਰਕਾਰਾਂ ਵਿਰੁੱਧ ਵਿਰੋਧ ਹੋਏ ਉਹ ਖਾਸ ਮੁੱਦਿਆਂ 'ਤੇ ਅਧਾਰਤ ਸਨ , ਪਰ ਉਹ ਇਸ ਕਿਸਾਨੀ ਅੰਦੋਲਨ ਵਾਂਗ ਸਮੂਹਿਕ ਚੇਤਨਾ ਦਾ ਹਿੱਸਾ ਨਹੀਂ ਸੀ ਬਣੇ। ਇਸ ਵਾਰ ਤਾਂ ਮਖਲੂਕ ਨੇ ਇਕ ਤਰ੍ਹਾਂ ਨਾਲ ਕਰੋ ਜਾਂ ਮਰੋ ਵਰਗੀ ਸ਼ਿਦਤ ਅਖਤਿਆਰ ਕਰ ਆਖ਼ਰੀ ਸਵਾਸਾਂ ਤਕ ਜੂਝਣ ਦੀ ਤਹਿਰੀਕ ਵਿੱਢ ਲਈ ਜਾਪਦੀ ਹੈ।

ਇਸ ਅੰਦੋਲਨ ਦਾ ਮੂਲ ਕਾਰਨ ਕਿਸਾਨੀ ਜਨ-ਸਮੂਹ ਨੂੰ ਕੁੱਲ ਖੇਤੀ ਤੇ ਨਿਰਭਰ ਪਿੰਡ ਦੁਨੀਆ ਨੂੰ ਆਪਣਾ ਭੈਅ ਭੀਤ ਭਵਿੱਖ ਨਜ਼ਰ ਆ ਰਿਹਾ ਹੈ। ਆਪਣੇ ਅਮੀਰ ਵਿਰਸੇ ਦੇ ਖੁੱਸਣ ਦੀ ਭਿਆਨਕ ਤਸਵੀਰ ਬੂਹਾਂ 'ਤੇ ਆਣ ਖਲੋਤੀ ਦਿਸਦੀ ਹੈ । ਐਂ ਜਾਪਦਾ ਹੈ ਭਾਰਤ ਦਾ ਮਰਕਜ਼ੀ ਨਿਜ਼ਾਮ , ਪੰਜਾਬੀ ਸਭਿਆਚਾਰ ਦੇ ਅਸਲ ਸਾਰ/ਸੱਚ ਨੂੰ ਸਮਝਣ ਤੋਂ ਵਿਰਵਾ ਰਹਿ ਗਿਆ। ਕੇਂਦਰ ਨੇ ਪੰਜਾਬ ਦੇ ਇਸ ਧਰਾਤਲ ਨੂੰ ਦੇਸ਼ ਦੇ ਹੋਰ ਸੂਬਿਆਂ ਦੀ ਮਾਨਸਿਕਤਾ ਵਰਗਾ ਹੀ ਸਮਝ ਕੇ ਆਪਣੇ ਆਪ ਨੂੰ ਇਕ ਬੇਲੋੜੇ ਬਿਖੜੇ ਮਾਰਗ 'ਤੇ ਸੁੱਟ ਲਿਆ ਹੈ। ਉਸ ਨੇ ਪੰਜਾਬੀ ਕਿਸਾਨੀ ਦੀ ਰੂਹ ਤੇ ਰੌਂਅ ਨੂੰ ਪਹਿਚਾਨਣ ਦੀ ਕੋਸ਼ਸ਼ ਨਹੀਂ ਕੀਤੀ। ਕੇਂਦਰ ਏਥੋਂ ਦੇ ਜਨ-ਸਮੂਹ ਦੇ ਅੰਤਰੀਵ ਜ਼ਜ਼ਬਾਤ ਦਾ ਭੇਦ ਨਾ ਪਾਉਂਦਾ ਹੋਇਆ ਬੇਲੋੜਾ ਕਲੇਸ਼ ਵਿੱਢ ਬੈਠਾ ਹੈ।

ਇਹ ਤਾਂ ਪੋਰਸ ਸੰਦਰਾਂ ਦੀ ਧਰਤੀ ਰਹੀ, ਏਥੋਂ ਤਾਂ ਅਬਦਾਲੀਆਂ ਧਾੜਵੀਆਂ ਨੂੰ ਹਿੱਕ ਠੋਕਵੀਆਂ ਠੱਲਾਂ ਪੈਂਦੀਆਂ ਰਹੀਆਂ। ਇੱਥੋਂ ਦੀ ਲੋਕ ਰੂਹ ਨੇ ਤਾਂ ਸੀਸਾਂ ਦੀ ਪ੍ਰਵਾਹ ਨਹੀਂ ਕੀਤੀ, ਆਪਣੇ ਮਾਸੂਮ ਬੱਚੇ ਨੇਜ਼ਿਆਂ 'ਤੇ ਟੰਗਵਾ ਦਿੱਤੇ।

ਇਸ ਵੇਲੇ ਕਿਸਾਨੀ ਪ੍ਰੋਟੈਸਟ ਜੋ ਜੱਹਾਦ ਦੀ ਸ਼ਕਲ ਅਖਤਿਆਰ ਕਰ ਗਿਆ ਹੈ। ਕਿਸਾਨ ਨੂੰ ਆਪਣੇ ਅਮੀਰ ਵਿਰਸੇ ਦੇ ਗੁਆਚ ਜਾਣ ਦਾ ਵੱਡਾ ਤੌਖਲਾ ਹੈ ਉਨ੍ਹਾਂ ਲਈ ਆਪਣੀ ਹੋਂਦ ਬਚਾਉਣ ਦਾ ਚੈਲੈਂਜ ਦਿਸ ਰਿਹਾ ਹੈ।

ਪੰਜਾਬੀਆਂ ਦੇ ਲੋਕ-ਰੋਹ ਦੀ ਅਸਚਰਜਤਾ ਇਹ ਹੈ ਕਿ ਇਸ ਵਾਰ ਪੰਜਾਬ ਦੇ ਹਰ ਪਿੰਡ ਦਾ, ਹਰ ਘਰ ਅੰਦੋਲਨ ਵਿਚ ਹਿੱਸਾ ਲੈਣ ਲਈ ਤਤਪਰ ਸਮਰਪਤ ਹੋ ਚੁੱਕਾ ਹੈ। ਨੌਜਵਾਨੀ ਨੂੰ ਘਰੇ ਬੈਠਣਾ ਆਪਣੇ ਆਪ ਨੂੰ ਗੁਨਾਹਗਾਰ ਮਹਿਸੂਸ ਕਰ ਰਿਹਾ ਹੈ। ਜੱਟਾਂ ਵਿਚ ਇਹ ਧਾਰਨਾ ਪ੍ਰਚੱਲਤ ਹੈ ਕਿ ਵਿਆਹ ਤੋਂ ਇਕ ਦਾ ਮੂੰਹ ਦੂਜੇ ਪਾਸੇ, ਦੂਜੇ ਦਾ ਉਲਟ ਪਾਸੇ, ਆਪਸ ਵਿਚ ਬਣਦੀ ਹੀ ਨਹੀਂ ਹੁੰਦੀ। ਪਰ ਇਸ ਸੰਘਰਸ਼ ਨੇ ਆਪਸੀ ਗੌਲਿਆਂ, ਭਿੰਨ ਭੇਦਾਂ ਦੀਆਂ ਸਮੀਕਰਨਾਂ ਹੀ ਬਦਲ ਦਿੱਤੀਆਂ। ਇਕ -ਦੋ ਵਾਢਿਉਂ ਸੱਭ ਨੇ ਘਰ-ਬਾਰ ਦੇ ਕੰਮ ਔਰਤਾਂ ਨੂੰ ਸੰਭਾਲ, ਸਿੰਘੂ ਟੀਕਰੀ ਦਿੱਲੀ ਬਾਰਡਰਾਂ ਵੱਲ ਵਹੀਰਾਂ ਘੱਤ ਦਿੱਤੀਆਂ। ਪਿੰਡਾਂ ਵਿਚ ਬਹੁਤੀਆਂ ਜ਼ਮੀਨਾਂ ਵਾਲੇ ਸੌਖੇ ਬੰਦੇ ਜੋ ਚੂੰਡੀ ਨਹੀਂ ਸੀ ਵਢਾਉਂਦੇ , ਆਪ ਤੋਂ ਛੋਟੇ ਨਾਲ ਚੱਜ ਨਾਲ ਗੱਲ ਨਹੀਂ ਸੀ ਕਰਦੇ, ਦੂਰੀ ਬਣਾ ਕੇ ਰੱਖਦੇ ਸੀ, ਉਹ ਵੀ ਸਾਰੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਸਾਰ ਕੇ ਦਿਲ ਖੋਲ੍ਹ ਕੇ, ਜੱਫੀਆਂ ਪਾ ਕੇ ਸੰਘਰਸ਼ ਵਿਚ ਅੱਗੇ ਹੋ ਕੇ ਚੱਲ ਪਏ। ਸਿਆਣਿਆਂ ਸੱਚ ਕਿਹਾ- ਜਦੋਂ ਅੱਤ ਤੇ ਰੱਬ ਦਾ ਵੈਰ ਹੋ ਜੇ ਉਸ ਵੇਲੇ ਸਾਰੇ ਇਕੱਠੇ ਹੋ ਹੀ ਜਾਇਆ ਕਰਦੇ ਹਨ ।

ਕਿਸਾਨਾਂ ਨੂੰ ਕੇਂਦਰੀ ਨਿਜ਼ਾਮ ਦੀ ਅਸਲ ਨੀਅਤ ਦਾ ਪਤਾ ਲੱਗ ਗਿਆ ਹੈ। ਕਿਸਾਨ ਜਾਣ ਗਏ ਹਨ ਕਿ ਹਿੰਦੋਸਤਾਨੀ ਸਰਕਾਰ ਕਿਸਾਨੀ ਦਾ ਖੁਰਾ ਖੋਜ ਮਿਟਾਉਣ ਦੀ ਤਾਕ ਵਿਚ ਹੈ। ਜਦੋਂ ਇਨ੍ਹਾਂ ਨੂੰ ਅਮਨ ਭੰਡਾਰ ਲਈ ਸਾਡੀ ਹਰਿਆਣਾ ਤੇ ਪੰਜਾਬ ਦੀ ਲੋੜ ਸੀ ਉਦੋਂ ਸਾਡੀ ਇਹ ਵਡਿਆਈ ਕਰਦੇ ਨਹੀਂ ਸੀ ਥਕਦੇ "ਜੈ ਜਵਾਨ ਜੈ ਕਿਸਾਨ" ਦੇ ਨਾਅਰੇ ਲਾਉਂਦੇ ਸੀ। ਹੁਣ ਯੂ.ਪੀ. ਬਿਹਾਰਾਂ ਵਿਚ ਚਾਰ ਦਾਣੇ ਹੋਣ ਲੱਗ ਪਏ, ਅਸੀਂ ਚੰਗੇ ਲੱਗਣੋਂ ਹਟ ਗਏ। "ਪਾਣੀ ਨਿਕਲਿਆ ਤੇ ਖਵਾਜ਼ਾ ਵਿਸਰਿਆ" ਵਾਲੀ ਢੀਠਤਾਈ ਤੇ ਬੇਸ਼ਰਮੀ । ਸੋਚੋ! ਐਦੂੰ ਮਾੜਾ ਕੀ ਹੋਊਆਪਣੇ ਦੇਸ਼ ਵਾਸੀਆਂ ਨਾਲ ਹੀ ਅਕਿਰਤਘਣ। ਬਾਹਰਲੇ ਦੇਸ ਜਿਥੇ ਬੇਘਰੇ ਹਨ ਕੋਈ ਕੰਮਕਾਰ ਨਹੀਂ ਕਰ ਸਕਦੇ, ਸਰਕਾਰਾਂ ਉਨ੍ਹਾਂ ਦੇ ਰਹਿਣ ਸਹਿਨ ਦਾ ਬੰਦੋਬਸਤ ਕਰਦੀਆਂ, ਉਨ੍ਹਾਂ ਨੂੰ ਰਹਿਣ ਲਈ ਘਰ ਦਿੰਦੀਆਂ, ਕੋਕ ਬਰਗਰ ਫਲ ਫਰੂਟ ਸਾਰਾ ਕੁਝ ਮੁਫਤ 'ਚ ਦਿੰਦੀਆਂ ਜੋ ਭੋਰਾ ਭਰ ਵੀ ਕੰਮ ਨਹੀਂ ਕਰ ਸਕਦੇ। ਪਰ ਐਧਰ ਸਾਡਿਆਂ ਦਾ ਆਲਮ ਹੀ ਨਿਰਾਲਾ। ਕਿਸਾਨ ਜੋ ਅਜ ਵੀ ਅੱਧੇ ਦੇਸ਼ ਦਾ ਢਿੱਡ ਭਰਦਾ, ਲੋੜਵੰਦਾਂ ਦੇ ਮੂੰਹਾਂ 'ਚ ਰੋਟੀ ਪਾਉਂਦਾ, ਉਸ ਅੰਨਦਾਤੇ ਦਾ ਸੰਵਾਰਨਾ ਤਾਂ ਦੂਰ ਦੀ ਗੱਲ ਉਸ ਨੰ ਉਜਾੜਨ 'ਤੇ ਤੁਲੀ ਹੋਈ ਹੈ। ਮਹਿਜ਼ ਖਦਸ਼ਾ ਹੀ ਸੱਚੀਮੁੱਚੀਂ ਉਨਾਂ ਦੀਆਂ ਜ਼ਮੀਨਾਂ ਤੇ ਕਾਰਪੋਰੇਟਾਂ ਦੇ ਹਵਾਲੇ ਕਰਨ ਨੂੰ ਫਿਰਦੀ ਹੈ।

# ਸੰਘਰਸ਼ ਵਿੱਚੋਂ ਨਵੀਂ ਰਾਜਨੀਤੀ ਨਿਕਲਣੀ ਲਾਜ਼ਮੀ ਵੀ ਹੈ ਤੇ ਸਮੇਂ ਦੀ ਲੋੜ ਵੀ

ਦਿੱਲੀ ਦੇ ਕਿਸਾਨ ਅੰਦੋਲਨ ਦੀ ਬਹੁਤ ਸਾਰੇ ਰੂਪਾਂ ਵਿਚ ਵਿਆਖਿਆ ਹੋ ਰਹੀ ਹੈ। ਵਿਦਵਾਨ ਇਸ ਨੂੰ ਥੀਓਰਾਈਜ਼ ਕਰ ਰਹੇ ਹਨ ਕਿ ਇਸ ਅੰਦੋਲਨ ਦਾ ਪੰਜਾਬ, ਪੰਜਾਬ ਦੀ ਰਾਜਨੀਤੀ, ਪੰਜਾਬ ਦੇ ਸਮਾਜਿਕ ਢਾਂਚੇ ਅਤੇ ਪੰਜਾਬ ਦੇ ਸਭਿਆਚਾਰ ਕੀ ਅਸਰ ਪਵੇਗਾ? ਇਹ ਅੰਦੋਲਨ ਕਿਧਰ ਨੂੰ ਜਾਵੇਗਾ ਅਤੇ ਇਸ ਦੀ ਕੀ ਰੂਪ ਰੇਖਾ ਹੋਵੇਗੀ? ਇਸ ਬਾਰੇ ਵੱਖ ਵੱਖ ਵਿਦਵਾਨ ਚਰਚਾ ਕਰ ਰਹੇ ਹਨ। ਸ਼ੰਘਰਸ਼ ਵਿਚ ਤਾਂ ਬਹੁਤ ਲੋਕ ਸਰਗਰਮ ਅਤੇ ਬਹੁਤ ਕੁੱਝ ਕਹਿ ਕਰ ਰਹੇ ਹਨ ਪਰ ਸ਼ੰਘਰਸ਼ ਸਬੰਧੀ ਵਿਆਖਿਆ ਬਹੁਤ ਥੋੜੇ ਲੋਕ ਹਨ ਜੋ ਦਸਦੇ ਹਨ ਕਿ ਇਹ ਸੰਘਰਸ਼ ਹੁਣ ਕਿਧਰ ਨੂੰ ਜਾਵੇਗਾ। ਪੇਸ਼ ਹੈ "ਸਿੱਖ ਸਿਆਸਤ" ਅਤੇ "ਸੰਵਾਦ" ਸੰਸਥਾਵਾਂ ਰਾਹੀਂ ਸਰਗਰਮ ਭੂਮਿਕਾ ਨਿਭਾ ਰਹੇ ਸਿੱਖ ਚਿੰਤਕ ਭਾਈ ਮਨਧੀਰ ਸਿੰਘ ਨਾਲ ਸੀਨੀਅਰ ਪੱਤਰਕਾਰ ਅਤੇ ਫਰੋਫੁਨਜਅਬ ਚੈਨਲ ਦੇ ਕਰਤਾ ਧਰਤਾ ਯਾਦਵਿੰਦਰ ਕਰਫ਼ਿਊ ਯਾਦਵਿੰਦਰ ਕਰਫਿਊ ਦੀ ਵੀਡੀਓ ਗੱਲਬਾਤ ਦ ਲਿਖਤੀ ਰੂਪ:

ਸਵਾਲ : ਭਾਈ ਸਾਹਿਬ ਤੁਹਾਡਾ ਪ੍ਰੋ ਪੰਜਾਬ ਟੀ ਵੀ ਤੇ ਸਵਾਗਤ ਹੈ ਅੰਦੋਲਨ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਤੁਸੀਂ ਇਸ ਨੂੰ ਕਿਵੇਂ ਵੇਖਦੇ ਹੋ?

ਜਵਾਬ : ਪੰਜਾਬੀ ਦਾ ਜੋ ਸਮੁੱਚਾ ਸਭਿਆਚਾਰ ਹੈ ਉਹ ਗੁਰਮਤਿ ਨਾਲ ਪ੍ਰਭਾਵਤ ਸਭਿਆਚਾਰ ਹੈ ਤੇ ਗੁਰਮਤਿ ਦਾ ਬੁਨਿਆਦੀ ਨੁਕਤਾ ਸਰਬੱਤ ਦਾ ਭਲਾ ਹੈ। ਜੇਕਰ ਇਸ ਵਿਚ ਰਾਜਨੀਤੀ ਦੀ ਗੱਲ ਕਰਨੀ ਹੋਵੇ ਤਾਂ ਗੁਰਮਤਿ ਅਨੁਸਾਰ ਰਾਜਨੀਤੀ ਜਰਵਾਣਾ ਜਿਹੜਾ ਕਿ ਚੜ੍ਹ ਕੇ ਆਉਂਦਾ ਹੈ ਉਸ ਦਾ ਮੁਕਾਬਲਾ ਕਰਨਾ ਹੈ ਉਸ ਨੂੰ ਚੁਣੌਤੀ ਦੇਣੀ ਹੈ ਅਤੇ ਜਿਹੜਾ ਨਿਤਾਣਾ ਹੈ ਉਸ ਦੇ ਹੱਕ ਵਿਚ ਖੜ੍ਹਨਾ ਹੈ। ਇਸ ਸਾਰੀ ਐਜੀਟੇਸ਼ਨ ਨੇ ਸਿੱਖਾਂ ਅਤੇ ਪੰਜਾਬ ਦਾ ਜਿਹੜਾ ਸਾਰਾ ਸਭਿਆਚਾਰ ਜੋ ਗੁਰਮਤਿ ਅਨੁਸਾਰ ਹੈ ਉਸ ਨੇ ਸਾਬਤ ਕੀਤਾ ਹੈ ਕਿ ਪੰਜਾਬ ਵਿਚ ਅੱਜ ਵੀ ਉਹ ਗੁਰਾਂ ਦੇ ਨਾਮ ਨਾਲ ਚਲਣ ਵਾਲਾ ਸਭਿਆਚਾਰ ਹੀ ਹੈ। ਬੇਸ਼ਕ ਸਾਨੂੰ ਪਹਿਲਾਂ ਲਗ ਰਿਹਾ ਸੀ ਕਿ ਇਸ ਵਿਚ ਪੱਛਮੀ ਪ੍ਰਭਾਵ ਅਤੇ ਪਦਾਰਥਵਾਦ ਦਾ ਅਸਰ ਹੈ, ਪਰ ਇਨ੍ਹਾਂ ਸਾਰੇ ਅਸਰਾਂ ਦੇ ਬਾਵਜੂਦ, ਸਭਿਆਚਾਰਕ ਹਮਲਿਆਂ ਦੇ ਬਾਵਜੂਦ ਪੰਜਾਬ ਨੇ ਦੋਬਾਰਾ ਸਾਬਤ ਕੀਤਾ ਹੈ ਕਿ ਸਦੀਆਂ ਪੁਰਾਣਾ ਉਸ ਦਾ ਅਸਲ ਸਭਿਆਚਾਰ ਹੈ ਉਹ ਅੱਜ ਵੀ ਪੰਜਾਬ ਦੇ ਜਿਹੜੇ ਸਭਿਆਚਾਰ ਦੀ ਜੋ ਅਸਲ ਨੀਂਹ ਹੈ ਉਸ ਵਿਚ ਹੀ ਹੈ ਅਤੇ ਇਸ ਵਿਚੋਂ ਇਹ ਵਰਤਾਰਾ ਸਾਹਮਣੇ ਆਇਆ ਹੈ।

ਸਵਾਲ : ਇਸ ਸਮੇਂ ਜਿਥੇ ਇਹ ਅੰਦੋਲਨ ਖੜ੍ਹਾ ਹੈ ਹੋਇਆ ਹੈ, ਇਸ ਬਾਰੇ ਹੋਰ ਪਹਿਲ ਕਦਮੀਆਂ ਕੀ ਹੋਣੀਆਂ ਚਾਹੀਦੀਆਂ ਹਨ?

ਜ਼ਵਾਬ : ਜਿਸ ਜ਼ੋਸ਼ ਨਾਲ ਪੰਜਾਬ ਦੇ ਲੋਕ ਦਿੱਲੀ ਆਏ ਹਨ, ਉਹ ਇਸ ਤਰ੍ਹਾਂ ਹੈ ਜਿਵੇਂ ਪੰਜਾਬ ਵਿਚ ਕੋਈ ਬਾਹਰੋਂ ਹਮਲਾ ਕਰ ਦੇਵੇ ਤਾਂ ਸਾਰਾ ਪੰਜਾਬ ਇਕਮੁੱਠ ਹੋ ਕੇ ਖੜ੍ਹਾ ਹੋ ਜਾਂਦਾ ਹੈ, ਉਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਨੇ ਕਿਸਾਨ ਬਿੱਲਾਂ ਨੂੰ ਇਕ ਬਾਹਰੀ ਹਮਲਾ ਮੰਨਿਆ ਹੈ। ਬਾਹਰੀ ਹਮਲਾ ਮੰਨ ਕੇ ਇਸ ਵਿਰੁਧ ਪੰਜਾਬ ਦੇ ਸਾਰੇ ਤਬਕੇ, ਇਕੱਲੇ ਕਿਸਾਨ ਨਹੀਂ ਬਲਕਿ ਪੂਰੀ ਸੁਸਾਇਟੀ ਇਕਮੁੱਠ ਹੋ ਕੇ ਡੱਟ ਗਈ ਹੈ। ਬੇਸ਼ੱਕ ਇਥੇ ਪੰਜਾਬ ਦੇ ਸਾਰੇ ਲੋਕ ਨਹੀਂ ਆਏ ਪਰ ਜਿਹੜੇ ਲੋਕ ਇਥੇ ਆਏ ਹੋਏ ਹਨ ਪਰ ਘਰ ਬੈਠੇ ਲੋਕ ਉਨ੍ਹਾਂ ਦੀ ਸੁੱਖ ਦੀਆਂ ਅਰਦਾਸਾਂ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਪੰਜਾਬ ਬੈਠੇ ਵੀ ਉਨ੍ਹਾਂ ਦੀ ਸਹਾਇਤਾ ਕਰ ਰਹੇ ਹਨ, ਚਾਹੇ ਉਹ ਸਹਾਇਤਾ ਲੰਗਰਾਂ ਵਿਚ ਹਿੱਸਾ ਪਾ ਕੇ, ਚਾਹੇ ਉਨ੍ਹਾਂ ਵਾਸਤੇ ਕਪੜੇ ਜਿਵੇਂ ਰਜਾਈਆਂ ਕੰਬਲ ਦੇ ਕੇ ਭਾਵੇਂ ਕਿਸੇ ਵੀ ਰੂਪ ਵਿਚ ਸਹਾਇਤਾ ਦੇ ਰਹੇ ਹਨ। ਇਹ ਗੱਲ ਤਾਂ ਬਿਲਕੁਲ ਸਪੱਸ਼ਟ ਹੈ ਕਿ ਪੰਜਾਬ ਨੇ ਖੇਤੀ ਕਾਨੂੰਨਾਂ ਨੂੰ ਇਕ ਬਾਹਰੀ ਹਮਲਾ ਮੰਨਿਆ ਹੈ।



ਇਸ ਕਰ ਕੇ ਹੀ ਸਾਰੇ ਪੰਜਾਬ ਵਿਚ ਇਕਮੁੱਠਤਾ ਨਜ਼ਰ ਆ ਰਹੀ ਹੈ। ਪੰਜਾਬ ਦੇ ਸਾਰੇ ਰੰਗ, ਸਾਰੀਆਂ ਸਿਆਸੀ ਵਿਚਾਧਾਰਾਵਾਂ, ਪੰਜਾਬ ਦੇ ਧਰਮ, ਵੱਖ ਵੱਖ ਸਮਾਜਿਕ ਵੱਖਰੀਆਂ ਪਛਾਣਾਂ ਰੱਖਦੇ ਉਨ੍ਹਾਂ ਸਾਰਿਆਂ ਨੇ ਹੀ ਅਪਣੀ ਸਮਰੱਥਾ ਅਨੁਸਾਰ ਹੀ ਯੋਗਦਾਨ ਪਾਇਆ ਹੈ। ਇਹ ਬੜੀ ਹਾਂ ਪੱਖੀ ਗੱਲ ਹੈ, ਇਸ ਲਈ ਭਵਿੱਖ ਵਿਚ ਵੀ ਉਸਾਰੂ ਚੀਜ਼ਾਂ ਹੀ ਨਿਕਲਣਗੀਆਂ।

ਸਵਾਲ : ਆਉਣ ਵਾਲੇ ਦਿਨਾਂ ਵਿਚ ਇਸ ਅੰਦੋਲਨ ਦਾ ਪੰਜਾਬ ਉਤੇ ਕੀ ਪ੍ਰਭਾਵ ਪਵੇਗਾ?

ਜ਼ਵਾਲ : ਇਸ ਅੰਦੋਲਨ ਤੋਂ ਪੰਜਾਬ ਦੇ ਲੋਕਾਂ ਨੇ ਅਪਣੀ ਸਮਰੱਥਾ ਦੀ ਪਛਾਣ ਕੀਤੀ ਹੈ। ਪੰਜਾਬ ਦੀ ਸਮਰੱਥਾ ਇਹ ਹੈ ਕਿ ਜਿਵੇਂ ਭਾਰਤ ਦੇ ਵੱਡੇ ਖਿੱਤੇ ਦੇ ਨਿਮਾਣੇ ਤੇ ਨਿਤਾਣੇ ਲੋਕਾਂ ਦੀ ਧਿਰ ਬਣਨ ਦੀ ਸਮਰੱਥਾ, ਦਿੱਲੀ ਦਾ ਤਖ਼ਤ ਜੋ ਇਕ ਤਾਨਾਸ਼ਾਹੀ ਤਖ਼ਤ ਹੈ ਅਤੇ ਹਿੰਦੂ ਸਟੇਟ ਵੱਲ ਵੱਧ ਰਿਹਾ ਹੈ, ਉਸ ਤਖ਼ਤ ਨੂੰ ਚੁਣੌਤੀ ਦੇਣ ਵਾਸਤੇ ਅਤੇ ਉਸ ਨੂੰ ਰੋਕਣ ਲਈ ਸੰਘਰਸ਼ ਦੀ ਅਗਵਾਈ ਪੰਜਾਬ ਕਰ ਸਕਦਾ ਹੈ। ਹੁਣ ਜਦੋਂ ਪੰਜਾਬ ਦੀ ਰਾਜਨੀਤੀ ਅੱਗੇ ਚੱਲੇਗੀ ਉਸ ਦੀ ਰੰਗਤ ਕੱਝ ਅਲੱਗ ਹੀ ਹੋਵੇਗੀ। ਪੰਜਾਬ ਦੀ ਰਾਜਨੀਤੀ ਜੋ ਪਹਿਲਾਂ ਵਿਕਾਸ ਦੇ ਨਾਂ ਤੇ ਇਨਫਰਾਸਟ੍ਰੈਕਚਰ ਡਿਵੈਲਪਮੈਂਟ ਜਾਂ ਗੁੱਡ ਗਵਰਨੈਂਸ ਦੀ ਸੀ, ਉਸ ਤੋਂ ਅੱਗੇ ਜਾਵੇਗੀ। ਹੁਣ ਨਿਮਾਣਿਆਂ ਨਿਤਾਣਿਆਂ ਲਈ ਹੱਕ ਲੈਣ ਦੀ ਰਾਜਨੀਤੀ ਹੋਵੇਗੀ।

ਸਵਾਲ : ਹੁਣ ਤੱਕ ਜਿਹੜੀਆਂ ਧਿਰਾਂ ਪੰਜਾਬ ਵਿਚ ਰਾਜ ਕਰਦੀਆਂ ਹਨ, ਜਿਨ੍ਹਾਂ ਨੂੰ ਮੇਨ ਸਟਰੀਮ ਕਿਹਾ ਜਾਂਦਾ ਹੈ ਜਿਵੇਂ ਅਕਾਲੀ ਦਲ, ਕਾਂਗਰਸ ਅਤੇ ਆਮ ਪਾਰਟੀ ਵੀ, ਇਨ੍ਹਾਂ ਨੂੰ ਇਸ ਅੰਦੋਲਨ ਤੋਂ ਬਾਅਦ ਤੁਸੀਂ ਕਿਵੇਂ ਵੇਖਦੇ ਹੋ?

ਜਵਾਬ : ਇਸ ਅੰਦੋਲਨ ਵਿਚੋਂ ਹੀ ਇਨ੍ਹਾਂ ਪਾਰਟੀਆਂ ਦਾ ਰੋਲ ਸਪੱਸ਼ਟ ਹੋਇਆ ਹੈ। ਹੁਣ ਵੇਖੋ ਕਿਸਾਨਾਂ ਦਾ ਤਾਂ ਇਕਨੁਕਾਤੀ ਪ੍ਰੋਗਰਾਮ ਹੈ ਹੀ, ਹੋਣਾ ਵੀ ਚਾਹੀਦਾ ਹੈ ਕਿਉਂਕਿ ਜਿਹੜੇ ਇਹ ਖੇਤੀ ਕਾਨੂੰਨ ਹਨ ਉਨ੍ਹਾਂ ਨੂੰ ਉਹ ਰੱਦ ਕਰਵਾਉਣ। ਪਰ ਇਸ ਵਿਚ ਰਾਜਨੀਤਕ ਪਾਰਟੀਆਂ ਦੀ ਸ਼ਮੂਲੀਅਤ ਬਹੁਤੀ ਸਾਫ਼ ਰੂਪ ਵਿੱਚ ਨਹੀਂ ਦਿਸ ਰਹੀ। ਉਹ ਇਸੇ ਕਰਕੇ ਨਹੀਂ ਦਿਸ ਰਹੀ ਕਿਉਂਕਿ ਜਿਸ ਵਜ੍ਹਾ ਕਰਕੇ ਇਹ ਮੁੱਦਾ ਖੜ੍ਹਾ ਹੋਇਆ ਹੈ ਉਸ ਮੁੱਦੇ ਦੀ ਬੁਨਿਆਦ ਇਸ ਗੱਲ ਦੇ ਵਿਚ ਹੈ ਕਿਉਂਕਿ ਸੈਂਟਰ ਲਗਾਤਾਰ ਜਿਹੜੇ ਸੂਬਿਆਂ ਦੇ ਹੱਕ ਸਨ ਉਨ੍ਹਾਂ ਨੂੰ ਮਾਰ ਰਿਹਾ ਹੈ। ਜਿਹੜੇ ਸਟੇਟ ਸਬਜੈਕਟ ਦੇ ਅੰਦਰ ਵਿਸ਼ੇ ਸਨ ਉਨ੍ਹਾਂ ਨੂੰ ਵੀ ਉਹ ਆਪਣੇ ਕੋਲ ਲਿਜਾ ਕੇ ਵਿੰਗੇ ਟੇਢੇ ਤਰੀਕੇ ਨਾਲ ਜਾਂ ਉਸ ਦੀ ਟੈਕਨੀਕਲ ਵਿਆਖਿਆ ਘੜ ਕੇ ਉਨ੍ਹਾਂ ਵਿਚ ਵੀ ਕਾਨੂੰਨ ਬਣਾ ਰਿਹਾ ਸੀ। ਜੇ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਕੋਲ ਇਹ ਸਮਰੱਥਾ ਹੁੰਦੀ ਤਾਂ ਪੰਜਾਬ ਦੀਆਂ ਇਨ੍ਹਾਂ ਰਾਜਨੀਤਿਕ ਪਾਰਟੀਆਂ ਨੂੰ ਇਸ ਵਿਰੁਧ ਇਕ ਵੱਖਰਾ ਐਜੀਟੇਸ਼ਨ ਚਲਾਉਣਾ ਚਾਹੀਦਾ ਸੀ, ਜਿਸ ਤਹਿਤ ਉਨ੍ਹਾਂ ਨੂੰ ਅਪਣੇ ਹੱਕ ਜੋ ਸੂਬਿਆਂ ਤੋਂ ਖੁਸ ਗਏ ਹਨ, ਉਨ੍ਹਾਂ ਨੂੰ ਵਾਪਸ ਲੈਣ ਲਈ ਅੰਦੋਲਨ ਕਰਨਾ ਚਾਹੀਦਾ ਸੀ। ਇਸ ਸਮੇਂ ਪੰਜਾਬ ਦੇ ਸਾਰੇ ਲੋਕ ਇਸ ਗੱਲ ਉਤੇ ਆ ਗਏ ਹਨ ਕਿ ਸਾਨੂੰ ਵੱਧ ਹੱਕ ਚਾਹੀਦੇ ਹਨ, ਸੈਂਟਰ ਧੱਕਾ ਕਰ ਰਿਹਾ ਹੈ। ਉਸ ਸਮੇਂ ਵੀ ਜੇ ਤੁਸੀਂ ਵੇਖੋਗੇ ਤਾਂ ਰਾਜਨੀਤਿਕ ਪਾਰਟੀਆਂ ਐਨੀਆਂ ਨਿਖਿੱਧ ਹੋ ਚੁੱਕੀਆਂ ਹਨ ਕਿ ਹੁਣ ਜਦੋਂ ਲੋਕ ਤਾਂ ਉਠ ਚੁੱਕੇ ਹਨ ਤਦ ਵੀ ਇਨ੍ਹਾਂ ਰਾਜਨੀਤਿਕ ਪਾਰਟੀਆਂ ਕੋਲ ਐਨਾ ਹੌਂਸਲਾ ਨਹੀਂ ਹੈ ਕਿ ਜਿਸ ਅਸਲ ਰਾਜਨੀਤਿਕ ਮੰਗ ਕਰ ਕੇ ਹੀ ਮੁੱਦਾ ਖੜ੍ਹਾ ਹੋਇਆ ਹੈ ਉਸ ਲਈ ਕੋਈ ਰਾਜਨੀਤਿਕ ਨਾਅਰਾ ਲਾ ਸਕਣ। ਇਸ ਵਿਚੋਂ ਤਾਂ ਇਹ ਦਿਸ ਰਿਹਾ ਹੈ ਕਿ ਜਿਹੜੀ ਅਗਲੀ ਰਾਜਨੀਤੀ ਹੋਵੇਗੀ ਉਸ ਬਾਰੇ ਇਨ੍ਹਾਂ ਦੀ ਸਮਰੱਥਾ ਪਹਿਲਾਂ ਹੀ ਥੱਲੇ ਜਾ ਰਹੀ ਹੈ।

ਸਵਾਲ : ਸਾਰੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਵਿਖਾ ਰਹੇ ਹਨ। ਕੈਪਟਨ ਵੀ ਕਹਿੰਦਾ ਹੈ ਕਿ ਮੈਂ ਈਡੀ ਤੋਂ ਨਹੀਂ ਡਰਦਾ, ਮੈਂ ਕਿਸ ਤੋਂ ਡਰਨਾ। ਸੁਖਬੀਰ ਬਾਦਲ ਵੀ ਕਹਿ ਰਿਹਾ ਹੈ ਕਿ ਬੀਜੇਪੀ ਟੁਕੜੇ ਟੁਕੜੇ ਗੈਂਗ ਹੈ, ਜਿਹੜੀ ਗੱਲ ਉਨ੍ਹਾਂ ਨੇ ਕਦੇ ਨਹੀਂ ਸੀ ਕਹੀ, ਉਹ ਉਨ੍ਹਾਂ ਨੇ ਕਹੀ ਹੈ। ਕੇਜਰੀਵਾਲ ਵਰਗੇ ਬਿਲ ਪਾੜੀ ਜਾਂਦੇ ਨੇ?

ਜਵਾਬ : ਇਹ ਤਾਂ ਸਿਰਫ਼ ਨਾਅਰੇ ਨੇ। ਜੇ ਇਸ ਵਿਚੋਂ ਰਾਜਨੀਤੀ ਬਣਦੀ ਹੈ ਤਾਂ ਉਸ ਦਾ ਵੱਡਾ ਹਿੱਸਾ ਕਿਸਾਨਾਂ ਤੋਂ ਹੀ ਤਵੱਕੋ ਰੱਖ ਰਿਹਾ ਹੈ ਕਿ ਤੁਸੀਂ ਵੱਧ ਅਧਿਕਾਰਾਂ ਦੀ ਗੱਲ ਕਰੋ ਜਾਂ ਸੈਂਟਰ ਰਿਲੇਸ਼ਨ ਰੀਡਿਫਾਈਨ ਕਰਨ ਦੀ ਮੰਗ ਕਰੋ। ਉਹ ਕਿਸਾਨ ਯੂਨੀਅਨਾਂ ਦੇ ਦਾਇਰੇ ਵਿਚ ਨਹੀਂ ਆਉਂਦਾ, ਅਸਲ ਵਿਚ ਇਹ ਰਾਜਨੀਤਿਕ ਪਾਰਟੀਆਂ ਦੇ ਦਾਇਰੇ ਵਿਚ ਹੈ। ਰਾਜਨੀਤਿਕ ਪਾਟੀਆਂ ਦੇ ਬਿਆਨ ਲੋਕਾਂ ਦੀ ਵਾਹ ਵਾਹਾ ਖੱਟਣ ਲਈ ਹੁੰਦੇ ਹਨ, ਇਹ ਸਿਰਫ਼ ਡਰਾਮੇ ਅਤੇ ਨਿਊਜ਼ ਮੇਕਿੰਗ ਹੋ ਰਹੀ ਹੈ, ਰਾਜਨੀਤੀ ਨਹੀਂ ਹੋ ਰਹੀ। ਜੇਕਰ ਰਾਜਨੀਤੀ ਹੋਣੀ ਹੁੰਦੀ ਤਾਂ ਇਹ ਸਾਰੀਆਂ ਪਾਰਟੀਆਂ ਕੇਂਦਰ ਖ਼ਿਲਾਫ਼ ਅਪਣਾ ਵੱਖਰਾ ਮੋਰਚਾ ਲਾਉਂਦੀਆਂ ਜਿਸ ਦੇ ਤਹਿਤ ਇਹ ਕਹਿੰਦੇ ਕਿ ਸਾਨੂੰ ਵੱਧ ਅਧਿਕਾਰ ਚਾਹੀਦੇ ਹਨ। ਰਾਜਨੀਤਿਕ ਪਾਰਟੀਆਂ ਜੇ ਵੱਧ ਅਧਿਕਾਰ ਨਹੀਂ ਮੰਗ ਰਹੀਆਂ ਬਲਕਿ ਇਹ ਛੋਟੇ ਮੋਟੇ ਮੁੱਦਿਆਂ ਉਤੇ ਬਿਆਨ ਦੇ ਰਹੀਆਂ ਹਨ, ਇਸ ਦਾ ਮਤਲਬ ਹੈ ਕਿ ਉਹ ਰਾਜਨੀਤੀ ਤੋਂ ਭੱਜ ਰਹੀਆਂ ਹਨ।

ਸਵਾਲ : ਤੁਹਾਨੂੰ ਕੀ ਲਗਦਾ ਹੈ ਕਿ ਇਸ ਵਿਚੋਂ ਹੁਣ ਕੁੱਝ ਨਵਾਂ ਨਿਕਲੇਗਾ? ਕੀ ਕੋਈ ਨਵੀਂ ਪਾਰਟੀ ਬਣੇਗੀ? ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਸਿਮਰਨਜੀਤ ਬੈਂਸ ਅਤੇ ਖਹਿਰਾ ਵੀ ਕਹਿ ਰਹੇ ਸਨ ਕਿ ਕਿਸਾਨਾਂ ਦਾ ਕੋਈ ਨਵਾਂ ਮੋਰਚਾ ਬਣੇ ਤਾਂ ਸਹੀ, ਉਸ ਦੇ ਆਲੇ ਦੁਆਲੇ ਗੱਠਬੰਦੀ ਹੋ ਸਕਦੀ ਹੈ। ਹਾਲਾਂਕਿ ਕਿਸਾਨ ਕਹਿ ਰਿਹਾ ਹੈ ਕਿ ਅਸੀਂ ਅਜਿਹਾ ਕੁੱਝ ਨਹੀਂ ਕਰਨਾ। ਅਸੀਂ ਇਹ ਸਪੱਸ਼ਟ ਕਰ ਦਈਏ ਕਿ ਕਿਸਾਨਾਂ ਦੀ ਗੱਲ ਪੂਰੀ ਪਾਰਦਰਸ਼ੀ ਹੈ ਕਿ ਅਸੀਂ ਕੋਈ ਰਾਜਨੀਤਿਕ ਪਾਰਟੀ ਨਹੀਂ ਬਣਾਉਣੀ। ਫਿਰ ਵੀ ਜੇ ਮੰਨ ਲਉ?

ਜ਼ਵਾਬ : ਮੈਂ ਇਹ ਸਪੱਸ਼ਟ ਕਰਦਾ ਹਾਂ ਕਿ ਪੰਜਾਬ ਦੀ ਜਿਹੜੀ ਭਵਿੱਖ ਦੀ ਰਾਜਨੀਤੀ ਹੈ ਉਹ ਸੰਘਰਸ਼ ਦੀ ਰਾਜਨੀਤੀ ਹੈ। ਉਹ ਸਿਰਫ਼ ਚੰਡੀਗੜ੍ਹ ਦੀ ਸੱਤਾ ਲੈਣ ਦੀ ਰਾਜਨੀਤੀ ਨਹੀਂ, ਮਤਲਬ ਸੱਤਾ ਦੇ ਪਰਿਵਰਤਨ ਦੀ ਰਾਜਨੀਤੀ ਨਹੀਂ। ਹੁਣ ਪੰਜਾਬ ਵਿਚ ਸਿਸਟਮ ਦੇ ਪਰਿਵਰਤਨ ਦੀ ਰਾਜਨੀਤੀ ਖੜੇਗੀ। ਉਸ ਵਿਚ ਕਿਸਾਨ ਯੂਨੀਅਨਾਂ ਦਾ ਰੋਲ ਕੇਂਦਰੀ ਨਹੀਂ ਬਣਨਾ, ਉਸ ਵਿਚ ਰਾਜਨੀਤਿਕ ਧਿਰਾਂ ਦਾ ਰੋਲ ਕੇਂਦਰੀ ਬਣਦਾ ਹੈ ਪਰ ਸਾਡੀਆਂ ਪੁਰਾਣੀਆਂ ਰਾਜਨੀਤਿਕ ਪਾਰਟੀਆਂ ਚਾਹੇ ਉਸ ਵਿਚ ਛੋਟੀਆਂ ਚਾਹੇ ਵੱਡੀਆਂ ਪਾਰਟੀਆਂ ਹਨ, ਉਨ੍ਹਾਂ ਦੀ ਆਦਤ ਹੈ ਕਿ ਉਹ ਵੋਟ ਰਾਜਨੀਤੀ ਤੋਂ ਅੱਗੇ ਜਾ ਹੀ ਨਹੀਂ ਰਹੀਂ। ਹੁਣ ਫੇਰ ਸੰਘਰਸ਼ ਦੀ ਰਾਜਨੀਤੀ ਦਾ ਸ਼ੁਰੂ ਹੋਣਾ ਹੈ ਉਸ ਵਿਚ ਨਵੀਆਂ ਫਾਰਮੇਸ਼ਨ ਬਣਗੀਆਂ ਹੀ। ਮੈਂ ਇਹ ਨਹੀਂ ਕਹਿੰਦਾ ਕਿ ਇਥੋਂ ਜਾਂਦਿਆਂ ਹੀ ਪੰਜਾਬ ਵਿਚ ਰਾਜਨੀਤਿਕ ਪਾਰਟੀ ਬਣ ਜਾਣੀ ਹੈ। ਪਰ ਇਸ ਵਾਸਤੇ ਪਹਿਲਾਂ ਮੂਵਮੈਂਟ ਖੜ੍ਹੀਆਂ ਹੋਣਗੀਆਂ ਤੇ ਉਨ੍ਹਾਂ ਵਿਚੋਂ ਪਾਰਟੀਆਂ ਬਣਨਗੀਆਂ ਤਾਂ ਇਹ ਨਿਸਚਿਤ ਹੈ ਕਿ ਪੰਜਾਬ ਦੀ ਰਾਜਨੀਤੀ ਬਦਲਣੀ ਚਾਹੀਦੀ ਹੈ। ਇਸ ਲਹਿਰ ਦੇ ਨਾਲ ਜਿਸ ਰੂਪ ਵਿਚ ਲੋਕਾਂ ਅਤੇ ਖ਼ਾਸ ਕਰ ਕੇ ਨੌਜਵਾਨਾਂ ਵਿਚ ਜਾਗਰੂਕਤਾ ਆ ਰਹੀ ਹੈ। ਇਸ ਜਾਗਰੂਕਤਾ ਕਰ ਕੇ ਦਿਸਦਾ ਤਾਂ ਹੈ ਕਿ ਕੁੱਝ ਸੁਧਾਰਨ ਵਾਲਾ ਹੈ। ਇਸ ਲਈ ਪੰਜਾਬ ਵਿਚ ਹੱਕਾਂ ਤੇ ਮੰਗਾਂ ਨੂੰ ਲੈ ਕੇ ਪਾਰਟੀ ਬਣਾਉਣ ਦਾ ਅਧਾਰ ਤਾਂ ਬਣ ਹੀ ਗਿਆ ਹੈ।

ਬਾਕੀ ਸਫ਼ਾ 28 'ਤੇ

# ਕਿਸਾਨੀ ਅੰਦੋਲਨ ਦੇ ਸਹਿ ਨਾਇਕ

ਮਹੀਨੇ ਤੋਂ ਵੱਧ ਸਮੇਂ ਤੋਂ ਦਿੱਲੀ ਨਾਲ ਲਗਦੀਆਂ ਅੰਤਰਰਾਜੀ ਸਰਹੱਦਾਂ ਉਪਰ ਚੱਲ ਰਹੇ ਕਿਸਾਨ ਸੰਘਰਸ਼ ਨੇ ਜਿੱਥੇ ਭਾਰਤ ਦੇ ਸਿਆਸੀ ਦ੍ਰਿਸ਼ ਤੇ ਨਵੀਂ ਹਲਚਲ ਪੈਦਾ ਕੀਤੀ ਹੈ, ਉੱਥੇ ਕਈ ਨਵੀਆਂ ਸਮਾਜਿਕ, ਸੱਭਿਆਚਾਰਕ ਸਫ਼ਬੰਦੀਆਂ ਵੀ ਉਭਰ ਰਹੀਆਂ ਹਨ। ਸਾਰੇ ਜਾਣਦੇ ਹਨ ਕਿ ਭਾਰਤ ਦੀ ਪਾਰਲੀਮੈਂਟ ਵੱਲੋਂ ਪਾਸ ਕੀਤੇ ਗਏ ਨਵੇਂ ਖੇਤੀ ਕਾਨੂੰਨਾਂ ਖਿਲਾਫ਼ ਦੇਸ਼ ਦਾ ਕਿਸਾਨ ਅੰਦੋਲਨ ਕਰ ਰਿਹਾ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਇਸ ਅੰਦੋਲਨ ਦੀ ਅਗਵਾਈ ਕੀਤੀ ਹੈ। ਇਸ ਸਮੇਂ ਵੀ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਇਸ ਅੰਦੋਲਨ ਵਿਚ ਵੱਡੀ ਸ਼ਿਰਕਤ ਕਰ ਰਹੇ ਹਨ।

ਇਸ ਅੰਦੋਲਨ ਨੇ ਜੋ ਨਵੇਂ ਸੱਭਿਆਚਾਰਕ ਅਤੇ ਸਮਾਜਿਕ ਸਮੀਕਰਨ ਬਣਾਏ ਹਨ, ਉਸ ਵਿਚ ਪੰਜਾਬ ਦੀਆਂ ਨਾਮਵਰ ਹਸਤੀਆਂ, ਫਿਲਮ ਨਿਰਦੇਸ਼ਕ, ਗਾਇਕ, ਕਲਾਕਾਰ, ਲੇਖਕ, ਸਾਹਿਤਕਾਰ ਅਤੇ ਸਮਾਜਿਕ ਕਾਰਜਕਰਤਾ ਕਿਸਾਨਾਂ ਦੀ ਪਿੱਠ ਤੇ ਆ ਗਏ ਹਨ। ਇੱਥੇ ਹੀ ਬੱਸ ਨਹੀਂ ਬਹੁਤ ਸਾਰੇ ਲੋਕ ਇਸ ਅੰਦੋਲਨ ਦੇ ਮੋਹਰੀਆਂ ਵਿਚ ਸ਼ੁਮਾਰ ਹਨ। ਇਸ ਅੰਦੋਲਨ ਦੌਰਾਨ ਕੋਈ ਅਪਣੀ ਸਮਝ, ਸਮਰੱਥਾ ਅਤੇ ਸ਼ਰਧਾ ਅਨੁਸਾਰ ਯਥਾਯੋਗ ਹਿੱਸਾ ਪਾ ਰਿਹਾ ਹੈ।

## ਮੋਰਚੇ ਨੂੰ ਪੰਜਾਬ ਤੋਂ ਦਿੱਲੀ ਪਹੁੰਚਾਉਣ 'ਚ ਦੀਪ ਸਿੱਧੂ ਤੇ ਲੱਖਾ ਸਿਧਾਣਾ ਦਾ ਰੋਲ

**- ਜਸਜੀਤ ਸਿੰਘ**

ਕਿਸਾਨ ਮੋਰਚੇ ਦੀ ਸੁਰੂਆਤ ਸਭ ਤੋਂ ਪਹਿਲਾਂ ਪੰਜਾਬ ਵਿੱਚ ਹੋਈ ਅਤੇ ਕਿਸਾਨ ਜਥੇਬੰਦੀਆਂ ਨੇ ਏਕਾ ਕਰਕੇ ਇਸਦਾ ਘੇਰਾ ਹੌਲੀ ਹੌਲੀ ਵਿਸਾਲ ਕੀਤਾ। ਭਾਵੇਂ ਸੁਰੂਆਤ ਕੁੱਝ ਕਿਸਾਨੀ ਮੰਗਾਂ ਤੋਂ ਹੋਈ ਪਰ ਇਸ ਨਾਲ ਪੰਜਾਬ ਦੀ ਹੋਂਦ ਜੁੜਦੀ ਗਈ ਜਿਸਦਾ ਝੰਡਾ ਹੋਰਨਾਂ ਜਥੇਬੰਦੀਆਂ ਅਤੇ ਸਖ਼ਸ਼ੀਅਤਾਂ ਦੇ ਨਾਲ ਨਾਲ ਮੁੱਖ ਰੂਪ ਵਿੱਚ ਦੀਪ ਸਿੱਧੂ ਅਤੇ ਲੱਖੇ ਸਿਧਾਣੇ ਨੇ ਚੱਕਿਆ। ਕਿਸਾਨ ਜੱਥੇਬੰਦੀਆਂ ਦਾ ਇਹ ਮੁੱਦਾ ਅੱਜ ਵੀ ਨਹੀਂ ਹੈ ਇਸ ਵਿਚਾਰਧਾਰਾ ਕਰਕੇ ਦੀਪ ਸਿੱਧੂ ਅਤੇ ਲੱਖੇ ਸਿਧਾਣੇ ਨੇ ਸਿੱਧਾ ਕਿਸਾਨ ਜੱਥੇਬੰਦੀਆਂ ਵਿੱਚ ਸਾਮਿਲ ਹੋਣ ਦੀ ਬਜਾਏ ਉਹਨਾਂ ਦੀ ਅਗਵਾਈ ਮੰਨਦੇ ਹੋਏ ਬਾਹਰੋਂ ਪੁਰ-ਜੋਰ ਮਦਦ ਦਾ ਐਲਾਨ ਕੀਤਾ। ਉਹ ਹੁਣ ਤੱਕ ਇਹੀ ਕਹਿੰਦੇ ਅਤੇ ਕਰਦੇ ਆ ਰਹੇ ਹਨ ਕਿ ਜੋ ਕਿਸਾਨ ਜਥੇਬੰਦੀਆਂ ਫੈਸਲਾ ਕਰਨਗੀਆਂ ਉਹ ਉਸ ਨਾਲ ਸਹਿਮਤ ਹੋਣਗੇ। ਘਟਨਾਵਾਂ ਤੇਜੀ ਨਾਲ ਬਦਲਦੀਆਂ ਗਈਆਂ ਤੇ ਇਹ ਲੋਕ ਲਹਿਰ ਚੇਤ ਅਚੇਤ ਮਨ ਅੰਦਰ ਪੰਜਾਬ ਦੀ ਹੋਂਦ ਦੁਆਲੇ ਹੀ ਘੁੰਮਣ ਲੱਗੀ। ਜਿੱਥੋਂ ਤੱਕ ਬਿੱਲਾਂ ਦਾ ਸੰਬੰਧ ਹੈ ਉਸ ਸੰਬੰਧੀ ਲੋਕਾਂ ਨੇ ਫੈਸਲਾ ਕਰ ਲਿਆ ਕਿ ਬਿੱਲ ਰੱਦ ਹੋਣ। ਹੁਣ ਫੈਸਲਾਕੁਨ ਲੜਾਈ ਇਸ ਮੋੜ ਉੱਤੇ ਖੜ੍ਹ ਗਈ ਹੈ।

ਪੰਜਾਬ ਵਿੱਚ ਮੋਰਚੇ ਦਾ ਘੇਰਾ ਦਿਨੋ ਦਿਨ ਵਧਦਾ ਗਿਆ ਅਤੇ ਹਰਿਆਣਾ ਵਿੱਚ ਇਹ ਪਹਿਲਾਂ ਬਹੁਤਾ ਕਾਮਯਾਬ ਨਾ ਹੋਇਆ। ਬਾਕੀ ਭਾਰਤ ਵਿੱਚ ਵੀ ਕੁੱਝ ਕੁ ਕਿਸਾਨੀ ਜਥੇਬੰਦੀਆਂ ਤੋਂ ਬਿਨਾ ਕੋਈ ਬਹੁਤਾ ਹੁੰਗਾਰਾ ਨਾ ਮਿਲਿਆ। ਪੰਜਾਬ ਦੀਆਂ ਕਿਸਾਨੀ ਜਥੇਬੰਦੀਆਂ ਨੇ 26 ਨਵੰਬਰ ਨੂੰ ਦਿੱਲੀ ਚੱਲੋ ਦੀ ਕਾਲ ਦਿੱਤੀ ਅਤੇ ਦੀਪ ਸਿੰਘ ਸਿੱਧੂ ਤੇ ਲੱਖਾ ਸਿਧਾਣਾ ਨੇ ਵੀ ਕਿਸਾਨ ਜਥੇਬੰਦੀਆਂ ਦੀ ਹਮਾਇਤ ਕਰਦੇ ਹੋਏ ਦਿੱਲੀ ਪਹੁੰਚਣ ਦੀ ਕਾਲ ਦਿੱਤੀ। ਕਿਸਾਨ ਜੱਥੇਬੰਦੀਆਂ ਨੇ ਇਸਦੀ ਵਿਉਂਤਬੰਦੀ ਬਹੁਤ ਵਧੀਆ ਢੰਗ ਨਾਲ ਕੀਤੀ। ਟ੍ਰਾਲੀਆਂ ਬਨਾਉਣ ਤੋਂ ਲੈ ਕੇ ਲੰਬੇ ਸਮੇਂ ਲਈ ਰਾਸਨ ਪਾਣੀ ਲੈ ਕੇ ਪਿੰਡਾਂ ਵਿੱਚੋਂ ਲੋਕਾਂ ਨੂੰ ਨਾਲ ਲੈ ਕੇ ਉਹ ਤੁਰ ਪਏ।

ਕਿਸਾਨ ਜੱਥੇਬੰਦੀਆਂ ਸਮੇਤ ਇਹ ਸਭ ਦਾ ਅੰਦਾਜਾ ਸੀ ਕਿ ਭਾਰਤ ਸਰਕਾਰ ਨੇ ਹਰਿਆਣਾ ਸਰਕਾਰ ਦੀ ਮਦਦ ਨਾਲ ਲੋਕਾਂ ਨੂੰ ਪੰਜਾਬ ਦਾ ਬਾਰਡਰ ਨਹੀਂ ਲੰਘਣ ਦੇਣਾ। ਬੜੇ ਜੋਸ ਗਰੋਸ ਨਾਲ ਟ੍ਰਾਲੀਆਂ ਪਿੰਡਾਂ ਤੋਂ ਤੁਰੀਆਂ ਤੇ ਸੋਸਲ ਮੀਡੀਏ ਤੇ ਲੋਕਾਂ ਨੇ ਪੋਸਟਾਂ ਦਾ ਹੜ੍ਹ ਲੈ ਆਂਦਾ ਅਤੇ ਲੋਕਾਂ ਨੇ ਆਪਣੇ ਮਨਾਂ ਵਿੱਚ ਦਿੱਲੀ ਪਹੁੰਚਣ ਦਾ ਕਾਰਜ ਅਪਣਾ ਲਿਆ ਭਾਵੇਂ ਕਿ ਰਾਜਨੀਤਿਕ ਸੂਝ-ਬੂਝ ਰੱਖਣ ਵਾਲੇ ਤੇ ਕਿਸਾਨ ਜੱਥੇਬੰਦੀਆਂ ਆਪਣੀ ਰਣਨੀਤੀ ਪੰਜਾਬ- ਹਰਿਆਣਾ ਬਾਰਡਰ ਤੇ ਬੈਠ ਕੇ ਅਗਲੇਰੀ ਕਾਰਵਾਈ ਲਈ ਹੀ ਸੋਚ ਰਹੀਆਂ ਸਨ। ਪਰ ਲੋਕਾਂ ਨੇ ਬਾਰਡਰ ਪਾਰ ਕਰਨ ਲਈ ਪੁਲਿਸ ਨਾਲ ਬਹਿਸ-ਝੜਪਾਂ ਸੁਰੂ ਕਰ ਦਿੱਤੀਆਂ।

ਜਦੋਂ ਲੋਕ ਸੰਭੂ ਬਾਰਡਰ ਪਹੁੰਚਣ ਲੱਗੇ। ਗੁਰੂ ਦੀ ਅਜਿਹੀ ਕਲਾ ਵਰਤੀ ਕਿ ਕਿਸਾਨਾਂ ਦਾ ਹੜ੍ਹ ਸ਼ੰਭੂ ਬਾਰਡਰ ਤੋੜ ਅੱਗੇ ਵੱਧਣ ਲੱਗਾ। ਅਗਲੀਆਂ ਰੋਕਾਂ ਉੱਤੇ ਪੁਲਿਸ ਨਾਲ ਬਹਿਸ ਵਾਲੀ ਦੀਪ ਸਿੱਧੂ ਦੀ ਵੀਡੀਉ ਸਾਰੇ ਪੰਜਾਬ ਵਿੱਚ ਇਹ ਪਤਾ ਲਗਦਿਆਂ ਹੀ ਨੌਜਵਾਨਾਂ ਨੇ ਵਹੀਰਾਂ ਘੱਤ ਚਾਲੇ ਪਾ ਜਗ੍ਹਾ ਜਗ੍ਹਾ ਬਾਰਡਰ ਤੇ ਰੋਕਾਂ ਤੋੜਣੀਆਂ ਸੁਰੂ ਕੀਤੀਆਂ।



ਕਿਸਾਨ ਮੋਰਚੇ ਦੇ ਸ਼ੰਭੂ ਬਾਰਡਰ ਤੋ ਅਗਾਂਹ ਦਿੱਲੀ ਕੂਚ ਬਾਅਦ ਰਾਹ 'ਚ ਕਰਨਾਲ ਤੋਂ ਅਗਾਂਹ ਲਾਈਆਂ ਰੋਕਾਂ ਹਟਾਉਣ ਲਈ ਪੁਲੀਸ ਵਾਲਿਆਂ ਨਾਲ ਆਢਾ ਲਾਈ ਖੜ੍ਹਾ ਦੀਪ ਸਿੱਧੂ।

ਦੂਜੇ ਪਾਸੇ ਲੱਖਾ ਸਧਾਣੇ ਨੇ ਵੀ ਇਹ ਕੰਮ ਸੁਰੂ ਕਰ ਲਿਆ। ਦੀਪ ਅਤੇ ਲੱਖੇ ਨਾਲ ਉਸ ਵੇਲੇ ਬਹੁਤ ਬੰਦੇ ਨਹੀਂ ਸਨ ਪਰ ਉਹ ਪੱਕੇ ਪੈਰੀਂ ਅੱਗੇ ਵਧਦੇ ਗਏ। ਸਭ ਤੋਂ ਪਹਿਲਾਂ ਦੀਪ ਨੇ ਰੁਕਾਵਟਾਂ ਪਾਰ ਕਰਨ ਦੌਰਾਨ 27 ਦਸੰਬਰ ਦਿਨ ਚੜ੍ਹਨ ਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ ਪਹੁੰਚ ਕੇ ਰੋਕਾਂ ਪਾਰ ਕਰਨ ਵਿੱਚ ਸਹਾਈ ਹੋਣ ਲਈ ਵਾਹਿਗੁਰੂ ਦਾ ਸ਼ੁਕਰਾਨਾ ਅਤੇ ਕਿਸਾਨ ਮੋਰਚੇ ਦੀ ਸਫ਼ਲਤਾ ਲਈ ਅਰਦਾਸ ਕੀਤੀ।

ਲੱਖਾ ਸਿਧਾਣਾ ਵੀ ਸਿੰਘੂ ਬਾਰਡਰ ਪਹੁੰਚ ਗਿਆ। ਇਸ ਵੇਲੇ ਤੱਕ ਹਰਿਆਣੇ ਵਾਲੇ ਵੀ ਨਾਲ ਰਲਦੇ ਗਏ ਤੇ ਕਾਫਲੇ ਵੱਡੇ ਹੁੰਦੇ ਗਏ।

ਸਰਕਾਰ ਨੇ ਇਹ ਸੱਭ ਕੁੱਝ ਦੇਖਦੇ ਹੋਏ ਧਰਨੇ ਲਈ ਨਿਰੰਕਾਰੀਆਂ ਵਾਲੀ ਜਗ੍ਹਾ ਮੁਕਰੱਰ ਕਰ ਦਿੱਤੀ। ਇਸ ਵੇਲੇ ਲੱਖੇ ਸਿਧਾਣੇ ਦੀ ਦੂਰਅੰਦੇਸੀ ਨੇ ਕੰਮ ਕੀਤਾ। ਕਿਸਾਨ ਜਥੇਬੰਦੀਆਂ ਤੇ ਤਕਰੀਬਨ ਹਰ ਕੋਈ ਨਿਰੰਕਾਰੀਆਂ ਵਾਲੀ ਜਗ੍ਹਾ ਜਾਣ ਲਈ ਤਿਆਰ ਹੋ ਗਿਆ ।ਲੱਖਾ ਸਿਧਾਣਾ ਕਿਸਾਨ ਜੱਥੇਬੰਦੀਆਂ ਦੇ ਬਣਾਏ ਗਰੁੱਪ ਵੀ ਸੀ ਤੇ ਉੱਥੇ ਇਹ ਬਹਿਸ ਸੁਰੂ ਹੋਈ। ਲੱਖਾ ਸਿਧਾਣਾ ਇਸ ਗੱਲ ਤੇ ਸਪੱਸਟ ਸੀ ਕਿ ਦਿੱਲੀ ਅੰਦਰ ਜਾ ਕੇ ਬੈਠ ਗਏ ਤਾਂ ਸਰਕਾਰ ਨੇ ਘੇਰਾ ਪਾਈ ਰੱਖਣਾ ਤੇ ਹੌਲੀ ਹੌਲੀ ਸਖਤਾਈ ਵਧਾ ਕੇ ਮੋਰਚਾ ਕਮਜੋਰ ਕਰੀ ਜਾਣਾ ਹੈ ਤੇ ਉਹ ਕਦੇ ਵੀ ਸਰਤਾਂ ਨਹੀਂ ਮੰਨਣਗੇ। ਪਰ ਜੇ ਅਸੀਂ ਇੱਥੇ ਬੈਠੇ ਰਹਾਂਗੇ ਤਾਂ ਦਿੱਲੀ ਦੇ ਵਿਉਪਾਰ ਅਤੇ ਆਮ ਜੀਵਨ ਤੇ ਫਰਕ ਪਏਗਾ। ਦੂਜਾ ਪੂਰਾ ਦਿਨ ਇਸ ਬਹਿਸ ਦੇ ਚਲਦਿਆਂ ਫੇਰ ਕਿਸਾਨ ਜੱਥੇਬੰਦੀਆਂ ਸ਼ੰਭੂ ਬਾਰਡਰ ਤੇ ਪਹੁੰਚੀਆਂ। ਇੱਥੇ ਵੀ ਗੁਰੂ ਦੀ ਕਲਾ ਵਰਤੀ ਤੇ ਸ਼ੰਭੂ ਬਾਰਡਰ ਉਤੇ ਹੀ ਡੇਰੇ ਲਾਉਣ ਦਾ ਫੈਸਲਾ ਹੋਇਆ। ਇਸਦਾ ਕਰੈਡਿਟ ਨਿਰਸੰਦੇਹ ਲੱਖੇ ਸਿਧਾਣੇ ਨੂੰ ਜਾਂਦਾ ਹੈ।



ਕਿਸਾਨਾਂ ਵਲੋਂ ਸ਼ੰਭੂ ਬਾਡਰ ਉੱਤੇ ਪੱਕਾ ਮੋਰਚਾ ਲਾਉਣ ਬਾਅਦ ਘੋਲ ਦੀ ਸ.ਫਲਤਾ ਲਈ ਲਗਾਤਾਰ ਲੋਕਾਂ ਵਿਚਕਾਰ ਸਰਗਰਮੀ ਨਾਲ ਵਿਚਰਦਾ ਲੱਖਾ ਸਿਧਾਣਾ।

ਇਹੀ ਜਗ੍ਹਾ ਹੈ ਜਿੱਥੇ ਹੁਣ ਸਾਰੇ ਹਿੰਦੁਸਤਾਨ ਅਤੇ ਦੁਨੀਆਂ ਦੀਆਂ ਨਜਰਾਂ ਟਿਕੀਆਂ ਹੋਈਆਂ ਹਨ। ਪੰਜਾਬੀਆਂ ਦੇ ਇਸ ਜੋਸ ਕਰਕੇ ਹੀ ਹਿੰਦੁਸਤਾਨ ਦੇ ਵੱਖ ਵੱਖ ਸੂਬਿਆਂ ਵਿੱਚੋਂ ਕਿਸਾਨ ਅੰਦੋਲਨ ਉੱਠ ਖੜੇ ਹੋਏ ਹਨ ਅਤੇ ਦਿੱਲੀ ਨੂੰ ਚਾਰੇ ਪਾਸਿਉਂ ਲੋਕਾਂ ਨੂੰ ਘੇਰਿਆ ਹੋਇਆ ਹੈ। ਦੁਨੀਆਂ ਵਿੱਚ ਇਸ ਅੰਦੋਲਨ ਦੀ ਮਦਦ ਲਈ ਅਮਰੀਕਾ, ਕਨੇਡਾ, ਇੰਗਲੈਂਡ, ਅਸਟ੍ਰੇਲੀਆ ਅਤੇ ਉਹ ਸਾਰੇ ਮੁਲਕ ਜਿੱਥੇ ਸਿੱਖ ਰਹਿੰਦੇ ਹਨ ਵੱਲੋਂ ਹਜਾਰਾਂ ਦੀ ਗਿਣਤੀ ਵਿੱਚ ਮਜਾਹਰੇ ਹੋ ਰਹੇ। ਸਿੱਖਾਂ ਦੇ ਦਬਾਅ ਕਾਰਣ ਹੀ ਦੂਜੇ ਦੇਸਾਂ ਦੀਆਂ ਸਰਕਾਰਾਂ ਨੇ ਵੀ ਇਸ ਮਸਲੇ ਦੇ ਹੱਲ ਲਈ ਭਾਰਤ ਸਰਕਾਰ ਤੇ ਦਬਾਅ ਪਾਉਣਾ ਸੁਰੂ ਕੀਤਾ ਹੋਇਆ ਹੈ।

ਦੀਪ ਸਿੱਧੂ ਤੇ ਲੱਖੇ ਸਿਧਾਣੇ ਨੇ ਇੱਥੇ ਪਹੁੰਚ ਕੇ ਫਿਰ ਕਿਸਾਨ ਜੱਥੇਬੰਦੀਆਂ ਦੀ ਲੀਡਰਸ਼ਿਪ ਹੀ ਕਬੂਲੀ ਤੇ ਨਾਲ ਹੀ ਕਿਹਾ ਕਿ ਉਹ ਪਹਿਰੇਦਾਰ ਵਾਲਾ ਕੰਮ ਕਰਣਗੇ। ਜੇ ਕਿਸਾਨ ਜੱਥੇਬੰਦੀਆਂ ਸਰਕਾਰ ਨਾਲ ਮਿਲ ਕੇ ਕੁੱਝ ਅਜਿਹੇ ਫੈਸਲੇ ਕਰਣਗੀਆਂ ਜੋ ਲੋਕਾਂ ਨੂੰ ਮਨਜੂਰ ਨਹੀਂ ਤਾਂ ਉਹ ਲੋਕਾਂ ਨਾਲ ਖੜ੍ਹਣਗੇ। ਇਸ ਦੌਰਾਨ ਇਨ੍ਹਾਂ ਦੋਵਾਂ ਖ਼ਾਸ ਕਰ ਦੀਪ ਸਿੱਧੂ ਪ੍ਤੀ ਕਿਸਾਨ ਆਗੂਆਂ ਦਾ ਰਵੱਈਆ ਕੁੱਝ ਰੁੱਖਾ ਜਿਹਾ ਹੀ ਰਿਹਾ । ਦੀਪ ਨਲ ਹਾਲੇ ਵੀ ਉਹਨਾਂ ਦਾ ਹਾਲੇ ਵੀ ਬੇਗਾਨਿਆਂ ਵਾਲਾ ਸਲੂਕ ਜਾਰੀ ਹੈ ਪਰ ਲੋਕਾਂ ਦੇ ਮਨਾਂ ਵਿੱਚ ਦੀਪ ਨਾਲ ਮੋਹ ਅਤੇ ਵਿਸ਼ਵਾਸ਼ ਘਟਿਆ ਨਹੀਂ ਵਧਿਆ ਹੀ ਹੈ।

ਅੰਦੋਲਨ ਨੂੰ ਇਸ ਜਗ੍ਹਾ ਪਹੁੰਚਾਉਣ ਲਈ ਦੀਪ ਸਿੱਧੂ ਅਤੇ ਲੱਖੇ ਸਿਧਾਣੇ ਦੇ ਇਤਿਹਾਸਕ ਰੋਲ ਨੂੰ ਮਨਫੀ ਕਰਕੇ ਨਹੀਂ ਦੇਖਿਆ ਜਾ ਸਕਦਾ।

# ਫਿਲਮਾਂ ਤੋਂ ਮੁੜ ਖੇਤਾਂ ਵਲ : ਦੀਪ ਸਿੱਧੂ



- ਪ੍ਰੀਤਮ ਰੁਪਾਲ

ਦੀਪ ਸਿੱਧੂ ਅਜਿਹਾ ਨਾਮ ਹੈ ਜੋ ਕਿਸਾਨ ਅੰਦੋਲਨ ਦਾ ਹਿਰਾਵਲ ਦਸਤਾ ਬਣ ਕੇ ਚਮਕਿਆ ਹੈ। ਪੰਜਾਬ ਤੇ ਪੰਜਾਬੀਆਂ ਦੀ ਨਵੀਂ ਪੀੜ੍ਹੀ ਲਈ ਦੀਪ ਸਿੱਧੂ ਕੋਈ ਨਵਾਂ ਨਾਂ ਨਹੀਂ ਹੈ ਕਿਉਂਕਿ ਉਹ ਹਿੰਦੀ ਅਤੇ ਪੰਜਾਬੀ ਫਿਲਮਾਂ ਦਾ ਜਾਣਿਆ ਪਛਾਣਿਆ ਅਦਾਕਾਰ ਹੈ। ਇਸ ਸਮੇਂ ਉਸ ਦਾ ਨਾਮ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਹਰੇਕ ਪੰਜਾਬੀ ਦੇ ਬੁੱਲ੍ਹਾਂ ਤੇ ਹੈ।

ਦੀਪ ਸਿੱਧੂ ਨੇ ਆਪਣੇ ਫਿਲਮੀ ਜੀਵਨ ਦੀ ਸ਼ੁਰੂਆਤ ਮਾਡਲਿੰਗ ਤੋਂ ਕੀਤੀ ਜਦ ਉਸ ਨੇ ਕਿੰਗਫਿਸ਼ਰ ਮਾਡਲ ਹੰਟ ਵਿਚ ਪਹਿਲਾ ਇਨਾਮ ਜਿੱਤਿਆ। ਇਸ ਤੋਂ ਬਾਅਦ ਉਹ ਗਰਾਸਿਮ ਮਿਸਟਰ ਪਰਸਨੈਲਿਟੀ ਬਣਿਆ। 1984 ਵਿਚ ਮੁਕਤਸਰ ਵਿਚ ਜਨਮੇ ਦੀਪ ਸਿੱਧੂ ਨੇ ਕਾਨੂੰਨ ਦੇ ਵਿਸ਼ੇ ਵਿਚ ਗ੍ਰੈਜੂਏਸ਼ਨ ਕੀਤੀ ਅਤੇ ਪੜ੍ਹਾਈ ਪੂਰੀ ਕਰਨ ਮਗਰੋਂ ਵਕੀਲ ਦੇ ਤੌਰ 'ਤੇ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਸ ਨੇ ਸਹਾਰਾ ਇੰਡੀਆ ਵਿਚ ਬਤੌਰ ਕਾਨੂੰਨੀ ਸਲਾਹਕਾਰ ਨੌਕਰੀ ਕੀਤੀ। ਮਾਡਲਿੰਗ ਤੋਂ ਬਾਅਦ ਸਿੱਧੂ ਦਾ ਝੁਕਾਅ ਫਿਲਮਾਂ ਵੱਲ ਹੋ ਗਿਆ ਅਤੇ ਉਸ ਨੇ ਪੰਜਾਬੀ ਅਤੇ ਹਿੰਦੀ ਫਿਲਮਾਂ ਲਈ ਕੰਮ ਕਰਨਾ ਸ਼ੁਰੂ ਕੀਤਾ। ਭਾਵੇਂ ਉਸ ਦੀ ਪਹਿਲੀ ਫਿਲਮ 'ਰਮਤਾ ਜੋਗੀ' ਸੀ ਪਰ ਉਹ 'ਜ਼ੋਰਾ ਦਸ ਨੰਬਰੀਆ' ਤੋਂ ਬਾਅਦ ਨਾਇਕ ਬਣ ਕੇ ਉਭਰਿਆ।

ਦੀਪ ਸਿੱਧੂ ਸਿਆਸੀ ਮੰਚ ਤੇ ਉਸ ਸਮੇਂ ਉਭਰਿਆ ਜਦ ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਹ ਪਹਿਲੀ ਵਾਰ ਗੁਰਦਾਸਪੁਰ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਤੇ ਬਾਲੀਵੁੱਡ ਅਦਾਕਾਰ ਸੰਨੀ ਦਿਓਲ ਨਾਲ ਚੋਣ ਰੈਲੀਆਂ ਵਿਚ ਵਿਖਾਈ ਦਿੱਤਾ। ਉਸ ਨੇ ਸੰਨੀ ਦਿਓਲ ਦੀ ਜਿੱਤ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ। ਉਸ ਨੂੰ ਬੀਜੇਪੀ ਦਾ ਕਾਰਕੁੰਨ ਹੀ ਸਮਝਿਆ ਜਾਣ ਲੱਗਾ।

ਦੀਪ ਸਿੱਧੂ ਦਾ ਲੋਕ ਹਿਤੈਸ਼ੀ ਸੁਭਾਅ ਅਤੇ ਪੰਜਾਬੀ ਕਿਰਦਾਰ ਉਸ ਨੂੰ ਬਹੁਤ ਸਮਾਂ ਬੀਜੇਪੀ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਵਿਚ ਬੰਨ੍ਹ ਕੇ ਨਹੀਂ ਰੱਖ ਸਕਿਆ। ਦੀਪ ਸਿੱਧੂ ਦਾ ਕਹਿਣਾ ਹੈ ਕਿ ਉਸਨੇ ਕੋਵਿਡ-19 ਕਾਰਨ ਲੱਗੇ ਲਾਕਡਾਊਨ ਦੇ ਦਿਨਾਂ ਵਿਚ ਸਿੱਖ ਚਿੰਤਕ ਅਜਮੇਰ ਸਿੰਘ ਦੀਆਂ ਕਿਤਾਬਾਂ ਪੜ੍ਹੀਆਂ, ਜਿਨ੍ਹਾਂ ਨੇ ਉਸ ਦੇ ਦਿਮਾਗ ਦੇ ਕਪਾਟ ਖੋਲ੍ਹ ਦਿੱਤੇ। ਉਸ ਨੂੰ ਆਪਣੇ ਸਿੱਖ ਹੋਣ ਤੇ ਮਾਣ ਹੋਣ ਲੱਗਾ ਅਤੇ ਭਾਰਤੀ ਰਾਜਨੀਤੀ ਦੇ ਅੰਦਰਲੇ ਤਾਣੇ ਬਾਣੇ ਦੀ ਸਮਝ ਆਈ। ਉਸ ਨੇ ਲਾਕਡਾਊਨ ਦੇ ਦਿਨਾਂ ਵਿਚ ਹੀ ਰਾਜਨੀਤੀ, ਇਤਿਹਾਸ, ਅਰਥ ਸ਼ਾਸਤਰ ਅਤੇ ਸਿੱਖਿਆ ਬਾਰੇ ਆਪਣੇ ਫੇਸਬੁੱਕ ਪੇਜ਼ ਤੇ ਵੀਡੀਓ ਪਾਉਣੀਆਂ ਸ਼ੁਰੂ ਕਰ ਦਿੱਤੀਆਂ।



ਦੀਪ ਸਿੱਧੂ

ਦੀਪ ਸਿੱਧੂ ਦਾ ਲੋਕ ਪੱਖੀ ਚਿਹਰਾ ਅਸਲ ਵਿਚ ਉਸ ਸਮੇਂ ਸਾਹਮਣੇ ਆਇਆ ਜਦ ਉਸ ਨੇ ਕਿਸਾਨਾਂ ਦੇ ਅੰਦੋਲਨ ਦੇ ਹੱਕ ਵਿਚ ਆਪਣੇ ਕੁਝ ਸਾਥੀ ਕਲਾਕਾਰਾਂ ਨਾਲ ਮਿਲ ਕੇ ਸ਼ੰਭੂ ਬੈਰੀਅਰ ਤੇ ਧਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਕਿਸਾਨਾਂ ਦੇ ਦਿੱਲੀ ਮਾਰਚ ਦੇ ਸੱਦੇ ਉਤੇ ਸ਼ੰਭੂ ਬੈਰੀਅਰ ਰਾਹੀਂ ਦਿੱਲੀ ਵੱਲ ਵਧਣ ਵਿਚ ਬਹੁਤ ਸਰਗਰਮੀ ਨਾਲ ਕੰਮ ਕੀਤਾ। ਹਰਿਆਣਾ ਸਰਕਾਰ ਵਲੋਂ ਪੁਲਿਸ ਦੀ ਮਦਦ ਨਾਲ ਧੱਕੇ ਨਾਲ ਕਿਸਾਨਾਂ ਨੂੰ ਸ਼ੰਭੂ ਤੋਂ ਅਗਾਂਹ ਪਾਨੀਪਤ-ਸੋਨੀਪਤ ਦੇ ਰਾਹ 'ਚ ਰੋਕਣ ਦੀ ਯੋਜਨਾ ਨਾਕਾਮ ਕਰਨ ਵਿਚ ਦੀਪ ਸਿੱਧੂ ਦੀ ਅਹਿਮ ਭੂਮਿਕਾ ਰਹੀ।

ਕਿਸਾਨੀ ਅੰਦੋਲਨ ਕਿਹੜੀ ਕਰਵਟ ਲੈਂਦਾ ਹੈ ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਸ ਅੰਦੋਲਨ ਨੇ ਪੰਜਾਬ ਦੀ ਜਵਾਨੀ ਵਿਚ ਜਿਹੜੀ ਚੇਤਨਾ ਅਤੇ ਅਣਖ ਪੈਦਾ ਕੀਤੀ ਏ ਉਹ ਇਕ ਕ੍ਰਿਸ਼ਮਾ ਹੈ। ਇਸ ਕ੍ਰਿਸ਼ਮੇ ਵਿਚ ਦੀਪ ਸਿੱਧੂ ਵਰਗੇ ਨੌਜਵਾਨ ਆਗੂਆਂ ਦੀ ਅਹਿਮ ਭੂਮਿਕਾ ਹੈ। ਭਾਵੇਂ ਕੁਝ ਕਿਸਾਨ ਨੇਤਾ ਦੀਪ ਸਿੱਧੂ ਦੇ ਕਾਰਵਿਹਾਰ ਅਤੇ ਬਿਆਨਬਾਜ਼ੀ ਤੋਂ ਖੁਸ਼ ਨਹੀਂ ਹਨ ਪਰ ਉਸ ਨੇ ਨੌਜਵਾਨਾਂ ਵਿਚ ਉਤਸ਼ਾਹ ਪੈਦਾ ਕੀਤਾ ਹੈ। ਉਹ ਸਿਆਸੀ ਤੌਰ 'ਤੇ ਚੇਤੰਨ ਜਾਪਦਾ ਹੈ ਪਰ ਉਸ ਅੰਦਰ ਕੋਈ ਸਿਆਸੀ ਲਾਲਚ ਨਜ਼ਰ ਨਹੀਂ ਆਉਂਦਾ। ਉਹ ਆਪਣੇ ਬਿਆਨਾਂ ਅਤੇ ਵੀਡੀਓ ਵਿਚ ਮਾਰਟਿਨ ਲੂਥਰ ਕਿੰਗ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਤੁਕਾਂ ਦਾ ਜ਼ਿਕਰ ਪੂਰੀ ਬੇਬਾਕੀ ਨਾਲ ਕਰਦਾ ਹੈ। ਆਪਣੇ ਭਾਸ਼ਣਾਂ ਵਿਚ ਉਹ ਪੰਜਾਬ ਅਤੇ ਸਿੱਖ ਸੱਭਿਆਚਾਰ ਦੀ ਗੱਲ ਕਰਦਾ ਹੈ। ਨੌਜਵਾਨ ਪੀੜ੍ਹੀ ਉਸ ਦੇ ਭਾਸ਼ਣ ਤੋਂ ਬਹੁਤ ਪ੍ਰਭਾਵਿਤ ਹੋ ਰਹੀ ਹੈ। ਦੀਪ ਸਿੱਧੂ ਵਾਕਿਆ ਹੀ ਇਸ ਅੰਦੋਲਨ ਨੂੰ ਮਜ਼ਬੂਤ ਕਰਨ ਵਿਚ ਸਾਈਡ ਹੀਰੋ ਦੀ ਭੂਮਿਕਾ ਨਿਭਾਅ ਰਿਹਾ ਹੈ।

# ਮਾਲਵੇ ਦਾ ਲੋਕ ਨਾਇਕ: ਲੱਖਾ ਸਿਧਾਣਾ

ਲੋਕ ਨਾਇਕ ਅਕਸਰ ਲੋਕ ਲਹਿਰਾਂ ਵਿਚੋਂ ਪੈਦਾ ਹੁੰਦੇ ਹਨ ਤੇ ਕਈ ਵਾਰ ਚੁੱਪ ਚਪੀਤੇ ਕਿਸੇ ਧੁਨ ਉਪਰ ਚੱਲੇ ਲੋਕ ਵੀ ਇਨ੍ਹਾਂ ਲਹਿਰਾਂ ਦੀ ਅਗਵਾਈ ਕਰਦੇ ਹਨ ਅਤੇ ਆਮ ਲੋਕਾਂ ਵਿਚ ਨਾਇਕ ਦੀ ਖਿਆਤੀ ਪ੍ਰਾਪਤ ਕਰਦੇ ਹਨ। ਭਾਰਤੀ ਉਪ ਮਹਾਂਦੀਪ ਵਿਚ ਪੰਜਾਬ ਪਹਿਲਾ ਖਿੱਤਾ ਸੀ ਜਿਸ ਨੇ ਸਭ ਤੋਂ ਪਹਿਲਾਂ ਖੇਤੀ ਦਾ ਧੰਦਾ ਅਪਣਾਇਆ। ਇਹੋ ਕਾਰਨ ਹੈ ਕਿ ਖੇਤੀਬਾੜੀ ਅਤੇ ਕਿਸਾਨੀ ਨੂੰ ਲੈ ਕੇ ਇੱਥੇ ਹੀ ਸਭ ਤੋਂ ਵੱਧ ਤਜਰਬੇ ਹੋਏ ਅਤੇ ਇਥੋਂ ਹੀ ਕਿਸਾਨੀ ਦੀਆਂ ਲਹਿਰਾਂ ਉੱਠੀਆਂ। ਚੇਤਨਾ ਦੇ ਪੱਧਰ ਤੇ ਵੀ ਪੰਜਾਬ ਦਾ ਕਿਸਾਨ ਵਧੇਰੇ ਜਾਗਰੂਕ ਹੈ, ਜਦਕਿ ਜਜ਼ਬਾਤ ਦੇ ਪੱਧਰ 'ਤੇ ਇਹ ਹੋਰ ਵੀ ਵੱਧ ਸੰਵੇਦਨਸ਼ੀਲ ਹੈ।

ਲੱਖਾ ਸਿਧਾਣਾ (ਲਖਬੀਰ ਸਿੰਘ) ਮਾਲਵਾ ਖਿੱਤੇ ਦਾ ਅਜਿਹਾ ਧਰਤੀ ਪੁੱਤਰ ਹੈ ਜੋ ਆਪਣੀ ਚੜ੍ਹਦੀ ਜਵਾਨੀ ਦੇ ਦਿਨਾਂ ਤੋਂ ਬੇਇਨਸਾਫ਼ੀ ਨਾਲ ਦੋ ਚਾਰ ਹੁੰਦਾ ਆ ਰਿਹਾ ਹੈ। ਭਾਰਤ ਸਰਕਾਰ ਵਲੋਂ ਲਾਗੂ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਚੱਲ ਰਹੇ ਕਿਸਾਨੀ ਦੇ ਅੰਦੋਲਨ ਵਿਚ ਉਸ ਦੀ ਭਰਪੂਰ ਹਾਜ਼ਰੀ ਹੈ ਅਤੇ ਰੋਹਲੇ ਭਾਸ਼ਣਾਂ ਨੇ ਉਸ ਨੂੰ ਇਕ ਵਾਰ ਫਿਰ ਕੇਂਦਰੀ ਮੰਚ ਤੇ ਲੈ ਆਂਦਾ ਹੈ।

ਲਖਬੀਰ ਸਿੰਘ ਲੱਖਾ ਦਾ ਜਨਮ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਫੂਲ ਨੇੜਲੇ ਪਿੰਡ ਸਿਧਾਣਾਂ ਵਿਚ ਹੋਇਆ ਅਤੇ ਬਚਪਨ ਤੋਂ ਹੀ ਉਹ ਹੋਰ ਬੱਚਿਆਂ ਨਾਲੋਂ ਨਿਰਾਲਾ ਸੀ। ਬੜੀ ਛੇਤੀ ਖੇਡਾਂ ਵਿਚ ਨਿਪੁੰਨ ਹੋ ਗਿਆ ਤੇ ਕਬੱਡੀ ਦਾ



ਲੱਖਾ ਸਿਧਾਣਾ

ਸਿਰਕੱਢ ਖਿਡਾਰੀ ਬਣ ਗਿਆ। ਖੇਡਾਂ ਦੇ ਨਾਲ ਨਾਲ ਉਹ ਪੜ੍ਹਾਈ ਵਿਚ ਵੀ ਹੁਸ਼ਿਆਰ ਸੀ ਤੇ ਡਬਲ ਐਮ.ਏ. ਕੀਤੀ।

ਕਾਲਜ ਦੇ ਦਿਨਾਂ ਵਿਚ ਭਾਵੇਂ ਕਿਸੇ ਜਥੇਬੰਦੀ ਦਾ ਆਗੂ ਨਹੀਂ ਸੀ ਪਰ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਸਮਾਜ ਸੁਧਾਰ ਵਾਲੀਆਂ ਸਰਗਰਮੀਆਂ ਵਿੱਚ ਹਿੱਸਾ ਲੈਂਦਾ। ਯੁਵਕ ਮੇਲਿਆਂ ਜਾਂ ਸਮਾਗਮਾਂ ਦੌਰਾਨ ਅਨੁਸ਼ਾਸਨ ਦੀ ਦੇਖ ਰੇਖ ਵਲੰਟੀਅਰ ਤੌਰ ਤੇ ਹੀ ਕਰਦਾ। ਵਿਦਿਆਰਥਣਾਂ ਖਾਸ ਕਰਕੇ ਪਿੰਡਾਂ ਦੀਆਂ ਕੁੜੀਆਂ ਉਸ ਦੀ ਮੌਜੂਦਗੀ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਅਤੇ ਉਸ ਨੂੰ ਆਪਣਾ ਵੱਡਾ ਭਰਾ ਸਮਝਦੀਆਂ।

ਇਨਸਾਨ ਦੀ ਜ਼ਿੰਦਗੀ ਵਿਚ ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਉਸ ਦੀ ਜ਼ਿੰਦਗੀ ਹੀ ਨਹੀਂ ਸਗੋਂ ਸਮੁੱਚੀ ਸ਼ਖ਼ਸੀਅਤ ਦਾ ਪਾਸਾ ਪਲਟ ਦਿੰਦੀਆਂ ਹਨ। ਲਖਬੀਰ ਸਿੰਘ ਦੇ ਜੀਵਨ ਵਿਚ ਵੀ ਅਜਿਹੀ ਘਟਨਾ ਆਈ। ਰਾਮਪੁਰਾ ਫੂਲ ਕਚਹਿਰੀਆਂ ਵਿਚ ਗੋਲੀਬਾਰੀ ਦੀ ਇਸ ਘਟਨਾ ਨੇ ਲਖਬੀਰ ਸਿੰਘ ਨੂੰ ਲੱਖਾ ਬਣਾ ਦਿੱਤਾ। ਉਸ ਉਪਰ ਕਤਲ ਦਾ ਕੇਸ ਪੈ ਗਿਆ ਤੇ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿਚ ਜਾਣ ਮਗਰੋਂ ਉਸ ਦੇ ਨਾਮ ਨਾਲ ਗੈਂਗਸਟਰ ਦਾ ਵਿਸ਼ੇਸ਼ਣ ਵੀ ਲੱਗ ਗਿਆ। ਜ਼ਮਾਨਤ ਤੇ ਆਉਣ ਮਗਰੋਂ ਉਸ ਉਪਰ ਬਹੁਤ ਸਾਰੇ ਹਮਲੇ ਹੋਏ।

ਜੇਲ੍ਹ ਵਿਚ ਰਹਿੰਦਿਆਂ ਵੀ ਲੱਖੇ ਨੇ ਜੇਲ੍ਹ ਪ੍ਰਸ਼ਾਸਨ ਅਤੇ ਜੇਲ੍ਹ ਅੰਦਰਲੀ ਹਾਲਤ ਉਪਰ ਕਈ ਸਵਾਲ ਖੜ੍ਹੇ ਕੀਤੇ। ਉਸ ਨੇ ਜੇਲ੍ਹ ਦੇ ਅੰਦਰੋਂ ਹੀ ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਮੋਬਾਇਲ ਤੇ ਗੱਲ ਕੀਤੀ ਅਤੇ ਉਨ੍ਹਾਂ ਨਾਲ ਮੁਲਾਕਾਤ ਦੀ ਇੱਛਾ ਜ਼ਾਹਿਰ ਕੀਤੀ।

ਲੱਖਾ ਸਿਧਾਣਾ ਨੇ ਪੰਜਾਬੀ ਲਾਗੂ ਕਰਨ ਦਾ ਮੁੱਦਾ ਚੁੱਕਿਆ ਅਤੇ ਜੀ.ਟੀ. ਰੋਡ ਉਪਰ ਲੱਗੇ ਸਾਈਨ ਬੋਰਡਾਂ ਤੇ ਪੰਜਾਬੀ ਭਾਸ਼ਾ ਨੂੰ ਤੀਜੀ ਥਾਂ ਦੇਣ ਦੇ ਵਿਰੋਧ ਵਿਚ ਉਸ ਨੇ ਉਪਰ ਲਿਖੀ ਅੰਗਰੇਜ਼ੀ ਅਤੇ ਹਿੰਦੀ ਉਪਰ ਕਾਲਾ ਰੰਗ ਫੇਰ ਦਿੱਤਾ। ਇਸ ਤੇ ਰਾਜ ਸਰਕਾਰ ਨੇ ਉਸ ਖਿਲਾਫ਼ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਕੇਸ ਦਰਜ ਕਰ ਦਿੱਤਾ। ਉਹ ਵਾਤਾਵਰਣ ਦਾ ਮੁੱਦਾ ਵੀ ਨਾਲੋਂ ਨਾਲ ਉਠਾ ਰਿਹਾ ਹੈ।

ਸਰਕਾਰੀ ਕਾਗਜ਼ਾਂ ਜਾਂ ਪੁਲਿਸ ਰਿਕਾਰਡ ਵਿਚ ਭਾਵੇਂ ਉਹ ਗੈਂਗਸਟਰ ਹੋਵੇ ਪਰ ਲੋਕਾਂ ਵਿਚ ਉਸ ਦਾ ਪ੍ਰਭਾਵ ਨਾਇਕਾਂ ਵਾਲਾ ਹੈ। ਕਿਸਾਨ ਉਸ ਦੇ ਭਾਸ਼ਣਾਂ ਅਤੇ ਕਹਿਣੀ ਤੇ ਕਰਨੀ ਦੇ ਅਮਲ ਦੇ ਕਾਇਲ ਹਨ। ਕਿਸਾਨ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਤੇ ਯੂਨੀਅਨਾਂ ਵਿਚ ਉਸ ਨੂੰ ਸਤਿਕਾਰ ਨਾਲ ਬੁਲਾਇਆ ਜਾਂਦਾ ਹੈ। ਦਿੱਲੀ ਦੇ ਆਲੇ ਦੁਆਲੇ ਚੱਲ ਰਹੇ ਕਿਸਾਨੀ ਧਰਨਿਆਂ ਵਿਚ ਉਹ ਸਿਰਫ਼ ਹਾਜ਼ਰੀ ਹੀ ਨਹੀਂ ਦੇ ਰਿਹਾ ਸਗੋਂ ਕਿਸਾਨ ਯੂਨੀਅਨਾਂ ਦੇ ਕਾਜ ਨੂੰ ਪੂਰੀ ਤਰ੍ਹਾਂ ਸਮਰਪਿਤ ਘੋਲ ਨੂੰ ਸਫ਼ਲਤਾ ਵਲ ਲਿਜਾਣ ਲਈ ਸਰਗਰਮ ਕਾਰਜਾਂ ਵਿਚ ਸ਼ਮੂਲੀਅਤ ਅਤੇ ਧਰਨਿਆਂ ਵਾਲੀ ਥਾਂ ਦੇ ਨਿੱਤ ਦਿਨ ਦੇ ਕਾਰਜਾਂ ਦੀ ਅਗਵਾਈ ਵੀ ਕਰ ਰਿਹਾ ਹੈ।

# ਮੁਜ਼ਾਹਰਾਕਾਰੀ ਕਿਸਾਨ ਭਾਰਤ ਨੂੰ ਸਿਖਾ ਰਹੇ ਨੇ ਲੰਮਾ ਸਮਾਂ ਯਾਦ ਰਹਿਣ ਵਾਲਾ ਜ਼ਰੂਰੀ ਸਬਕ

**ਕਈ ਵਾਰ ਬਹੁਤ ਹੀ ਹਰਮਨ ਪਿਆਰੇ ਨੇਤਾਵਾਂ ਨੂੰ ਇਹ ਸੁਣਨ ਦੀ ਜ਼ਰੂਰਤ ਹੁੰਦੀ ਹੈ ਕਿ ਗਲੀਆਂ, ਕੂਚਿਆਂ ਦੀ ਆਵਾਜ਼ ਕੀ ਕਹਿ ਰਹੀ ਹੈ। ਭਾਰਤ ਦੇ ਸਭ ਤੋਂ ਵੱਧ ਤਾਕਤਵਰ ਸਿਆਸਤਦਾਨ ਹਮੇਸ਼ਾ ਫੁਰਮਾਨਾਂ ਰਾਹੀਂ ਰਾਜ ਨਹੀਂ ਕਰ ਸਕਦੇ।**

**ਦੂਰੋਂ ਨੇੜਿਓਂ ਅਮਰੀਕਾ ਵਿਸ਼ਵ ਪ੍ਰਸਿੱਧ ਅਖ਼ਬਾਰ "ਵਾਸ਼ਿੰਗਟਨ ਪੋਸਟ" ਵਲੋਂ ਕਿਸਾਨ ਅੰਦੋਲਨ ਸਬੰਧੀ ਰਿਪੋਰਟਾਂ ਅਤੇ ਪ੍ਰਤੀਕਰਮ ਛਾਪਣਾ ਬਹੁਤ ਅਹਿਮ ਗੱਲ ਹੈ। 'ਵਾਸ਼ਿੰਗਟਨ ਪੋਸਟ' ਵਿੱਚ ਕਿਸਾਨ ਅੰਦੋਲਨ ਸਬੰਧੀ ਭਾਰਤੀ ਪੱਤਰਕਾਰ ਬਰਖਾ ਦੱਤ ਅਤੇ ਕੈਨੇਡਾ ਰਹਿੰਦੀ ਭਾਰਤੀ ਮੂਲ ਦੀ ਲੇਖਿਕਾ ਰੂਪੀ ਕੌਰ ਦੇ ਮਜ਼ਮੂਨ ਇੱਥੇ ਛਾਪਣ ਦੀ ਖੁਸ਼ੀ ਲੈ ਰਹੇ ਹਾਂ**

*ਬਰਖਾ ਦੱਤ ਭਾਰਤ ਦੀ ਜਾਣੀ ਪਹਿਚਾਣੀ ਪੱਤਰਕਾਰ ਅਤੇ ਟੀਵੀ ਐਂਕਰ ਹੈ। ਉਹ ਕਾਰਗਿੱਲ ਯੁਧ ਵੇਲੇ ਸਰਹੱਦ ਤੋਂ ਸਿੱਧੀ ਰਿਪੋਰਟਿੰਗ ਕਰਨ ਤੋਂ ਇਲਾਵਾ ਨਰਿੰਦਰ ਮੋਦੀ ਦੇ ਮੁੱਖ ਮੰਤਰੀ ਹੁੰਦਿਆਂ ਹੋਏ ਮੁਸਲਮਾਨ ਵਿਰੋਧੀ ਦੰਗਿਆਂ ਅਤੇ ਮੁੰਬਈ ਦੇ 26/11ਦੇ ਅੱਤਵਾਦੀ ਹਮਲੇ ਦੀ ਮੌਕੇ ਉੱਤੇ ਪੁੱਜ ਕੇ ਬੜੀ ਬੇਬਾਕ ਰਿਪੋਰਟਿੰਗ ਕਰਨ ਕਾਰਨ ਨਾਮਣਾ ਖੱਟ ਚੁੱਕੀ ਹੈ। ਬਰਖਾ ਵਲੋਂ ਕਿਸਾਨ ਅੰਦੋਲਨ ਸਬੰਧੀ ਦੀਪ ਸਿੱਧੂ ਨਾਲ ਕੀਤੀਆਂ ਇਤਰਾਜ਼ਯੋਗ ਗੱਲਾਂ ਬਦਲੇ ਸਿੱਖ ਭਾਈਚਾਰੇ ਵਲੋਂ ਪਈਆਂ ਝਾੜਾਂ ਬੜੀਆਂ ਵਾਜਬ ਸਨ। ਪਰ ਉਸਦੀ ਹਥਲੀ ਲਿਖਤ ਕਿਸਾਨ ਅੰਦੋਲਨ ਬਾਰੇ ਕੁੱਝ ਅਹਿਮ ਪੱਖਾਂ ਨੂੰ ਉਭਾਰਦੀ ਹੈ....*



**ਬਰਖਾ ਦੱਤ**



'ਮੈਂ ਇੱਥੇ ਅੱਠ ਮਹੀਨੇ ਠਹਿਰ ਸਕਦਾ ਹਾਂ ਜੇ ਮੈਨੂੰ ਜ਼ਰੂਰਤ ਪਈ' ਇਹ ਲਫ਼ਜ਼ ਦਿੱਲੀ ਦੇ ਬਾਰਡਰ ਉਪਰ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਤਿੰਨ ਨਵੇਂ ਖੇਤੀ ਕਾਨੂੰਨਾਂ ਖਿਲਾਫ਼ ਧਰਨੇ ਤੇ ਬੈਠੇ ਲੱਖਾਂ ਕਿਸਾਨਾਂ ਵਿਚ ਸ਼ਾਮਲ ਕਰਤਾਰ ਸਿੰਘ ਨੇ ਕਹੇ। ਕਰਤਾਰ ਸਿੰਘ ਦੀ ਆਵਾਜ਼ ਵਿਚ ਪੂਰਾ ਚਾਅ ਅਤੇ ਗੜ੍ਹਕਾ ਸੀ। ਉਸ ਨੇ ਆਪਣੇ ਮੈਲੇ ਜਿਹੇ ਕੁੜਤੇ ਦੀ ਜੇਬ ਵਿਚੋਂ ਤਿੰਨ ਛੋਟੀਆਂ ਛੋਟੀਆਂ ਤਸਵੀਰਾਂ ਕੱਢੀਆਂ ਅਤੇ ਕਿਹਾ ਕਿ ਇਹ ਵੇਖੋ। ਉਸ ਨੇ ਉਤੇਜਿਤ ਹੁੰਦਿਆਂ ਕਿਹਾ, "ਇਹ ਮੇਰਾ ਪੁੱਤਰ ਹੈ, ਇਹ ਫੌਜ ਵਿਚ ਹੈ ਅਤੇ ਇਸ ਸਮੇਂ ਚੀਨ ਦੀ ਸਰਹੱਦ ਉਪਰ ਤਾਇਨਾਤ ਹੈ। ਅਸੀਂ ਇੱਥੇ ਸਾਰੇ ਦੇਸ਼ ਭਗਤ ਹਾਂ। ਅਸੀਂ ਦੇਸ਼ ਖਾਤਰ ਮਰਨ ਲਈ ਤਿਆਰ ਹਾਂ।"

ਅਰਥ ਸ਼ਾਸਤਰੀ ਜਿਨ੍ਹਾਂ ਨੂੰ ਵਿਸ਼ਵਾਸ਼ ਹੈ ਕਿ ਨਵੇਂ ਖੇਤੀ ਕਾਨੂੰਨ ਇਕ ਵੱਡਾ ਸੁਧਾਰ ਹਨ, ਦਲੀਲ ਦਿੰਦੇ ਹਨ ਕਿ ਆੜ੍ਹਤੀਏ ਲੰਮੇ ਸਮੇਂ ਤੋਂ ਭਾਰਤੀ ਕਿਸਾਨਾਂ ਅਤੇ ਮੰਡੀ ਵਿਚਕਾਰ ਵਿਚੋਲੇ ਵਾਲੀ ਭੂਮਿਕਾ ਨਿਭਾਅ ਰਹੇ ਹਨ। ਭਾਰਤ ਸਰਕਾਰ ਦਾ ਇਹ ਦਾਅਵਾ ਹੈ ਕਿ ਇਹ ਕਾਨੂੰਨ ਨੂੰ ਸਿੱਧਾ ਪ੍ਰਚੂਨ ਬਾਜ਼ਾਰ ਵਿਚ ਆਪਣੀ ਜਿਣਸ ਵੇਚਣ ਦੀ ਖੁੱਲ੍ਹ ਦੇਣਗੇ ਅਤੇ ਉਹ ਵਧੇਰੇ ਮੁਨਾਫ਼ਾ ਕਮਾਉਣਗੇ। ਕਿਸਾਨਾਂ ਦੀ ਚਿੰਤਾ ਹੈ ਕਿ ਕੀਮਤਾਂ ਅਤੇ ਮੰਗ ਦੋਵੇਂ ਹੇਠਾਂ ਆ ਜਾਣਗੀਆਂ, ਕਿਉਂਕਿ ਵੱਡੇ ਪ੍ਰਾਈਵੇਟ ਘਰਾਣੇ ਥੋਕ ਵਿਚ ਖਰੀਦ ਕਰਨਗੇ ਅਤੇ ਕਿਸਾਨ ਉਨ੍ਹਾਂ ਦੇ ਰਹਿਮੋ ਕਰਮ ਉਤੇ ਆ ਜਾਣਗੇ। ਪਰ ਕਿਸਾਨਾਂ ਵਲੋਂ ਆਰਥਿਕ ਕਾਨੂੰਨ ਖਿਲਾਫ਼ ਸ਼ੁਰੂ ਕੀਤਾ ਰੋਸ ਹੁਣ ਵਡੇਰਾ ਰੂਪ ਧਾਰਨ ਕਰ ਗਿਆ ਹੈ। ਇਸ ਨੇ ਹੋਰ ਬਹੁਤ ਸਾਰੇ ਮੁੱਦਿਆਂ ਉਪਰ ਬਹਿਸ ਛੇੜ ਦਿੱਤੀ ਹੈ ਜਿਨ੍ਹਾਂ ਵਿਚ ਸੱਭਿਆਚਾਰ, ਪਛਾਣ, ਸੰਘਵਾਦ (ਫੈਡਰਲਿਜ਼ਮ), ਜਮਹੂਰੀਅਤ ਅਤੇ ਅਸਹਿਮਤੀ ਸ਼ਾਮਲ ਹਨ। ਕਿਸਾਨਾਂ ਦਾ ਜਨ ਅੰਦੋਲਨ, ਜਿਨ੍ਹਾਂ ਵਿਚ ਬਹੁਤ ਸਾਰੇ ਪੰਜਾਬ ਅਤੇ ਹਰਿਆਣੇ ਦੇ ਸਿੱਖ ਸ਼ਾਮਲ ਹਨ, ਹੁਣ ਭਾਰਤੀ ਜਨਤਾ ਪਾਰਟੀ ਖਿਲਾਫ਼ ਨਾਗਰਿਕ ਮੁਖ ਰੋਸ ਲਹਿਰ ਬਣ ਗਿਆ ਹੈ।

ਪੰਜਾਬ ਦੇਸ਼ ਵਿਚ ਕਣਕ ਦਾ ਦੂਜਾ ਅਤੇ ਝੋਨੇ ਦਾ ਸਭ ਤੋਂ ਵੱਡਾ ਉਤਪਾਦਕ ਸੂਬਾ ਹੈ। ਪੰਜਾਬੀ ਐਕਟਰ, ਗਾਇਕ ਅਤੇ ਖਿਡਾਰੀ ਕਿਸਾਨਾਂ ਦੀ ਪਿੱਠ ਤੇ ਖੜ੍ਹੇ ਹਨ। ਕੁਝ ਵੱਡੇ ਲੇਖਕਾਂ ਅਤੇ ਖਿਡਾਰੀਆਂ ਨੇ ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਦਿੱਤੇ ਪੁਰਸਕਾਰਾਂ ਅਤੇ ਮੈਡਲ ਵਾਪਸ ਕਰ ਦਿੱਤੇ ਹਨ। ਭਾਰਤ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਜਿਨ੍ਹਾਂ ਵਿਚ ਵੱਡੇ ਮੀਡੀਆ ਅਦਾਰੇ, ਨਿਆਂਪਾਲਿਕਾ ਇਥੋਂ ਤੱਕ ਕਿ ਭਾਰਤ ਦੀਆਂ ਵਿਰੋਧੀ ਧਿਰਾਂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤਾਕਤ ਖਿਲਾਫ਼ ਆਵਾਜ਼ ਉਠਾਉਣ ਤੋਂ ਅਸਮਰੱਥ ਜਾਂ ਅਣਇੱਛੁਕ ਜਾਪਦੀਆਂ ਹਨ। ਇਸ ਤਰ੍ਹਾਂ ਮੋਦੀ ਸਰਕਾਰ ਖਿਲਾਫ਼ ਕਿਸਾਨਾਂ ਦੀ ਲਹਿਰ ਦੀ ਅਸਲੀ ਅਹਿਮੀਅਤ ਹੀ ਇਹੋ ਹੈ ਕਿ ਇਹ ਪੂਰੇ ਜੋਸ਼ ਨਾਲ ਚੱਲ ਰਹੀ ਹੈ। ਜਿਵੇਂ ਕਿ ਅੰਦੋਲਨ ਸ਼ੁਰੂ ਹੋਏ ਨੂੰ ਚਾਰ ਹਫਤੇ ਬੀਤ ਗਏ ਹਨ ਪਰ ਇਹ ਕਿਸੇ ਪਾਸਿਓਂ ਵੀ ਕਮਜ਼ੋਰ ਨਹੀਂ ਹੋਇਆ। ਦੇਸ਼ ਵਿਚ ਜਿੱਥੇ ਦੇਸ਼ ਦੀ 60 ਫੀਸਦੀ ਤੋਂ ਵੱਧ ਆਬਾਦੀ ਖੇਤਾਂ ਵਿਚ ਕੰਮ ਕਰਦੀ ਹੈ, ਭਾਰਤੀ ਕਿਸਾਨਾਂ ਦੀ ਇਖਲਾਕੀ ਸ਼ਕਤੀ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ।

ਇਸ ਤੱਥ ਦੇ ਬਾਵਜੂਦ ਕਿ ਲੋਕ ਨਵੇਂ ਕਾਨੂੰਨ ਦੀਆਂ ਗੁੰਝਲਦਾਰ ਅਤੇ ਤਕਨੀਕੀ ਦਲੀਲਾਂ ਨੂੰ ਨਹੀਂ ਸਮਝਦੇ, ਦੇਸ਼ ਭਰ ਵਿਚ ਕਿਸਾਨਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਕਿਸਾਨਾਂ ਦੇ ਧਰਨਿਆਂ ਵਾਲੀ ਜਗ੍ਹਾ ਉਤੇ ਅਚੇਤ ਸਾਂਝੀ ਜਿੰਮੇਵਾਰੀ ਨਜ਼ਰ ਆਉਂਦੀ ਹੈ। ਆਦਮੀ, ਔਰਤਾਂ ਅਤੇ ਉਨ੍ਹਾਂ ਦੇ ਬੱਚੇ ਟਰੈਕਟਰ ਟਰਾਲੀਆਂ ਵਿਚ ਯਖ਼ ਠੰਢੀਆਂ ਰਾਤਾਂ ਗੁਜ਼ਾਰ ਰਹੇ ਹਨ। ਬਹੁਤ ਸਾਰੇ ਧਰਨਾਕਾਰੀ ਬਜ਼ੁਰਗ ਟਰਾਲੀਆਂ ਦੇ ਹੇਠਾਂ ਬਜ਼ਰੀ ਅਤੇ ਮਿੱਟੀ ਉਪਰ ਸੌਣ ਲਈ ਮਜਬੂਰ ਹਨ।

ਸਿੱਖ ਧਰਮ ਦਾ ਮੂਲ ਸਿਧਾਂਤ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਜੋ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ, ਧਰਨੇ ਵਾਲੀ ਥਾਂ ਤੇ ਵੇਖਿਆ ਜਾ ਸਕਦਾ ਹੈ। ਵੱਡੇ ਲੰਗਰ ਚੱਲ ਰਹੇ ਹਨ, ਜਿੱਥੇ ਵੱਡੇ ਵੱਡੇ ਕੜਾਹਿਆਂ ਵਿਚ ਦਾਲ ਅਤੇ ਭੋਜਨ ਤਿਆਰ ਹੋ ਰਿਹਾ ਹੈ। ਰਾਤ ਭਰ ਸਬਜ਼ੀਆਂ ਕੱਟੀਆਂ ਜਾ ਰਹੀਆਂ ਹਨ ਤਾਂ ਜੋ ਦਿਨ ਚੜ੍ਹਦੇ ਤੱਕ ਧਰਨਾਕਾਰੀਆਂ ਨੂੰ ਲੰਗਰ ਵਰਤਾਇਆ ਜਾ ਸਕੇ। ਕਿਸਾਨਾਂ ਵਲੋਂ ਪੁਲਿਸ ਮੁਲਾਜ਼ਮਾਂ ਨੂੰ ਵੀ ਭੋਜਨ ਵਰਤਾਉਣ ਦੀਆਂ ਤਸਵੀਰਾਂ ਸਾਹਮਣੇ ਹਨ ਜਿਨ੍ਹਾਂ ਨੇ ਪਹਿਲਾਂ ਕਿਸਾਨਾਂ ਉਪਰ ਲਾਠੀਆਂ ਅਤੇ ਪਾਣੀ ਦੀਆਂ ਬੁਛਾੜਾਂ ਵਰਸਾਈਆਂ ਸਨ। ਮਟਰ ਕੱਢ ਰਹੇ ਇਕ ਵਲੰਟੀਅਰ ਨੇ ਦੱਸਿਆ ਕਿ ਇਹ ਤਾਂ ਸੇਵਾ ਹੈ, ਇਥੋਂ ਦੁਸ਼ਮਣ ਵੀ ਭੁੱਖਾ ਨਹੀਂ ਜਾਣਾ ਚਾਹੀਦਾ।

ਬਹੁਤ ਸਾਰੇ ਭਾਰਤੀ ਭੰਬਲਭੂਸੇ ਵਿਚ ਹਨ ਕਿ ਉਹ ਜ਼ਾਤੀ ਤੌਰ 'ਤੇ ਨਵੇਂ ਕਾਨੂੰਨਾਂ ਸਬੰਧੀ ਕਿੱਥੇ ਖੜ੍ਹੇ ਹਨ। ਪਰ ਮੁਜ਼ਾਹਰਾਕਾਰੀ ਭਾਰਤ ਵਿਚ ਫੈਸਲਾ ਲੈਣ ਦੇ ਤੌਰ ਤਰੀਕੇ ਨੂੰ ਚੁਣੌਤੀ ਦੇ ਰਹੇ ਹਨ। ਪਾਰਲੀਮੈਂਟ ਨੇ ਸਦਨ ਵਿਚ ਸ਼ੋਰ ਸ਼ਰਾਬੇ ਦੌਰਾਨ ਇਹ ਬਿਲ ਪਾਸ ਕੀਤੇ। ਵਿਰੋਧੀ ਧਿਰ ਦੀ ਇਨ੍ਹਾਂ ਬਿਲਾਂ ਨੂੰ ਪਾਰਲੀਮਾਨੀ ਕਮੇਟੀ ਕੋਲ ਭੇਜਣ ਦੀ ਮੰਗ ਰੱਦ ਕਰ ਦਿੱਤੀ ਗਈ।

ਖੇਤੀ ਬਿਲ ਵੀ ਮੋਦੀ ਸਰਕਾਰ ਦੀ ਯਥਾਸਥਿਤੀ ਨੂੰ ਤੋੜਨ ਵਾਲੀ ਸ਼ੈਲੀ ਵਿਚ ਅਚਾਨਕ ਪਾਸ ਕੀਤੇ ਗਏ। ਸਾਲ 2016 ਵਿਚ ਸਰਕਾਰ ਨੇ ਨੋਟਬੰਦੀ ਕੀਤੀ ਸੀ। ਸਾਲ 2019 ਵਿਚ ਸਰਕਾਰ ਨੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ। ਸਰਕਾਰ ਅਜਿਹੇ ਨਾਟਕੀ ਅਤੇ ਅਚਾਨਕ ਫੈਸਲਿਆਂ ਨੂੰ ਭਰੋਸੇ ਅਤੇ ਸਵੈ ਵਿਸ਼ਵਾਸ਼ ਦਾ ਸੰਕੇਤ ਸਮਝਦੀ ਹੈ। ਹੋਰਨਾਂ, ਭਾਰਤੀ ਰਿਜ਼ਰਬ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਵਰਗਿਆਂ ਨੇ ਇਸ ਨੂੰ 'ਝਟਕੇ ਦੀ ਨੀਤੀ' ਦੱਸਿਆ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕਿਸਾਨਾਂ ਦੇ ਅੰਦੋਲਨ ਦੇ ਹੱਕ ਵਿਚ ਡਟਣ ਮਗਰੋਂ ਭਾਰਤ ਅਤੇ ਕੈਨੇਡਾ ਵਿਚਕਾਰ ਸਫਾਰਤੀ ਤਣਾਅ ਵੀ ਪੈਦਾ ਹੋ ਗਿਆ ਹੈ। ਇਸ ਅੰਦੋਲਨ ਨੇ ਬਾਲੀਵੁੱਡ ਦੇ ਕਲਾਕਾਰਾਂ ਵਿਚ ਵੀ ਟਵਿੱਟਰ ਯੁੱਧ ਛੇੜ ਦਿੱਤਾ ਹੈ। ਬੀਜੇਪੀ ਦੀ ਸਮਰਥਕ ਕੰਗਣਾ ਰਣੌਤ ਅਤੇ ਗਾਇਕ ਦਿਲਜੀਤ ਦੋਸਾਂਝ ਕਿਸਾਨ ਅੰਦੋਲਨ ਉਪਰ ਟਵਿੱਟਰ ਤੇ ਬਹਿਸਬਾਜ਼ੀ ਕਰ ਰਹੇ ਹਨ।

ਇਹ ਧਰਨੇ ਧਰੁਵੀਕ੍ਰਿਤ ਅਤੇ ਤਾਰਕਿਕ ਭਾਰਤ ਲਈ ਇਕ ਸੁਨੇਹਾ ਹਨ ਕਿ ਆਮ ਰਾਇ ਦੀ ਵੀ ਕੀਮਤ ਹੁੰਦੀ ਹੈ। ਕਈ ਵਾਰ ਬਹੁਤ ਹੀ ਹਰਮਨ ਪਿਆਰੇ ਨੇਤਾਵਾਂ ਨੂੰ ਇਹ ਸੁਣਨ ਦੀ ਜ਼ਰੂਰਤ ਹੁੰਦੀ ਹੈ ਕਿ ਗਲੀਆਂ, ਕੂਚਿਆਂ ਦੀ ਆਵਾਜ਼ ਕੀ ਕਹਿ ਰਹੀ ਹੈ। ਭਾਰਤ ਦੇ ਸਭ ਤੋਂ ਵੱਧ ਤਾਕਤਵਰ ਸਿਆਸਤਦਾਨ ਹਮੇਸ਼ਾ ਫੁਰਮਾਨਾਂ ਰਾਹੀਂ ਰਾਜ ਨਹੀਂ ਕਰ ਸਕਦੇ।

# ਜਰਵਾਣਿਆਂ ਵਿਰੁੱਧ ਜੂਝਣ ਦਾ ਪੰਜਾਬੀਆਂ ਦਾ ਲੰਮਾ ਇਤਿਹਾਸ ਹੈ, ਮੋਦੀ ਕਿਸ ਬਾ.ਗ ਦੀ ਮੂਲੀ



**ਰੂਪੀ ਕੌਰ**

(ਟੋਰਾਂਟੋ ਦੀ ਰਹਿਣ ਵਾਲੀ ਲੇਖਿਕਾ ਸ਼ਾਇਰ)

'ਵਾਸ਼ਿੰਗਟਨ ਪੋਸਟ' ਵੱਲੋਂ 16 ਦਸੰਬਰ ਨੂੰ ਛਾਪਿਆ ਗਿਆ।

ਅਨੁਵਾਦ ਹਰਫ਼ਤਹਿ ਸਿੰਘ

(https://www.washingtonpost.com/opinions/2020/12/16/rupi-kaur-modi-punjab-india-farmer-protests/)

ਸਾਡੀ ਕੌਮ ਦਾ ਤਾਂ ਕੋਈ ਜਵਾਬ ਨਹੀਂ ਇਹ ਜ਼ਾਲਮਾਂ ਉੱਤੇ ਵੀ ਹੱਸਣ ਵਾਲੀ ਹੈ।

ਪੰਜਾਬੀ ਅੱਜ-ਕੱਲ੍ਹ ਕਹਿੰਦੇ ਹਨ, "ਜਦ ਦੁਨੀਆ ਜਿੱਤਣ ਤੁਰੇ ਸਿਕੰਦਰ ਨੇ ਸਾਡੇ ਉੱਤੇ ਚੜ੍ਹਾਈ ਕੀਤੀ, ਤਾਂ ਪੰਜਾਬ ਦੇ ਹੌਂਸਲੇ ਕਰਕੇ ਉਸ ਨੂੰ ਵਾਪਸ ਮੁੜਨਾ ਪਿਆ ਸੀ। ਸਿਕੰਦਰ ਦੇ ਮੁਕਾਬਲੇ ਮੋਦੀ ਕੀ ਚੀਜ਼ ਹੈ?"

ਸਿੱਖਾਂ ਲਈ ਧੱਕੇਸ਼ਾਹੀ ਦੇ ਖਿਲਾਫ ਆਵਾਜ਼ ਬੁਲੰਦ ਕਰਨੀ ਕੋਈ ਨਵੀਂ ਗੱਲ ਨਹੀਂ ਹੈ। ਅਸੀਂ 300 ਸਾਲ ਮੁਗਲ ਹਕੂਮਤ ਦੇ ਖਿਲਾਫ ਲੜੇ। ਅੰਗਰੇਜ਼ਾਂ ਦੇ ਬਸਤੀਵਾਦੀ ਸਾਮਰਾਜ ਖਿਲਾਫ ਅਸੀਂ ਗਦਰ ਲਹਿਰ ਦੇ ਰੂਪ ਵਿੱਚ ਕੈਲੀਫੋਰਨੀਆ ਦੇ ਖੇਤਾਂ ਤੋਂ ਲੈ ਕੇ ਪੰਜਾਬ ਦੇ ਪਿੰਡਾਂ ਤੱਕ ਇੱਕ ਸੰਸਾਰਕ ਲੜਾਈ ਲੜੀ। ਮੇਰੇ ਮਾਪਿਆਂ ਦੀ ਪੀੜ੍ਹੀ ਨੇ 1984 ਦਾ ਸਿੱਖ ਕਤਲੇਆਮ ਅਤੇ ਉਸ ਤੋਂ ਬਾਅਦ ਇੱਕ ਦਹਾਕੇ ਤੱਕ ਸਰਕਾਰੀ ਤੰਤਰ ਦੀ ਦਹਿਸ਼ਤ ਨੂੰ ਝੂਠੇ ਮੁਕਾਬਲਿਆਂ ਦੇ ਰੂਪ ਵਿੱਚ ਆਪਣੇ ਸਰੀਰ ਉੱਤੇ ਹੰਢਾਇਆ।

ਪੰਜਾਬ ਨਾਲ ਮੱਥਾ ਲਾਉਣ ਵਾਲੇ ਜ਼ਾਲਮਾਂ ਦੀ ਲੰਬੀ ਕਤਾਰ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਹੋਰ ਨਾਮ ਜੁੜ ਗਿਆ ਹੈ।

ਸਤੰਬਰ ਦੇ ਮਹੀਨੇ, ਨਰਿੰਦਰ ਮੋਦੀ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਦੀ ਸਰਕਾਰ ਨੇ ਬੜੀ ਫੁਰਤੀ ਦਿਖਾਉਂਦੇ ਹੋਏ ਖੇਤੀਬਾੜੀ ਨਾਲ ਸੰਬੰਧਿਤ ਤਿੰਨ ਨਵੇਂ ਕਾਨੂੰਨ ਸੰਸਦ ਵਿੱਚ ਪਾਸ ਕਰ ਦਿੱਤੇ। ਸਰਕਾਰ ਦਾ ਕਹਿਣਾ ਸੀ ਕਿ ਇਹ ਕਾਨੂੰਨ ਖੇਤੀਬਾੜੀ ਖੇਤਰ ਵਿੱਚ ਉਦਾਰਵਾਦੀ ਆਰਥਿਕ ਨੀਤੀਆਂ ਲਾਗੂ ਕਰਕੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਹਨ। ਪਰ ਕਿਸਾਨਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਮੋਦੀ ਸਰਕਾਰ ਦੇ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਵਰਗੇ ਅਰਬਪਤੀ ਸਮਰਥਕਾਂ ਨੂੰ ਖੇਤੀਬਾੜੀ ਖੇਤਰ ਦਾ ਕੰਟਰੋਲ ਸੌਂਪਣ ਦੀ ਚਾਲ ਹਨ। 25 ਨਵੰਬਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਅਤੇ ਖੇਤੀ ਕਾਮਿਆਂ ਨੇ ਪੰਜਾਬ ਤੋਂ ਰਾਜਧਾਨੀ ਨਵੀਂ ਦਿੱਲੀ ਵੱਲ ਚਾਲੇ ਪਾ ਦਿੱਤੇ। ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਇਸ ਮਾਰਚ ਨੂੰ ਗੁਆਂਢੀ ਰਾਜ ਹਰਿਆਣਾ ਦੀ ਸਰਹੱਦ ਉੱਤੇ ਹੰਝੂ ਗੈਸ, ਪਾਣੀ ਦੀਆਂ ਬੁਛਾੜਾਂ, ਲਾਠੀਚਾਰਜ ਅਤੇ ਸੜਕ ਉੱਤੇ ਨਾਕੇ ਲਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਰੋਕਾਂ ਦੇ ਬਾਵਜੂਦ, ਕਿਸਾਨ ਨਾਕਿਆਂ ਤੋਂ ਅੱਗੇ ਵਧਣ ਵਿੱਚ ਕਾਮਯਾਬ ਹੋਏ। ਹੁਣ ਸਰਦੀ ਦੀਆਂ ਲੰਬੀਆਂ ਰਾਤਾਂ ਦੀ ਸਰੀਰ ਠਾਰਨ ਵਾਲੇ ਕੜਾਕੇ ਦੀ ਠੰਢ ਦੀ ਪ੍ਰਵਾਹ ਨਾ ਕਰਦੇ ਹੋਏ ਦਸ ਲੱਖ ਦੇ ਕਰੀਬ ਕਿਸਾਨ, ਕਿਰਤੀ ਅਤੇ ਕਾਮੇ ਰਾਜਧਾਨੀ ਦਿੱਲੀ ਦੀ ਸਰਹੱਦ ਉੱਤੇ ਆਪਣੇ ਹੱਕਾਂ ਲਈ ਡੇਰੇ ਲਾ ਕੇ ਬੈਠੇ ਹਨ।

ਪੰਜਾਬ ਵਿਚਲਾ ਮੇਰਾ ਪਰਿਵਾਰ ਅਤੇ ਰਿਸ਼ਤੇਦਾਰ ਜ਼ਿਆਦਾਤਰ ਖੇਤੀ ਕਿੱਤੇ ਨਾਲ ਜੁੜੇ ਹੋਏ ਹਨ। ਹਿੰਦੁਸਤਾਨ ਦੇ ਅੱਧੇ ਤੋਂ ਵੱਧ ਕਾਮਿਆਂ ਨੂੰ ਖੇਤੀ ਤੋਂ ਰੁਜ਼ਗਾਰ ਮਿਲਦਾ ਹੈ, ਅਤੇ 85 ਫ਼ੀਸਦੀ ਕਿਸਾਨਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਮੇਰੇ ਮਾਸੀ ਜੀ, ਜੋ ਖੁਦ ਛੋਟੇ ਪੱਧਰ ਦੇ ਕਿਸਾਨ ਹਨ, ਨੇ ਕੁਝ ਹਫਤੇ ਪਹਿਲਾਂ ਸਾਡੇ ਨਾਲ ਗੱਲ ਕਰਦੇ ਕਿਹਾ, "ਉਹ ਸਾਡੇ ਕੋਲੋਂ ਸਭ ਕੁਝ ਖੋਹਣ ਦੀ ਕੋਸ਼ਿਸ਼ ਕਰ ਸਕਦੇ ਹਨ, ਉਨ੍ਹਾਂ ਨੇ ਪਹਿਲਾਂ ਵੀ ਕੀਤੀ ਹੈ।" ਆਪਣੇ ਪਿੰਡ ਵਿਚਲੇ ਇੱਕ ਰੋਸ ਮੁਜ਼ਾਹਰੇ ਵਿੱਚ ਸ਼ਾਮਿਲ ਹੋ ਕੇ ਉਹ ਅਜੇ ਘਰ ਮੁੜੇ ਹੀ ਸਨ ਜਦ ਉਨ੍ਹਾਂ ਨੇ ਇੱਕ ਹੋਰ ਗੱਲ ਆਖੀ ਕਿ, "ਸਾਡੇ ਹੌਂਸਲੇ ਹਮੇਸ਼ਾ ਬੁਲੰਦ ਰਹਿਣਗੇ।"

ਇਹ ਸਿਰਫ ਇੱਕ ਮੋਰਚਾ ਹੀ ਨਹੀਂ, ਬਲਕਿ ਪੰਜਾਬ ਅਤੇ ਪੰਜਾਬੀਆਂ ਦੀ ਚੜ੍ਹਦੀ ਕਲਾ ਨਾਲ ਜਬਰ-ਜ਼ੁਲਮ ਅਤੇ ਧੱਕੇਸ਼ਾਹੀ ਦਾ ਵਾਰ-ਵਾਰ ਟਾਕਰਾ ਕਰਨ ਦੀ ਸਮਰੱਥਾ ਅਤੇ ਜਜ਼ਬੇ ਦੀ ਮਿਸਾਲ ਹੈ ਜੋ ਅੱਜ ਅਸੀਂ ਆਪਣੇ ਅੱਖੀਂ ਵੇਖ ਰਹੇ ਹਾਂ।

ਇਸ ਮੋਰਚੇ ਵਿੱਚ ਸ਼ਾਮਿਲ ਹੋਣ ਲਈ ਨੌਜਵਾਨ ਅਤੇ ਬਜ਼ੁਰਗ ਸਾਈਕਲਾਂ ਅਤੇ ਟਰੈਕਟਰਾਂ ਰਾਹੀਂ ਸੈਂਕੜੇ ਮੀਲਾਂ ਦਾ ਸਫ਼ਰ ਕਰਕੇ ਪਹੁੰਚੇ ਹਨ। ਉਨ੍ਹਾਂ ਦੇ ਹੌਂਸਲੇ ਇੰਨੇ ਦ੍ਰਿੜ੍ਹ ਹਨ ਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਘੱਟੋ-ਘੱਟ 6 ਮਹੀਨੇ ਵੀ ਮੋਰਚੇ ਉੱਤੇ ਡਟਣ ਨੂੰ ਤਿਆਰ ਹਨ। ਇਹ ਸਾਰਿਆਂ ਦਾ ਸਾਂਝਾ ਸੰਘਰਸ਼ ਹੈ, ਇੱਕ ਸਾਂਝੀ ਲਹਿਰ ਹੈ ਜਿਸ ਵਿੱਚ ਕਿਸਾਨਾਂ ਤੋਂ ਇਲਾਵਾ ਮਜ਼ਦੂਰ, ਜ਼ਮੀਨ ਤੋਂ ਵਾਂਝੇ ਖੇਤੀ ਕਾਮੇ ਤੇ ਕਿਰਤੀ, ਅਤੇ ਦਲਿਤ ਭਾਈਚਾਰੇ ਦੇ ਲੋਕ ਵੀ ਸ਼ਾਮਿਲ ਹਨ ਜਿਨ੍ਹਾਂ ਨਾਲ ਜਾਤ-ਪਾਤ ਦੇ ਨਾਮ ਉੱਤੇ ਸਦੀਆਂ ਤੋਂ ਵਿਤਕਰਾ ਹੁੰਦਾ ਆਇਆ ਹੈ। ਇਸ ਮੋਰਚੇ ਵਿੱਚ ਔਰਤਾਂ ਵੀ ਮੂਹਰੇ ਹੋ ਕੇ ਸ਼ਮੂਲੀਅਤ ਕਰ ਰਹੀਆਂ ਹਨ। ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਜਿਹੇ ਗੁਆਂਢੀ ਰਾਜਾਂ ਤੋਂ ਵੀ ਕਿਸਾਨ ਮੋਰਚੇ ਦੇ ਹੱਕ ਵਿੱਚ ਆਏ ਹੋਏ ਹਨ। ਹੱਡ ਚੀਰਵੀਂ ਠੰਢ ਦੇ ਬਾਵਜੂਦ 7 ਤੋਂ ਲੈ ਕੇ 90 ਸਾਲ ਦੀ ਉਮਰ ਤੱਕ ਦੇ ਲੋਕ ਟਰਾਲੀਆਂ, ਟੈਂਟਾਂ ਜਾਂ ਖੁੱਲੇ ਅਸਮਾਨ ਹੇਠਾਂ ਆਰਜ਼ੀ ਬਿਸਤਰਿਆਂ ਵਿੱਚ ਰਾਤ ਗੁਜ਼ਾਰ ਰਹੇ ਹਨ। ਕੁਝ ਲੋਕਾਂ ਦੀ ਠੰਢ ਕਾਰਨ ਮੌਤ ਵੀ ਹੋ ਚੁੱਕੀ ਹੈ। ਮੋਰਚੇ ਵਿੱਚ ਹਿੱਸਾ ਲੈਣ ਵਾਲੇ ਨਿੱਤਨੇਮ ਅਤੇ ਸ਼ਬਦ ਕੀਰਤਨ ਰਾਹੀਂ ਪਰਮਾਤਮਾ ਨੂੰ ਯਾਦ ਕਰਦੇ ਹੋਏ ਆਪਣੇ ਹੌਂਸਲੇ ਕਾਇਮ ਰੱਖ ਰਹੇ ਹਨ। ਵਾਰਾਂ, ਕਵਿਤਾਵਾਂ ਅਤੇ ਲੋਕ ਗੀਤਾਂ ਰਾਹੀਂ ਵੀ ਲੋਕ ਮੋਦੀ ਸਰਕਾਰ ਅਤੇ ਧਨਾਢ ਅਰਬਪਤੀਆਂ ਖਿਲਾਫ ਆਪਣੇ ਰੋਹ ਦਾ ਇਜ਼ਹਾਰ ਕਰ ਰਹੇ ਹਨ। ਮੋਰਚੇ ਦੇ ਨੇੜਲੇ ਇਲਾਕਿਆਂ ਦੇ ਗਰੀਬ ਅਤੇ ਭੁੱਖੇ ਲੋਕਾਂ ਨੂੰ ਲੰਗਰ ਛਕਾਉਣ ਦੀ ਸੇਵਾ ਲਗਾਤਾਰ ਜਾਰੀ ਹੈ। ਲੰਗਰ ਲਈ ਲੋਕ ਸਬਜ਼ੀ ਕੱਟਣ ਤੋਂ ਲੈ ਕੇ ਬਣਾਉਣ ਤੱਕ ਦੀ ਸੇਵਾ ਇਕੱਠੇ ਕਰ ਰਹੇ ਹਨ। ਮੋਰਚੇ ਦੇ ਸੇਵਾਦਾਰਾਂ ਵੱਲੋਂ ਖ਼ੂਨਦਾਨ ਕੈਂਪ, ਜਿਮ ਅਤੇ ਕਿਤਾਬਾਂ ਵੰਡਣ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ।

ਇੱਕ ਮੁਜ਼ਾਹਰੇ ਤੋਂ ਅੱਗੇ ਵੱਧ ਕੇ ਇਹ ਮੋਰਚਾ ਇੱਕ



ਇਨਕਲਾਬ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ, ਜਿਸ ਨਾਲ ਸਰਕਾਰ ਦੀਆਂ ਜੜ੍ਹਾਂ ਹਿੱਲ ਰਹੀਆਂ ਹਨ। ਪਰ ਸਾਨੂੰ ਬਹੁਤਿਆਂ ਨੂੰ ਇਹ ਵੀ ਪਤਾ ਹੈ ਕਿ ਆਪਣੇ ਹੱਕਾਂ ਦੀ ਮੰਗ ਕਰ ਰਹੇ ਘੱਟ-ਗਿਣਤੀ ਭਾਈਚਾਰਿਆਂ ਨਾਲ ਹਕੂਮਤ ਕਿਹੋ ਜਿਹਾ ਸਲੂਕ ਕਰਦੀ ਹੈ।

ਮਨੁੱਖੀ ਅਧਿਕਾਰਾਂ ਦਾ ਘਾਣ ਪ੍ਰਧਾਨ ਮੰਤਰੀ ਮੋਦੀ ਦੇ ਰਾਜਨੀਤਕ ਸਫ਼ਰ ਦਾ ਹਿੱਸਾ ਰਹੇ ਹਨ। ਉਹ ਲੰਬੇ ਸਮੇਂ ਤੋਂ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦਾ ਹਿੱਸਾ ਹਨ, ਜਿਸ ਦਾ ਟੀਚਾ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣ ਦਾ ਹੈ। ਸੰਨ 2002 ਵਿੱਚ ਗੁਜਰਾਤ ਵਿੱਚ ਹੋਏ ਕਤਲੇਆਮ ਵਿੱਚ 2000 ਲੋਕਾਂ ਦੀ ਮੌਤ ਹੋਈ ਸੀ, ਜਿਨ੍ਹਾਂ ਵਿੱਚ ਬਹੁਤੇ ਮੁਸਲਮਾਨ ਸਨ। ਇਸ ਵੇਲੇ ਗੁਜਰਾਤ ਦੇ ਮੁੱਖ ਮੰਤਰੀ ਹੋਣ ਕਰਕੇ ਨਰਿੰਦਰ ਮੋਦੀ ਦੀ ਕਾਰਗੁਜ਼ਾਰੀ ਅਤੇ ਕਤਲੇਆਮ ਵਿਚਲੇ ਸ਼ੱਕੀ ਰੋਲ ਕਾਰਨ ਸੰਨ 2005 ਵਿੱਚ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਨੇ ਉਨ੍ਹਾਂ ਦੇ ਦਾਖਲੇ ਉੱਤੇ ਪਾਬੰਦੀ ਲਗਾ ਦਿੱਤੀ ਸੀ। ਜਦ ਕਸ਼ਮੀਰੀ ਲੋਕ ਆਪਣੇ ਹੱਕਾਂ ਦੀ ਗੱਲ ਕਰਦੇ ਹਨ, ਤਾਂ ਸਰਕਾਰ ਅਤੇ ਇਨ੍ਹਾਂ ਦਾ ਪਰਾਪੇਗੰਡਾ ਤੰਤਰ ਉਨ੍ਹਾਂ ਨੂੰ ਅੱਤਵਾਦੀ ਆਖਦਾ ਹੈ। ਜਦ ਮੁਸਲਮਾਨ ਆਵਾਜ਼ ਉਠਾਉਂਦੇ ਹਨ, ਉਹ ਦਹਿਸ਼ਤਗਰਦ ਐਲਾਨ ਕਰ ਦਿੱਤੇ ਜਾਂਦੇ ਹਨ। ਸਿੱਖਾਂ ਨਾਲ ਵੀ ਇਹੀ ਸਲੂਕ ਕੀਤਾ ਜਾਂਦਾ ਹੈ। ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਕਰਕੇ ਘੱਟ-ਗਿਣਤੀਆਂ, ਬੁੱਧੀਜੀਵੀਆਂ, ਵਿਦਿਆਰਥੀ ਲੀਡਰਾਂ ਅਤੇ ਪੱਤਰਕਾਰਾਂ ਨੂੰ ਦੇਸ਼-ਧ੍ਰੋਹੀ ਗਰਦਾਨ ਕੇ ਝੂਠੇ ਦੋਸ਼ਾਂ ਹੇਠ ਜੇਲ ਵਿੱਚ ਸੁੱਟ ਦਿੱਤਾ ਜਾਂਦਾ ਹੈ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਵੀ ਇਸ ਲਹਿਰ ਦਾ ਖੁੱਲ ਕੇ ਸਮਰਥਨ ਕਰ ਰਹੇ ਹਨ, ਤਾਂ ਕਿ ਆਪਣੇ ਹੱਕਾਂ ਲਈ ਜੂਝ ਰਹੇ ਕਿਸਾਨਾਂ ਦੀ ਆਵਾਜ਼ ਦੁਨੀਆ ਭਰ ਵਿੱਚ ਗੂੰਜੇ। 5 ਦਸੰਬਰ ਨੂੰ ਮੈਂ ਖੁਦ ਇਸ ਮੋਰਚੇ ਦੇ ਹੱਕ ਵਿੱਚ ਟੋਰਾਂਟੋ ਵਿਚਲੀ 18 ਮੀਲ ਲੰਬੀ ਕਾਰ ਰੈਲੀ ਵਿੱਚ ਹਿੱਸਾ ਲਿਆ। ਸੈਨ ਫਰਾਂਸਿਸਕੋ ਬੇਅ ਏਰੀਆ ਵਿਚਲੀ ਰੈਲੀ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਕਾਰਾਂ ਨੇ ਬੇਅ ਬਰਿੱਜ ਨੂੰ ਜਾਮ ਕਰ ਦਿੱਤਾ ਅਤੇ ਭਾਰਤੀ ਸਫਾਰਤਖਾਨੇ ਸਾਹਮਣੇ ਮੁਜ਼ਾਹਰਾ ਕੀਤਾ। ਦਿੱਲੀ ਵਿਚਲੇ ਮੋਰਚੇ ਵਿੱਚ ਸ਼ਾਮਿਲ ਸਾਡੇ ਦੋਸਤਾਂ ਅਤੇ ਰਿਸ਼ਤੇਦਾਰਾਂ ਲਈ ਅਸੀਂ ਫ਼ਿਕਰਮੰਦ ਹਾਂ। ਸਰਕਾਰ ਦੀ ਬਦਲਾਖੋਰ ਨੀਤੀ ਕਰਕੇ ਉਹ ਕਿਸਾਨਾਂ ਵਿਰੁੱਧ ਕੋਈ ਵੀ ਪੈਂਤੜਾ ਵਰਤ ਸਕਦੀ ਹੈ। ਜਦ ਸਿੱਖ ਹੋਰਨਾਂ ਲਈ ਜਾਨ ਦਿੰਦੇ ਹਨ, ਤਾਂ ਸਾਡੀ ਸ਼ਲਾਘਾ ਕੀਤੀ ਜਾਂਦੀ ਹੈ। ਪਰ ਜੇ ਅਸੀਂ ਆਪਣੇ ਹੱਕਾਂ ਦੀ ਗੱਲ ਕਰਦੇ ਹਾਂ, ਤਾਂ ਸਾਨੂੰ ਵੱਖਵਾਦੀ ਕਰਾਰ ਦਿੱਤਾ ਜਾਂਦਾ ਹੈ। ਜਦੋਂ ਦਾ ਕਿਸਾਨਾਂ ਨੇ ਦਿੱਲੀ ਮੋਰਚੇ ਵੱਲ ਕੂਚ ਕੀਤਾ ਹੈ, ਉਸੇ ਵੇਲੇ ਤੋਂ ਹਕੂਮਤ-ਪੱਖੀ ਭਾਰਤੀ ਮੀਡੀਆ ਦਾ ਇਨ੍ਹਾਂ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਦੇਸ਼-ਧ੍ਰੋਹੀ ਅਤੇ ਅੱਤਵਾਦੀ ਸਾਬਿਤ ਕਰਨ ਉੱਤੇ ਪੂਰਾ ਜ਼ੋਰ ਲੱਗਾ ਹੋਇਆ ਹੈ। ਇਸੇ ਲਈ ਹੋਰ ਵੀ ਜ਼ਰੂਰੀ ਹੈ ਕਿ ਅੰਤਰ-ਰਾਸ਼ਟਰੀ ਮੀਡੀਆ ਦੁਨੀਆ ਭਰ ਦੇ ਲੋਕਾਂ ਤੱਕ ਇਸ ਮੋਰਚੇ ਵਿੱਚ ਆਪਣੇ ਹੱਕਾਂ ਲਈ ਲੜ ਰਹੇ ਕਿਸਾਨਾਂ, ਕਿਰਤੀਆਂ, ਮਜ਼ਦੂਰਾਂ ਅਤੇ ਕਾਮਿਆਂ ਦੀ ਗੱਲ ਪਹੁੰਚਾਵੇ।

ਭਾਰਤ ਵਿੱਚ ਸਰਕਾਰ ਨਾਲ ਅਸਹਿਮਤ ਹੋਣ ਦੀ ਆਜ਼ਾਦੀ ਹੌਲੀ-ਹੌਲੀ ਖਤਮ ਹੁੰਦੀ ਜਾ ਰਹੀ ਹੈ। ਇਸ ਮੁੱਢਲੇ ਮਨੁੱਖੀ ਅਧਿਕਾਰ ਨੂੰ ਮੁੜ ਸੁਰਜੀਤ ਕਰਨ ਦੀ ਕੋਈ ਵੀ ਉਮੀਦ ਇਸ ਕਿਸਾਨ ਮੋਰਚੇ ਦੀ ਸਫਲਤਾ ਉੱਤੇ ਨਿਰਭਰ ਕਰਦੀ ਹੈ। ਸਰਕਾਰ ਨੂੰ ਪੂਰੀ ਤਰ੍ਹਾਂ ਧਨਾਢ ਅਰਬਪਤੀਆਂ ਅਤੇ ਕਾਰਪੋਰੇਸ਼ਨਾਂ ਦੇ ਅਧੀਨ ਲਿਆਉਣ ਦੀ ਕਵਾਇਦ ਦੇ ਖਿਲਾਫ ਇਹ ਲਹਿਰ ਇੱਕ ਆਖਰੀ ਲੜਾਈ ਵਾਂਗ ਹੈ। ਮੋਰਚੇ ਵਿੱਚ ਸ਼ਾਮਿਲ ਇੱਕ ਬਜ਼ੁਰਗ ਦੇ ਬੋਲ ਮੇਰੇ ਕੰਨੀਂ ਗੂੰਜ ਰਹੇ ਹਨ, "ਅਸੀਂ ਤਾਂ ਮੋਦੀ ਨਾਲੋਂ ਵੱਡੇ ਜ਼ਾਲਿਮਾਂ ਖਿਲਾਫ ਵੀ ਜੂਝੇ ਹਾਂ। ਜਦ ਤੱਕ ਸਾਡੇ ਸਾਹ ਚਲਦੇ ਹਨ, ਅਸੀਂ ਆਪਣੇ ਹੱਕਾਂ ਲਈ ਲੜਦੇ ਰਹਾਂਗੇ।"

ਚੁਣੌਤੀ ਬੜੀ ਸਪੱਸ਼ਟ ਅਤੇ ਸਾਹਮਣੇ ਨਜ਼ਰ ਆਉਂਦੀ ਹੈ

ਮੁੱਕਦੀ ਗੱਲ ਇੰਨੀ ਕੁ ਹੈ ਕਿ ਸਾਨੂੰ ਦੇਖਣਾ ਪੈਣਾ ਕਿ ਅਸੀਂ ਕੀ ਚਾਹੁੰਦੇ ਹਾਂ?

ਸਾਰੀਆਂ ਘੱਟ-ਗਿਣਤੀਆਂ ਲਈ ਅਮਨ-ਸ਼ਾਂਤੀ ਅਤੇ ਇਨਸਾਫ, ਜਾਂ ਵੱਖੋ-ਵੱਖਰੇ ਵਰਗਾਂ ਵਿੱਚ ਆਪਸੀ ਨਫਰਤ ਅਤੇ ਵੰਡ?

ਲੋਕਤੰਤਰ ਜਾਂ ਸਿਰਫ ਬਹੁਗਿਣਤੀ ਦੇ ਹੱਕ?

ਕਿਸਾਨ ਜਾਂ ਮੋਦੀ?

ਤੁਸੀਂ ਆਪਣੀ ਤਰਜੀਹ ਦੱਸੋ।

ਮੈਂ ਤਾਂ ਆਪਣਾ ਫੈਸਲਾ ਕਰ ਚੁੱਕੀ ਹਾਂ।

# ਪੰਜਾਬੀਆਂ ਦੇ ਜਗਮਗ ਕਰਦੇ ਜਜਬੇ ਨੂੰ ਸਿਜਦਾ



**ਅਵਤਾਰ ਸਿੰਘ**
**ਸੀਨੀਅਰ ਪੱਤਰਕਾਰ ਯੂ ਕੇ**

ਕਿਸੇ ਵੀ ਕੌਮ ਦੀ ਦ੍ਰਿੜਤਾ, ਦਲੇਰੀ, ਦੂਰਅੰਦੇਸ਼ੀ, ਦਿਆਲਤਾ ਅਤੇ ਪ੍ਰਤਿਭਾ ਕਿਸੇ ਵੱਡੇ ਸੰਕਟ ਵੇਲੇ ਹੀ ਦੇਖੀ ਅਤੇ ਮਹਿਸੂਸੀ ਜਾ ਸਕਦੀ ਹੈ। ਆਮ ਜਿੰਦਗੀ ਵਿੱਚ ਜਿਹੜੇ ਲੋਕ ਬਹੁਤ ਸਹਿਜ ਜੀਵਨ ਜਿਉਂਦੇ ਦੇਖੇ ਜਾਂਦੇ ਹਨ ਅਸਲ ਵਿੱਚ ਉਹ ਆਪਣੇ ਅੰਦਰ ਕਿਸ ਕਿਸਮ ਦਾ ਤੂਫਾਨ ਸਮਾਈ ਬੈਠੇ ਹੁੰਦੇ ਹਨ, ਇਸ ਗੱਲ ਦਾ ਪਤਾ ਕੌਮ ਤੇ ਪਈਆਂ ਭੀੜਾਂ ਵੇਲੇ ਹੀ ਲਗਦਾ ਹੈ। ਵੈਸੇ ਸਹਿਜ ਭਾਵ ਵਿੱਚ ਅਸੀਂ ਕੌਮ ਦੇ ਮਨਸ਼ਿਆਂ ਅਤੇ ਸੁਪਨਿਆਂ ਦਾ ਅੰਦਾਜ਼ਾ ਨਹੀ ਲਗਾ ਸਕਦੇ।

ਕਿਤਾਬਾਂ ਅਤੇ ਅਖਬਾਰਾਂ ਨਾਲ ਮੱਥਾ ਮਾਰਨ ਵਾਲੇ ਮੇਰੇ ਵਰਗੇ ਬਹੁਤ ਸਾਰੇ ਲੋਕਾਂ ਨੇ ਕਾਫੀ ਸਮਾਂ ਪਹਿਲਾਂ ਪੰਜਾਬ ਵਾਲੀ ਕਹਾਣੀ ਨੂੰ ਖਤਮ ਵਰਗਾ ਹੀ ਸਮਝ ਲਿਆ ਸੀ। ਬਾਦਲਾਂ-ਕੈਪਟਨਾਂ ਦੇ ਮੁਫਤ ਦੇ ਪਕੌੜਿਆਂ ਤੇ ਲੱਟੂ ਹੋਈ ਕੌਮ ਅਤੇ ਬੰਦੂਕਾਂ-ਸ਼ਰਾਬਾਂ ਵਾਲੇ ਗੀਤਾਂ ਉਤੇ ਥਿਰਕ ਰਹੀ ਕੌਮ ਵਿੱਚੋਂ ਅਸੀਂ ਬਹੁਤ ਜਣਿਆਂ ਨੇ ਕੌਮੀ ਜਜਬੇ ਦੇ ਖਤਮ ਹੋ ਜਾਣ ਦਾ ਭਰਮ ਪਾਲ ਲਿਆ ਸੀ। ਕਿਤਾਬਾਂ ਪੜ੍ਹਨ ਵਾਲੇ ਕੀ ਜਾਨਣ ਕਿ ਗੁਰੂ ਦੀ ਕਿਰਪਾ ਕੀ ਹੁੰਦੀ ਹੈ। ਇਹ ਕਿਰਪਾ ਕਿਸ ਉੱਤੇ ਅਤੇ ਕਿਸ ਵੇਲੇ ਹੋਣੀ ਹੈ ਇਹ ਗੁਰੂ ਹੀ ਜਾਣਦਾ ਹੁੰਦਾ ਹੈ। ਅਸੀਂ ਕਿਤਾਬਾਂ ਵਾਲਿਆਂ ਨੇ ਜਿਸ ਪੰਜਾਬ ਦੀ ਕਹਾਣੀ ਨੂੰ ਖਤਮ ਵਰਗਾ ਸਮਝ ਲਿਆ ਸੀ ਉਨ੍ਹਾਂ ਦੀ ਸਮਝ ਦਾ ਬੌਣਾਪਣ ਪੰਜਾਬ ਦੀ ਕਿਸਾਨੀ ਦੇ ਇਸ ਜ਼ੋਰਾਵਰ ਅਤੇ ਅਨੁਸ਼ਾਸ਼ਤ ਸੰਘਰਸ਼ ਦੇ ਸਾਹਮਣੇ ਬੇਨਕਾਬ ਹੋ ਗਿਆ ਹੈ।

ਇਹ ਕਿਹੜੀ ਦ੍ਰਿੜਤਾ ਅਤੇ ਪਰੇਰਨਾ ਸੀ ਜਿਸ ਨੇ ਭਾਰਤ ਸਰਕਾਰ ਦੇ ਹੰਕਾਰ ਦੇ ਸਾਰੇ ਬੈਰੀਕੇਡ ਤੋੜ ਸੁੱਟੇ। ਉਹ ਕਿਹੜੀ ਬਖਸ਼ਿਸ਼ ਸੀ ਜਿਸਨੇ ਨੇ ਪੰਜਾਬ ਤੋ ਚੱਲਣ ਵੇਲੇ ਹੀ ਨਿਸਚਾ ਭਰ ਦਿੱਤਾ ਸੀ ਕਿ ਅਸੀਂ ਜਿੱਤ ਕੇ ਹੀ ਵਾਪਸ ਆਉਣਾਂ ਹੈ। ਉਹ ਕਿਹੜੀ ਦੂਰਅੰਦੇਸ਼ੀ ਸੀ ਜਿਸਨੇ ਦੁਸ਼ਮਣ ਦੇ ਕਿਲੇ ਵਿੱਚ ਆਪ ਘਿਰਨ ਦੀ ਥਾਂ, ਦੁਸ਼ਮਣ ਨੂੰ ਘੇਰਨ ਦਾ ਫੈਸਲਾ ਕਰ ਲਿਆ। ਉਹ ਕਿਹੜੀ ਦਿਆਲਤਾ ਸੀ ਜਿਸਨੇ ਡਾਂਗਾਂ ਵਰ੍ਹਾਉਂਦੇ ਦੁਸ਼ਮਣ ਦੇ ਸਿਪਾਹੀਆਂ ਨੂੰ ਵੀ ਰੋਟੀ ਅਤੇ ਪਾਣੀ ਪੇਸ਼ ਕੀਤਾ।

ਇਹ ਵਾਕਿਆ ਹੀ ਅਗੰਮੀ ਖੇਡ ਸੀ, ਕਿ ਪੰਜਾਬੀਆਂ ਦਾ ਹਰ ਕਦਮ ਸਪਸ਼ਟ ਨਿਸ਼ਾਨੇ ਵੱਲ ਵਧਿਆ। ਕਿਸੇ ਇੱਕ ਵੀ ਜਗ੍ਹਾ ਉਨ੍ਹਾਂ ਨੇ ਨਾ ਤਾਂ ਖਤਾ ਖਾਧੀ ਅਤੇ ਨਾ ਹੀ ਗਲਤ ਫੈਸਲਾ ਲਿਆ। ਇਹ ਬਖਸ਼ਿਸ਼ ਸਿੱਖ ਇਤਿਹਾਸ ਦੇ ਕੁਝ ਵੱਡੇ ਜਰਨੈਲਾਂ ਉੱਤੇ ਹੋਈ ਸੀ ਜਿਨ੍ਹਾਂ ਦੀ ਯੋਜਨਾ ਅੱਗੇ ਘਟਨਾਵਾਂ ਵਿਛਦੀਆਂ ਚਲੇ ਜਾਂਦੀਆਂ ਸਨ। ਅੱਜ ਗੁਰੂ ਸਾਹਿਬ ਦੀ ਧਰਤੀ ਤੋਂ ਉੱਠ ਕੇ ਦਿੱਲੀ ਨਾਲ ਮੱਥਾ ਲਾਉਣ ਆਏ ਲੋਕਾਂ ਦੇ ਬੁਲੰਦ ਕਿਰਦਾਰ ਅੱਗੇ ਵੀ ਵਕਤ ਵਿਛਦਾ ਚਲਾ ਜਾ ਰਿਹਾ ਹੈ। ਕਿਸਾਨਾਂ ਦੇ ਇਸ ਸੰਘਰਸ਼ ਨੂੰ ਦੇਖ ਕੇ ਮਨ ਵਿੱਚ ਆਉਂਦਾ ਹੈ ਕਿ ਜੇ ਇਹ ਲੋਕ ਇਸ ਮੁਲਕ ਦੇ ਸ਼ਾਸਕ ਹੁੰਦੇ ਤਾਂ ਇੱਕ ਪਾਸੇ ਤਾਂ ਦੇਸ਼ ਵਿੱਚ ਕੋਈ ਭੁੱਖਾ ਨਾ ਸੌਂਦਾ ਬਲਕਿ ਗਵਾਂਢੀ ਮੁਲਕਾਂ ਤੋਂ ਵੀ ਲੋਕ ਇੱਥੇ ਖਾਣ ਲਈ ਆਉਂਦੇ। ਦੂਜਾ ਇਹ ਮੁਲਕ ਫਿਰ ਸੋਨੇ ਦੀ ਚਿੜੀ ਹੁੰਦਾ।

ਦਾਦ ਦੇਣੀ ਬਣਦੀ ਹੈ ਪੰਜਾਬੀਆਂ ਦੇ ਪਹਾੜ ਜਿੱਡੇ ਹੌਸਲੇ ਦੀ ਜਿਨ੍ਹਾਂ ਨੇ ਇੱਕੋ ਵਾਰ ਨਾਲ ਹਰਿਆਣਾਂ







ਅਤੇ ਰਾਜਸਥਾਨ ਦੇ ਲੋਕਾਂ ਵਿੱਚ ਸਤਿਕਾਰਤ ਥਾਂ ਬਣਾ ਲਈ। ਗੁਰੂ ਦੀ ਜੋਤ ਦਾ ਜਦ ਚਾਨਣ ਹੋਇਆ ਤਾਂ ਕੂੜ ਦਾ ਹਨੇਰਾ ਫਨਾਹ ਹੋ ਗਿਆ।

ਇਸ ਮੋਰਚੇ ਦੀ ਜਿਹੜੀ ਇੱਕ ਗੱਲ ਮੈਨੂੰ ਖਾਸ ਕਰਕੇ ਮੋਹ ਗਈ ਹੈ ਉਹ ਹੈ ਪੰਜਾਬ ਵਿੱਚ ਵਸਦੇ ਲੋਕਾਂ ਦੀ ਦ੍ਰਿੜਤਾ ਅਤੇ ਹੌਸਲਾ। ਜਿਸ ਹੌਸਲੇ ਨੂੰ ਅਸੀਂ ਮਰ ਮੁੱਕ ਗਿਆ ਸਮਝਦੇ ਸੀ ਉਸਦੇ ਸਾਖਸ਼ਾਤ ਦਰਸ਼ਨ ਇਸ ਕਿਸਾਨੀ ਅੰਦੋਲਨ ਵਿੱਚ ਹੋਏ।

ਇੱਕ ਵੀਰ ਜੋ ਅੰਗਹੀਣ ਹੈ ਆਪਣੀ ਤਿੰਨ ਪਹੀਆਂ ਵਾਲੀ ਸਾਇਕਲ ਤੇ ਬਿਲਗੇ ਤੋਂ ਦਿੱਲੀ ਨੂੰ ਆ ਰਿਹਾ ਸੀ। ਪੰਜਵੇਂ ਦਿਨ ਜਦੋਂ ਉਸਨੂੰ ਕਰਨਾਲ ਲਾਗੇ ਕੁਝ ਨੌਜਵਾਨਾਂ ਨੇ ਪੁੱਛਿਆ ਕਿ ਤੁਹਾਡੇ ਕੋਲ ਜਮੀਨ ਹੈ ? ਤਾਂ ਉਸਨੇ ਬਹੁਤ ਹੀ ਮਸੂਮੀਅਤ ਨਾਲ ਜਵਾਬ ਦਿੱਤਾ ਕਿ ਮੇਰੇ ਕੋਲ ਕੋਈ ਜਮੀਨ ਨਹੀ ਹੈ ਪਰ ਮੇਰੇ ਗੁਰੂ ਨੇ ਮੈਨੂੰ ਜਮੀਰ ਦੀ ਬਖਸ਼ਿਸ਼ ਕੀਤੀ ਹੈ।

ਇੱਕ ਹੋਰ ਵੀਰ ਜਿਸਦੀ ਇੱਕ ਲੱਤ ਕੱਟੀ ਹੋਈ ਹੈ ਉਹ ਵੀ ਪੰਜਾਬ ਤੋਂ ਸਾਇਕਲ ਤੇ ਹੀ ਦਿੱਲੀ ਪਹੁੰਚ ਗਿਆ ਹੈ।

ਗੁਰਦਾਸਪੁਰ ਤੋਂ 450 ਮੀਲ ਦਾ ਸਫਰ ਕਰਕੇ ਇੱਕ ਬਜ਼ੁਰਗ ਵੀ ਸਾਇਕਲ ਤੇ ਦਿੱਲੀ ਪਹੁੰਚ ਗਿਆ ਹੈ ਅਤੇ ਲੰਗਰ ਲਈ ਆਪਣੀ ਸਾਰੀ ਪੂੰਜੀ ਜੋ ਇੱਕ ਸੌ ਰੁਪਏ ਸੀ ਉਸਨੇ ਦਾਨ ਕਰ ਦਿੱਤੀ। ਏਨਾ ਵੱਡਾ ਜਿਗਰਾ ਕਿਸੇ ਗੁਰੂ ਦੀ ਬਖਸ਼ਿਸ਼ ਤੋਂ ਬਿਨਾ ਪੈਦਾ ਨਹੀ ਹੋ ਸਕਦਾ।

ਫਿਰ ਜਿਸ ਅਨੁਸ਼ਾਸ਼ਨ ਅਤੇ ਹੌਸਲੇ ਨਾਲ ਏਨੀ ਸੰਗਤ ਦੇ ਰਹਿਣ ਲਈ ਪਰਬੰਧ ਹੋ ਰਹੇ ਹਨ। ਜਿਵੇਂ ਕਿਸਾਨ ਨੌਜਵਾਨਾਂ ਨੇ ਆਪਣਾਂ ਮੀਡੀਆ ਸੈਲ ਉਸਾਰ ਲਿਆ ਹੈ, ਜਿਵੇਂ ਠੰਢ ਤੋਂ ਬਚਣ ਲਈ ਟੈਂਟ ਉਸਾਰੇ ਜਾ ਰਹੇ ਹਨ, ਕੱਪੜੇ ਧੋਣ ਲਈ ਮਸ਼ੀਨਾਂ ਆ ਗਈਆਂ ਹਨ, ਗਰਮ ਪਾਣੀ ਲਈ ਗੀਜ਼ਰ ਆ ਗਏ ਹਨ। ਆਪਸ ਵਿੱਚ ਜੁੜੇ ਰਹਿਣ ਲਈ ਇੱਕ ਅਖਬਾਰ ਵੀ ਆ ਗਿਆ ਹੈ। ਬਿਨਾ ਸ਼ੱਕ ਇਹ ਪੰਜਾਬੀਆਂ ਦੇ ਜਜਬੇ ਦੀ ਹੀ ਥਾਹ ਪਾਉਂਦੇ ਹਨ।

ਸਿਰਫ ਸੇਵਾ ਅਤੇ ਪਰਬੰਧਾਂ ਦੇ ਮਾਮਲੇ ਵਿੱਚ ਹੀ ਇਸ ਕਿਸਾਨ ਮੋਰਚੇ ਨੇ ਆਪਣਾਂ ਲੋਹਾ ਨਹੀ ਮਨਵਾਇਆ ਬਲਕਿ ਲੋਕ ਗੀਤਾਂ ਦੀ ਬਣਤਰ ਅਤੇ ਇਤਿਹਾਸ ਨਾਲ ਜੁੜੇ ਹੋਏ ਗੀਤਾਂ ਦਾ ਪਰਚਲਣ ਵੀ ਕਿਸੇ ਸੱਭਿਆਚਾਰਕ ਇਨਕਲਾਬ ਤੋਂ ਘੱਟ ਨਹੀ ਹੈ।

ਬਾਈ ਕੰਵਰ ਗਰੇਵਾਲ ਦਾ ਗੀਤ **'ਪੇਚਾ ਪੈ ਗਿਆ ਸੈਂਟਰ ਨਾਲ'** ਇਸ ਮੋਰਚੇ ਦਾ ਕੇਂਦਰੀ ਗੀਤ ਹੋ ਨਿਬੜਿਆ ਹੈ।

ਇਸੇ ਤਰ੍ਹਾਂ ਹਰਭਜਨ ਮਾਨ ਦਾ ਗੀਤ **'ਹੱਕ ਲੈਣ ਤੋਂ ਬਿਨਾ ਨਾ ਮੁੜਾਂਗੇ ਦਿੱਲੀਏ'** ਵੀ ਨੌਜਵਾਨਾਂ ਨੂੰ ਸੱਭਿਆਚਾਰਕ ਇਨਕਲਾਬ ਵੱਲ ਲੈ ਕੇ ਜਾ ਰਿਹਾ ਹੈ।

**ਰਵਿੰਦਰ ਗਰੇਵਾਲ ਦਾ ਗੀਤ**

**ਅਸੀਂ ਨੱਕੇ ਮੋੜਨ ਵਾਲੇ ਹਾਂ**, ਨੱਕ ਮੋੜਨਾ ਜਾਣਦੇ ਹਾਂ ਵੀ ਆਪਣੀ ਬਾਖੂਬ ਹਾਜਰੀ ਲਗਵਾ ਰਿਹਾ ਹੈ।

ਇਸੇ ਦੌਰਾਨ ਦੀ ਦੀਪ ਸਿੰਘ ਸੰਧੂ ਦਾ ਨਿਵੇਕਲਾ ਗੀਤ ਬਹੁਤ ਹੀ ਸਹਿਜ ਭਾਵ ਵਿੱਚ ਸਿੱਖ ਕੌਮ ਦੇ ਇਤਿਹਾਸ ਨਾਲ ਜੋੜਦਾ ਹੈ:

**ਏਨ੍ਹਾਂ ਨਾਗਾਂ ਨੂੰ ਪਰਖ ਨਾ ਜੋਗੀਆ ਵੇ**
**ਇਹ ਤਾਂ ਪੂਛ ਦੇ ਨਾਲ ਵੀ ਡੰਗ ਦੇਂਦੇ**
**ਨੀਵੇਂ ਮਨਾਂ ਵਾਲੇ ਸੁੱਚੇ ਤਨਾਂ ਵਾਲੇ**
**ਉੱਚੀ ਮੱਤ ਵਾਲੇ ਤੇਗਾਂ ਹਲਾਂ ਵਾਲੇ**
**ਜਦ ਵੀ ਉੱਠਦੇ ਵਰੋਲੇ ਧਰਤ ਪੱਧਰੀ ਚੋਂ**
**ਨੀਲੇ ਅੰਬਰ ਨੂੰ ਕੇਸਰੀ ਰੰਗ ਦੇਂਦੇ।**

ਇਸਦੇ ਨਾਲ ਹੀ ਸ਼ੋਸ਼ਲ ਮੀਡੀਆ ਉੱਤੇ ਜਿਸ ਕਿਸਮ ਦੀਆਂ ਕਵਿਤਾਵਾਂ, ਗੀਤ ਅਤੇ ਟਿੱਪਣੀਆਂ ਸਾਹਮਣੇ ਆ ਰਹੀਆਂ ਨੇ ਉਸਨੇ ਇਸ ਗੱਲ ਦਾ ਸੁਖਦ ਸੁਨੇਹਾ ਦਿੱਤਾ ਹੈ ਕਿ ਪੰਜਾਬ ਵਿੱਚ ਬੌਧਿਕ ਪ੍ਰਤਿਭਾ ਦਾ ਅਥਾਹ ਖਜ਼ਾਨਾ ਹਾਲੇ ਵੀ ਸੁਰੱਖਿਅਤ ਪਿਆ ਹੈ।

ਅੰਤ ਵਿੱਚ ਜੇ ਅਸੀਂ ਪੰਜਾਬ ਦੀ ਜਵਾਨੀ ਵਿੱਚ ਪੈਦਾ ਹੋਏ ਲੀਡਰਸ਼ਿਪ ਦੇ ਸੁਚੇ ਅਹਿਸਾਸ ਦਾ ਜਿਕਰ ਨਾ ਕਰੀਏ ਤਾਂ ਸ਼ਾਇਦ ਇਸ ਕਿਸਾਨ ਮੋਰਚੇ ਨਾਲ ਇਨਸਾਫ ਨਹੀ ਕਰ ਰਹੇ ਹੋਵਾਂਗੇ। ਬਾਈ ਲੱਖਾ ਸਿਧਾਣਾਂ ਅਤੇ ਦੀਪ ਸਿੱਧੂ ਨੇ ਜਿਸ ਜਿੰਮੇਵਾਰੀ ਨਾਲ ਇਸ ਕਿਸਾਨ ਮੋਰਚੇ ਨੂੰ ਇਸਦੀ ਅੱਜ ਵਾਲੀ ਸਥਿਤੀ ਵਿੱਚ ਲਿਆਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ ਉਸਤੋਂ ਰਾਜਨੀਤੀ ਸ਼ਾਸ਼ਤਰ ਦੇ ਵਿਦਿਆਰਥੀਆਂ ਨੂੰ ਇਹ ਅਹਿਸਾਸ ਵੀ ਹੋ ਗਿਆ ਹੈ ਕਿ ਪੰਜਾਬ ਨੂੰ ਲੁੱਟਣ ਵਾਲੇ ਕੁਝ ਪਰਵਾਰਾਂ ਤੋਂ ਬਿਨਾਂ ਵੀ ਪੰਜਾਬ ਵਿੱਚ ਸੁੱਚੀ ਲੀਡਰਸ਼ਿਪ ਦੇ ਪੂਰ ਮੌਜੂਦ ਹਨ ਜੋ ਆਪਣੀ ਮਾਂ ਧਰਤੀ ਦੇ ਸਿਰ ਤੋਂ ਖਿਸਕਦੀ ਚੁੰਨੀ ਨੂੰ ਸੰਭਾਲਣ ਦੀ ਸਮਰਥਾ ਰੱਖਦੇ ਹਨ।

**ਪੰਜਾਬੀਆਂ ਦੇ ਜਜਬੇ ਨੂੰ ਲੱਖ ਲੱਖ ਵਾਰ ਸਿਜਦਾ।**

---

**ਮੋਰਚੇ ਦੇ ਵੱਖ ਵੱਖ ਰੰਗ ਦਰਸਾਂਉਦੀ ਕਵਿਤਾ**

## ਆਵਾਜ

ਕੋਈ ਖੋਹ ਰਿਹਾ ਕੋਈ ਖਵਾ ਰਿਹਾ
ਕੋਈ ਆ ਰਿਹਾ ਕੋਈ ਜਾ ਰਿਹਾ
ਇਹ ਵਕਤ ਨੇ ਕੈਸੀ ਕਰਵਟ ਲਈ
ਕੋਈ ਛੁਪ ਰਿਹਾ ਕੋਈ ਛੁਪਾ ਰਿਹਾ
ਮੌਤ ਨੂੰ ਕਿਸਨੇ ਤਮਾਸ਼ਾ ਬਣਾ ਦਿੱਤਾ
ਕੋਈ ਰੋ ਰਿਹਾ ਕੋਈ ਰੁਆ ਰਿਹਾ
ਕੋਈ ਵਿਛਾਵੇ ਰਾਹਾਂ 'ਚ ਧੁਖਦੇ ਅੰਗਿਆਰੇ
ਦੇਖੋ ਜੇਰਾ ਕੋਈ ਨੱਚ ਰਿਹਾ ਗਾਅ ਰਿਹਾ
ਕੁਰਸੀ ਜਦ ਵੀ ਕਦੇ ਜੰਗ -ਖਾਧੀ ਹੋ ਜਾਵੇ
ਬਦਲ ਦੇਣੀ ਬਿਹਤਰ ਇਹ ਸਮਝਾ ਰਿਹਾ;
ਇਹ ਲੋਕ ਰੋਹ ਹੈ ਕੋਈ ਤਮਾਸ਼ਾ ਤਾਂ ਨਹੀਂ;
ਜੋ ਅੰਦਰੋਂ ਬੈਠਾ ਮਨ ਕੀ ਬਾਤ ਸਮਝਾ ਰਿਹਾ
ਰਾਜੇ ਸ਼ੀਂਹ ਮੁਕੱਦਮ ਕੁੱਤੇ ਘੁੰਮ ਰਹੇ;
ਇਤਿਹਾਸ ਖੁਦ ਨੂੰ ਮੁੜ ਦੁਹਰਾ ਰਿਹਾ
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ
ਅੱਜ ਕਿਰਤੀ ਬਣ ਬਾਬਾ ਨਾਨਕ ਫੇਰ ਤੈਨੂੰ ਬੁਲਾ ਰਿਹਾ।

**ਡਾ.ਸੁਖਵੀਰ ਕੌਰ ਸੁਖਨ**
7837149550

# ਕਿਸਾਨਾਂ ਵੱਲੋਂ ਦਿੱਲੀ ਦੀ ਘੇਰਾਬੰਦੀ ਲਿਆਵੇਗੀ ਵੱਡੀਆਂ ਸਿਆਸੀ ਤਬਦੀਲੀਆਂ

**ਪਰ ਹੁਣ ਸਿੱਖ ਕਿਸਾਨੀ ਖੁੱਲਮ-ਖੁੱਲੀ ਸਿਆਸੀ ਲੜਾਈ ਨਹੀਂ ਬਲਕਿ ਦੇਸ਼-ਵਿਆਪੀ ਖੇਤੀ ਮੰਗਾਂ ਦੀ ਪ੍ਰਾਪਤੀ ਦੀ ਲੜਾਈ ਲੜ ਰਹੀ ਹੈ। ਫਿਰਕੂ ਰੰਗਤ ਦੇ ਕੇ ਉਸਨੂੰ ਅਲੱਗ-ਥਲੱਗ ਨਹੀਂ ਕੀਤਾ ਜਾ ਸਕਦਾ। ਸਿੱਖ ਕਿਸਾਨ, ਹੁਣ ਦੇਸ਼ ਦੀ ਕਿਸਾਨੀ ਦੀ ਅਗਵਾਈ ਕਰ ਰਿਹਾ। 18ਵੀਂ ਸਦੀ ਵਾਂਗ ਸਿੱਖ ਕਿਸਾਨੀ ਸਮੁਚੀ ਲੁਕਾਈ ਦੇ ਮਾਨ-ਸਨਮਾਨ ਨਾਲ ਜਿਉਣ ਦੇ ਸੰਘਰਸ਼ ਦੇ ਮੁਹਰਲੇ ਦਸਤੇ ਵਜੋਂ ਉਤਰ ਆਈ ਹੈ। ਇਸ ਕਰਕੇ, 'ਸਰਬਤ ਦੇ ਭਲੇ' ਵਾਲੀ ਸਿੱਖੀ ਸਪਿਰਟ ਇਸ ਘੋਲ ਦਾ ਪ੍ਰੇਰਣਾ ਸਰੋਤ ਹੈ ਅਤੇ ਜ਼ਾਲਮ ਨਾਲ ਲੋਹਾ ਲੈਣ ਦੀ ਸਿੱਖ ਪਰੰਪਰਾਂ ਸਿੱਖ ਕਿਸਾਨੀ ਨੂੰ ਨੈਤਿਕ/ਇਖਲਾਕੀ ਬਲ ਦੇ ਰਹੀ ਹੈ। ਉਹ ਦਿੱਲੀ ਨੂੰ 19ਵੀਂ ਵਾਰ "ਈਨ ਮਨਾਉਣ" ਦੇ ਸੁਪਨੇ ਲੈਂਦੇ ਠੰਡੀਆਂ ਰਾਤਾਂ ਤੋਂ ਬੇਪਰਵਾਹ ਕਿਸਾਨ ਪੋਹ ਮਹੀਨੇ ਵਿਚ ਵਾਪਰੇ ਚਮਕੌਰ ਦੀ ਗੜ੍ਹੀ ਦੇ ਸਾਕੇ ਅਤੇ ਸ਼ਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ ਦੇ ਭਾਵਕ-ਮੰਡਲ ਵਿੱਚ ਗੋਤੇ ਲਾ ਰਹੇ ਹਨ।**



**ਜਸਪਾਲ ਸਿੰਘ ਸਿੱਧੂ**
**ਸੀਨੀਅਰ ਪੱਤਰਕਾਰ, 7589123982**

26 ਨਵੰਬਰ ਤੋਂ ਲੱਖਾਂ ਕਿਸਾਨ ਦਿੱਲੀ ਰਾਜਧਾਨੀ ਦੀ ਘੇਰਾਬੰਦੀ ਕਰੀ ਬੈਠੇ ਹਨ। ਇਸ ਘੇਰਾਬੰਦੀ ਦੀ ਅਗਵਾਈ ਪੰਜਾਬ ਦੇ ਕਿਸਾਨਾਂ ਨੇ ਕੀਤੀ ਜਦੋਂ ਟਰੈਕਟਰ-ਟਰਾਲੀਆਂ ਉੱਤੇ ਸਵਾਰ ਕਾਫ਼ਲਿਆਂ ਨੇ ਹਰਿਆਣਾ ਪੁਲਿਸ ਦੀ ਨਾਕਾਬੰਦੀ ਨੂੰ ਤੋੜਦੇ ਦਿੱਲੀ ਦੇ ਸਿੰਘੂ ਅਤੇ ਟੀਕਰੀ ਬਾਰਡਰਾਂ ਉੱਤੇ ਜਾ ਪਹੁੰਚੇ। ਹਰਿਆਣੇ ਦੇ ਕਿਸਾਨਾਂ ਨੇ ਵੀ ਭਰਵਾਂ ਸਾਥ ਦਿੱਤਾ। ਅਸਲ ਵਿੱਚ ਸਾਲ 1966 ਦੀ ਵੰਡ ਤੋਂ ਪਹਿਲਾਂ ਵਾਲਾ ਭਾਰਤੀ ਪੰਜਾਬ ਕਿਸਾਨੀ ਸੰਘਰਸ਼ ਵਿੱਚ ਸ਼ਾਮਿਲ ਹੈ। ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨ ਵੀ ਦਿੱਲੀ ਦੇ ਬਾਰਡਰਾਂ ਉੱਤੇ ਪਹੁੰਚ ਗਏ ਹਨ।

ਕੜਕਦੀ ਠੰਡ ਵਾਲੀਆਂ ਪੋਹ ਦੀ ਰਾਤਾਂ ਕਿਸਾਨ ਸੜਕਾਂ ਉੱਤੇ ਖੁਲ੍ਹੇ ਆਸਮਾਨ ਥੱਲੇ ਲੰਘਾ ਕੇ, ਆਪਣੇ ਸਬਰ-ਸੰਤੋਖ ਅਤੇ ਪਹਾੜਾਂ ਜਿਹੀ ਦ੍ਰਿੜਤਾ ਦਾ ਪ੍ਰਤੱਖ ਸਬੂਤ ਦੇ ਰਹੇ ਹਨ। ਉਹਨਾਂ ਦਾ ਆਰ-ਪਾਰ ਦੀ ਲੜਾਈ ਲੜਨ ਦਾ ਸਿਰੜ ਪਿਛਲੇ 70 ਸਾਲਾਂ ਤੋਂ ਆਮ ਲੋਕਾਂ ਦੇ ਮਨਾਂ ਵਿੱਚ ਇਸ ਲੋਕ ਰੋਹ ਨੂੰ ਗੈਰ-ਵਾਜਬ ਵਜੋਂ ਪੇਸ਼ ਕਰਨ ਲਈ ਵਰਤੇ ਸਾਰੇ ਸਰਕਾਰੀ ਹੱਥਕੰਡੇ ਹੁਣ ਤੱਕ ਅਸਫਲ ਹੋ ਗਏ ਹਨ। ਪਹਿਲਾਂ ਸ਼ਾਂਤਮਈ ਕਿਸਾਨ ਮੋਰਚੇ ਨੂੰ 'ਖਾਲਿਸਤਾਨੀ' 'ਅੱਤਵਾਦੀ/ਵੱਖਵਾਦੀ' ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਅਤੇ ਫੇਰ ਸਰਕਾਰੀ ਬੁਲਾਰਿਆਂ ਨੇ ਸੰਘਰਸ਼ ਨੂੰ ਨਕਸਲਵਾਦੀ/ਮਾਓਵਾਦੀ ਅਤੇ 'ਪਾਕਿਸਤਾਨ ਅਤੇ ਚੀਨ' ਵੱਲੋਂ ਪ੍ਰੇਰਤ ਕਿਹਾ।

ਕਿਉਂਕਿ ਕਿਸਾਨ ਮੋਰਚੇ ਵਿੱਚ ਵੱਡੀ ਸਮੂਲੀਅਤ ਸਿੱਖ ਕਿਸਾਨੀ ਦੀ ਹੈ ਜਿਸ ਕਰਕੇ ਦਿੱਲੀ ਦਰਬਾਰ ਨੇ 1980ਵਿਆਂ ਵਾਲੇ ਹੱਥਕੰਡੇ ਜ਼ਿਆਦਾ ਵਰਤਣ ਦੀ ਕੋਸ਼ਿਸ਼ ਕੀਤੀ। ਪਰ ਉਸ ਸਮੇਂ ਪੰਜਾਬ ਦੇ ਬਹੁਗਿਣਤੀ ਸਿੱਖ ਕਿਸਾਨ 'ਨਿਰੋਲ ਸਿੱਖ ਸਿਆਸਤ' ਦੀ ਲੜਾਈ ਵਿੱਚ ਸ਼ਾਮਿਲ ਸਨ ਅਤੇ 1947 ਵਿੱਚ ਖੁੱਸੇ 'ਸਿੱਖ ਰਾਜਨੀਤਿਕ ਹੱਕ-ਹਕੂਕ' ਦੀ ਮੁੜ-ਪ੍ਰਾਪਤੀ ਲਈ ਜਦੋ-ਜਹਿਦ ਕਰ ਰਹੇ ਸਨ। ਜਿਸ ਕਰਕੇ, ਦਿੱਲੀ ਦੇ ਹਾਕਮ ਨੇ ਘੱਟ-ਗਿਣਤੀ ਸਿੱਖ ਭਾਈਚਾਰੇ ਨੂੰ ਦੇਸ਼ ਦੀ ਬਹੁਗਿਣਤੀ ਤੋਂ ਅਲੱਗ-ਥਲੱਗ ਕਰਕੇ, ਇਕੱਲੇ ਬਾਹਰ ਕੱਢ ਕੇ ਕੁਚਲਣ ਵਿੱਚ ਕਾਮਯਾਬ ਹੋ ਗਏ ਸਨ। ਅਸਲ ਵਿੱਚ 1980ਵਿਆਂ ਦੇ ਦਿਨਾਂ ਵਿੱਚ ਸਿੱਖ ਲਹਿਰ ਦੀ ਲੀਡਰਸ਼ਿਪ ਵੀ ਸਮੇਂ ਦੀ ਹਾਣੀ ਨਹੀਂ ਸੀ ਅਤੇ ਰਾਜਤੰਤਰ ਦੀ ਬਰੀਕ ਪੇਚੀਦਗੀਆਂ ਨੂੰ ਸਮਝਣ ਤੋਂ ਅਸਮਰਥ ਰਹੀ।

ਪਰ ਹੁਣ ਸਿੱਖ ਕਿਸਾਨੀ ਖੁੱਲਮ-ਖੁੱਲੀ ਸਿਆਸੀ ਲੜਾਈ ਨਹੀਂ ਬਲਕਿ ਦੇਸ਼-ਵਿਆਪੀ ਖੇਤੀ ਮੰਗਾਂ ਦੀ ਪ੍ਰਾਪਤੀ ਦੀ ਲੜਾਈ ਲੜ ਰਹੀ ਹੈ। ਫਿਰਕੂ ਰੰਗਤ ਦੇ ਕੇ ਉਸਨੂੰ ਅਲੱਗ-ਥਲੱਗ ਨਹੀਂ ਕੀਤਾ ਜਾ ਸਕਦਾ। ਸਿੱਖ ਕਿਸਾਨ, ਹੁਣ ਦੇਸ਼ ਦੀ ਕਿਸਾਨੀ ਦੀ ਅਗਵਾਈ ਕਰ ਰਿਹਾ। 18ਵੀਂ ਸਦੀ ਵਾਂਗ ਸਿੱਖ ਕਿਸਾਨੀ ਸਮੁਚੀ ਲੁਕਾਈ ਦੇ ਮਾਨ-ਸਨਮਾਨ ਨਾਲ ਜਿਉਣ ਦੇ ਸੰਘਰਸ਼ ਦੇ ਮੁਹਰਲੇ ਦਸਤੇ ਵਜੋਂ ਉਤਰ ਆਈ ਹੈ। ਇਸ ਕਰਕੇ, 'ਸਰਬਤ ਦੇ ਭਲੇ' ਵਾਲੀ ਸਿੱਖੀ ਸਪਿਰਟ ਇਸ ਘੋਲ ਦਾ ਪ੍ਰੇਰਣਾ ਸਰੋਤ ਹੈ ਅਤੇ ਜ਼ਾਲਮ ਨਾਲ ਲੋਹਾ ਲੈਣ ਦੀ ਸਿੱਖ ਪਰੰਪਰਾਂ ਸਿੱਖ ਕਿਸਾਨੀ ਨੂੰ ਨੈਤਿਕ/ਇਖਲਾਕੀ ਬਲ ਦੇ ਰਹੀ ਹੈ। ਉਹ ਦਿੱਲੀ ਨੂੰ 19ਵੀਂ ਵਾਰ "ਈਨ ਮਨਾਉਣ" ਦੇ ਸੁਪਨੇ ਲੈਂਦੇ ਠੰਡੀਆਂ ਰਾਤਾਂ ਤੋਂ ਬੇਪਰਵਾਹ ਕਿਸਾਨ ਪੋਹ ਮਹੀਨੇ ਵਿਚ ਵਾਪਰੇ ਚਮਕੌਰ ਦੀ ਗੜ੍ਹੀ ਦੇ ਸਾਕੇ ਅਤੇ ਸ਼ਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ ਦੇ ਭਾਵਕ-ਮੰਡਲ ਵਿੱਚ ਗੋਤੇ ਲਾ ਰਹੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ, ਖੱਬੇ ਪੱਖੀ ਕਮਿਊਨਿਸਟ ਕਾਰਕੁਨਾਂ ਕੋਲ ਆਰਥਕ ਰਾਜਨੀਤਿਕ ਮੰਗਾਂ ਉੱਤੇ ਲੋਕਾਂ/ਵਰਕਰਾਂ ਦੀ ਲਾਮਬੰਦੀ ਕਰਨ ਦੀ ਮਜ਼ਬੂਤ ਵਿਚਾਰਧਾਰਾ/ਤਜਰਬਾ ਅਤੇ ਸਮਰੱਥਾ ਹੈ। ਜਿਸ ਕਰਕੇ, ਸਾਲਾਂਬੱਧੀ ਪਿੰਡਾਂ ਵਿੱਚ ਕੀਤੀ ਮਿਹਨਤ-ਮੁਸ਼ੱਕਤ ਤੋਂ ਬਾਅਦ ਹੀ ਉਹ ਪੰਜਾਬ ਦੀ ਕਿਸਾਨੀ ਨੂੰ ਇੰਨੀ ਵੱਡੀ ਤਾਦਾਦ ਵਿੱਚ ਦਿੱਲੀ ਦੀਆਂ ਬਰੂਹਾਂ ਉੱਤੇ ਲੈ ਆਏ ਹਨ। ਇਸ ਕਰਕੇ ਹੀ ਲਾਲ ਝੰਡੇ ਦੇ ਪਿੱਛੇ ਅੰਮ੍ਰਿਤਧਾਰੀ ਸਿੱਖ/ਔਰਤਾਂ ਵੀ ਲਾਮਬੰਦ ਹੋ ਗਈਆਂ ਹਨ। ਖੱਬੀ ਵਿਚਾਰਧਾਰਾ ਕੋਲ ਅੱਜ ਦੀਆਂ ਮਾਡਰਨ ਸਟੇਟਾਂ/ਰਿਆਸਤਾਂ ਵਿਰੁੱਧ ਜ਼ਮੀਨੀ ਪੱਧਰ ਉੱਤੇ ਲੜਾਈ ਵਿਢਣ/ਲੜਨ ਦਾ ਵੱਡੀ ਸਮਝ/ਮੁਹਾਰਤ ਹੈ। ਇਸ ਸਚਾਈ ਨੂੰ ਕਬੂਲ ਕਰਨਾ ਚਾਹੀਦਾ ਹੈ। ਪਰ ਜੁਝਾਰੂ ਵਿਰਸਾ ਅਤੇ ਸ਼ਹਾਦਤਾਂ-ਭਰੀ ਤਵਾਰੀਖ ਵੀ ਮਨੁੱਖਾਂ ਦੇ ਡੀ.ਐਨ.ਏ./ਖੂਨ/ਰੂਹ ਵਿੱਚ ਰਚ ਕੇ ਬਣਿਆ ਵੱਖਰਾ ਸਭਿਆਚਾਰ ਵੀ ਕਿਸਾਨੀ ਨੂੰ ਇਨਕਲਾਬੀ ਰਾਹਾਂ ਉੱਤੇ ਤੋਰਦਾ ਅਤੇ ਗੈਰਤਮੰਦ ਬਣਾਉਂਦਾ ਹੈ। ਇਸ ਕਰਕੇ, ਮਨੁੱਖ ਨੂੰ ਵਿਰਸੇ ਨਾਲੋਂ ਤੋੜਨਾ ਦਰਖਤ ਨੂੰ ਛਾਂਗ ਕੇ ਟੁੰਡ-ਮਰੁੰਡ ਬਣਾਉਣ ਵਰਗੀ ਹੀ ਪ੍ਰਕ੍ਰਿਆ ਹੈ। ਇਸ ਸਬੰਧ ਵਿੱਚ ਦੁਨੀਆਂ ਦਾ ਵੱਡਾ ਸਹਿਤਕਾਰ ਮਿਲਾਨ ਕੁੰਦਰਾ ਕਹਿੰਦਾ ਹੈ ਕਿ **ਮਨੁੱਖ ਹਮੇਸ਼ਾ ਅਤੀਤ ਵਿੱਚ ਜਿਉਂਦਾ ਹੈ ਅਤੇ ਉਸ ਦੇ ਚੰਗੇ ਭਵਿੱਖ ਲਈ ਹੰਭਲੇ ਅਤੇ ਸੁਪਨੇ ਵੀ ਅਤੀਤ ਵਿਚਲੀਆਂ ਗਲਤੀਆਂ/ਖੁਨਾਮੀਆਂ ਨੂੰ ਦਰੁਸਤ ਕਰਨ ਜਾਂ ਪਰ੍ਹੇ ਵਗਾਹ ਮਾਰਨ ਦੀ ਮਾਨਸਿਕ ਪ੍ਰਕ੍ਰਿਆ ਹੀ ਹੁੰਦੀ ਹੈ।** ਅੱਜ ਦਿੱਲੀ ਬਾਰਡਰਾਂ ਉੱਤੇ ਕਿਸਾਨੀ ਵਰਤਾਰਾ ਪੰਜਾਬ ਲਈ ਸ਼ੁਭ ਸੰਕੇਤ ਹੈ ਕਿ ਖੱਬੀ ਅਤੇ ਸੱਜੀ ਵਿਚਾਰਧਾਰਾ ਦੇ ਵਾਹਕ ਇਕ ਦੂਜੇ ਦੇ ਨੇੜ੍ਹੇ ਲੱਗ ਬੈਠੇ ਹਨ।

ਸਿੱਖ ਲਹਿਰ ਦੇ ਆਗੂਆਂ ਲਈ ਵੀ ਇਹ ਵਰਤਾਰਾ ਨਵਾਂ ਹੈ ਕਿ ਕਿਵੇਂ ਐਨਾ ਵੱਡਾ ਕਿਸਾਨੀ ਦਾ ਹੜ੍ਹ ਉਭਰ ਕੇ ਅੱਜ ਹਾਕਮ ਦੇ ਹਰ ਹੱਥਕੰਡੇ ਨੂੰ ਪਛਾੜ ਰਿਹਾ। **ਇਸ ਨੂੰ "ਵਾਹਿਗੁਰੂ ਵਲੋਂ ਵਰਤਾਈ ਕਲਾ" ਕਲਾ ਦੇ ਨਾਲ ਨਾਲ ਅਜੋਕੇ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਦੇ ਪਹਿਲੀ ਵਾਰ ਬੁਲੰਦ ਉਭਾਰ ਵਜੋਂ ਵੇਖਣਾ/ਸਮਝਣਾ ਅਤੇ ਅਮਲੀ ਰਣਨੀਤੀ ਘੜਣੀ ਹੋਵੇਗੀ।** ਦੂਜੇ ਪਾਸੇ, ਕਿਸਾਨ ਲੀਡਰਾਂ ਨੂੰ ਵੀ ਕਬੂਲਣਾ ਪਵੇਗਾ ਕਿ ਉਹਨਾਂ ਦੇ ਚਿੱਤ-ਚੇਤੇ ਤੋਂ ਕਿਤੇ ਵੱਡਾ ਪੰਜਾਬੀਆਂ ਦਾ ਹੁੰਗਾਰਾ ਉਹਨਾਂ ਦੀਆਂ ਵਿਚਾਰਧਾਰਕ ਅਤੇ ਜਥੇਬੰਦਕ ਸੀਮਾਵਾਂ ਨੂੰ ਪਾਰ ਕਰਕੇ ਦਿੱਲੀ ਦੇ ਤਖਤ ਨੂੰ ਹਲੂਣਾ ਦੇ ਰਿਹਾ। ਇਸ ਪਿੱਛੇ ਸਿੱਖੀ ਸਪਿਰਟ ਦੇ ਕਾਰਗਰ ਹੁਲਾਰੇ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਿਛਲੇ ਕਈ ਦਹਾਕਿਆ ਤੋਂ ਲਾਲ ਝੰਡੇ ਅਤੇ ਕੇਸਰੀ ਨਿਸ਼ਾਨ ਦਰਮਿਆਨ ਖਿੱਚੀ "ਦੁਸ਼ਮਣੀ-ਵਾਲੀ ਲੀਕ" ਹੁਣ ਦਿੱਲੀ ਦੇ ਬਾਰਡਰਾਂ ਉੱਤੇ ਮੱਧਮ ਪੈ ਰਹੀ ਹੈ।

ਸਿੱਖੀ ਅਤੇ ਖੱਬੇ ਪੱਖੀ ਸਿਆਸਤ ਦੇ ਸਮਾਜਿਕ/ਆਰਥਿਕ ਸਰੋਕਾਰ ਸਾਂਝੇ ਹਨ ਅਤੇ ਦੋਨੇ ਸਨਮਾਨਤ ਜ਼ਿੰਦਗੀ ਜਿਉਣ ਲਈ ਜਦੋ-ਜਹਿਦ ਕਰਨ ਲਈ ਪ੍ਰੇਰਨਾ ਸਰੋਤ ਹਨ। ਇਸ ਕਰਕੇ ਹੀ ਗਦਰੀਆਂ ਤੋਂ ਕਮਿਊਨਿਸਟ ਬਣੇ ਭਾਈ ਸੰਤੋਖ ਅਤੇ ਰਤਨ ਸਿੰਘ ਵਰਗਿਆਂ ਨੇ 1920ਵਿਆਂ ਵਿੱਚ ਅਕਾਲੀਆਂ ਨਾਲ ਸਾਂਝੀਆਂ ਸਿਆਸੀ ਗਤੀਵਿਧੀਆਂ ਸ਼ੁਰੂ ਕੀਤੀਆਂ ਸਨ। ਅਕਾਲੀਆਂ ਨੇ ਭਾਈ ਸੰਤੋਖ ਸਿੰਘ ਨੂੰ 'ਕਿਰਤੀ' ਰਸਾਲਾ ਕੱਢਣ ਲਈ ਸਿੱਖ ਮਿਸ਼ਨਰੀ ਕਾਲਜ ਵਿੱਚ ਦਫਤਰ ਦਿੱਤਾ ਸੀ। ਲਾਲ ਝੰਡਾ ਵੀ ਪੰਜਾਬ ਵਿੱਚ ਪਹਿਲੀ ਵਾਰੀ ਸਿੱਖ ਸੰਸਥਾ ਦੀ ਇਮਾਰਤ ਉੱਤੇ ਝੁਲਿਆ ਸੀ। ਹੁਣ ਦੀ ਲਾਲ ਝੰਡੇ ਅਤੇ ਕੇਸਰੀ ਨਿਸ਼ਾਨ ਦੀ ਵਧਦੀ ਸਾਂਝ ਨੂੰ ਵਧਾਉਣ ਦੀ ਸੁਚੇਤ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਟਿੱਕਰੀ ਬਾਰਡਰ ਅਤੇ ਸਿੰਘੂ ਬਾਰਡਰ ਦੇ ਉਛਾਲੇ ਮਾਰਦੇ ਵੱਖਰੇ-ਵੱਖਰੇ ਕਿਸਾਨੀ ਇਕੱਠਾਂ ਦੀ ਦਿੱਖ ਇੱਕੋ ਜਿਹੀ ਲੱਗੇ। ਟਿੱਕਰੀ ਬਾਰਡਰ ਉੱਤੇ ਸ਼ਹੀਦ ਭਗਤ ਸਿੰਘ ਦੇ ਪੋਸਟਰਾਂ ਨਾਲ ਨਾਲ ਸਿੱਖ ਹਿਸਟਰੀ ਦੇ ਪ੍ਰੇਰਣਾ ਸਰੋਤ ਬਿੰਬ ਇਕਮਿਕ ਹੋ ਜਾਣ। ਇਸ ਨਾਲ ਹੀ ਕਿਸਾਨੀ ਮੋਰਚੇ ਦੀ ਬੁਲੰਦੀ, ਇਖ਼ਲਾਕੀ ਚੜ੍ਹਤ ਸਮੁੱਚੇ ਦੇਸ਼ ਲਈ ਚਾਨਣ ਮੁਨਾਰਾ ਬਣੇਗੀ।

ਭਾਵੇਂ ਮੋਦੀ ਸਰਕਾਰ ਅਜੇ ਤੱਕ ਕਿਸਾਨ ਸੰਘਰਸ਼ ਨੂੰ ਬਦਨਾਮ ਕਰਕੇ 'ਦੇਸ਼ ਵਿਰੋਧੀ-ਲੋਕ ਵਿਰੋਧੀ' ਪੇਸ਼ ਕਰਨ ਵਿੱਚ ਰੁਝੀ ਹੋਈ ਹੈ ਅਤੇ ਖੇਤੀ ਕਾਨੂੰਨਾਂ ਦੀ ਵਾਪਸੀ ਨੂੰ ਆਪਣੀ ਹੋਂਦ ਦਾ ਸਵਾਲ ਬਣਾਈ ਬੈਠੀ ਹੈ। ਪਰ ਫਿਰ ਵੀ, ਇਸ ਸੰਘਰਸ਼ ਨੇ ਆਪਣੇ ਆਪ ਵਿੱਚ ਵੱਡੀਆਂ ਪ੍ਰਾਪਤੀਆਂ ਕਰ ਹੀ ਲਈਆ ਹਨ। 6 ਸਾਲ ਪਹਿਲਾਂ ਨਰਿੰਦਰ ਮੋਦੀ ਨੂੰ ਇੱਕ 'ਮਸੀਹੇ' ਦੇ ਤੌਰ ਉੱਤੇ ਭਾਰਤੀ ਸਿਆਸੀ ਮੰਡਲ ਉੱਤੇ ਉਤਾਰਿਆ ਗਿਆ ਸੀ ਆਪਣੇ "ਪੈਗੰਬਰੀ ਅਕਸ਼" ਨੂੰ ਕਾਇਮ ਰੱਖਣ ਲਈ ਉਸਨੇ ਨੋਟਬੰਦੀ, ਜੀ.ਐਸ.ਟੀ, ਲਾਕਡਾਊਨ, ਨਾਗਰਿਕ ਕਾਨੂੰਨ ਅਤੇ ਕਾਰਪੋਰੇਟ ਪੱਖੀ ਖੇਤੀ ਕਾਨੂੰਨ ਬਣਾਉਣ ਵਾਲੇ ਧੱਕੇਸ਼ਾਹੀ ਵਾਲੇ ਫੈਸਲੇ ਲਏ। ਫਿਰਕੂ ਨਾਗਰਿਕ ਕਾਨੂੰਨਾਂ ਦੇ ਵਿਰੋਧ ਵਿੱਚ ਉੱਠੇ ਦੇਸ਼ ਵਿਆਪੀ ਅੰਦੋਲਨ ਅਤੇ ਸ਼ਾਹੀਨ ਬਾਗ ਵਰਗੇ ਔਰਤਾਂ ਦੇ ਮੋਰਚੇ ਮੋਦੀ ਨੂੰ ਝੁਕਾ ਨਹੀਂ ਸਕੇ ਸਨ। ਪਰ ਹੁਣ ਕਿਸਾਨ ਮੋਰਚੇ ਨੇ ਮੋਦੀ ਨੂੰ 'ਮਸੀਹਾਈ' ਬਿੰਬ ਤੋਂ ਹੇਠਾਂ ਲਾਹ ਭਾਜਪਾ ਦੇ ਪ੍ਰਧਾਨ ਮੰਤਰੀ ਰੁਤਬੇ ਤੱਕ ਥੱਲੇ ਲੈ ਆਦਾ ਹੈ। ਮੋਦੀ ਸਰਕਾਰ ਪਹਿਲੀ ਵਾਰੀ ਆਪਣੇ 'ਹਿੰਦੂ ਰਾਸ਼ਟਰਵਾਦੀ ਚਬੂਤਰੇ' ਤੋਂ ਨੀਚੇ ਆ ਕੇ ਕਿਸਾਨੀ ਲੀਡਰਾਂ ਨਾਲ ਗੱਲਬਾਤ ਕਰ ਰਹੀ ਹੈ। ਇਹ ਜਮਹੂਰੀਅਤ ਦੀ ਜਿੱਤ ਹੈ। ਜੇ ਕਿਸਾਨੀ 'ਖੇਤੀ ਕਾਨੂੰਨਾਂ' ਨੂੰ ਵਾਪਸ ਕਰਵਾਉਣ ਵਿੱਚ ਕਾਮਯਾਬ ਹੋ ਗਈ ਤਾਂ ਹਿੰਦੂ-ਰਾਸ਼ਟਰ ਦਾ ਭੁਕਾਨਾਂ ਫਟ ਜਾਵੇਗਾ ਅਤੇ ਅੰਗਰੇਜ਼ਾਂ ਦੇ ਸਮੇਂ ਤੋਂ ਚਲਦੀਆਂ ਇੰਡੀਅਨ ਸਟੇਟ/ਰਿਆਸਤ ਦੀਆਂ ਫਿਰਕੂ ਅਤੇ ਸਮਾਜ ਤੋੜਨ ਦੀਆਂ ਚਾਲਾਂ ਦੀ ਹਾਰ ਹੋ ਜਾਵੇਗੀ। ਇਉ ਦੇਸ਼ ਦੀ ਜਮਹੂਰੀਅਤ ਅਤੇ ਸੰਘੀ/ਫੈਡਰਲ ਢਾਂਚੇ ਦੇ ਬਹਾਲ ਹੋਣ ਦੀ ਆਸ ਬਝਦੀ ਹੈ।

ਵੈਸੇ ਵੀ, ਕਿਸਾਨੀ ਸੰਘਰਸ਼ ਤਿੰਨੇ ਨਵੇਂ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਵਿੱਚ ਕਾਮਯਾਬ ਨਹੀਂ ਹੁੰਦਾ ਤਾਂ ਦੇਸ਼ ਦੀ ਕਿਸਾਨੀ ਖਤਮ ਹੋ ਜਾਵੇਗੀ। ਕਿਸਾਨ ਆਪਣੇ ਹੀ ਖੇਤਾਂ ਵਿੱਚ, ਵੱਡੇ ਕਾਰਪੋਰੇਟ ਘਰਾਣਿਆਂ ਦੇ ਮਜ਼ਦੂਰ ਹੋ ਨਿਬੜਨਗੇ। ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਖੇਤੀ ਸਰਕਾਰੀ ਸਹਾਇਤਾ ਜਾਂ ਸਬਸਿਡੀ ਬਗੈਰ ਬਚ ਨਹੀਂ ਸਕਦੀ। ਇਸ ਕਰਕੇ, ਖੁੱਲ੍ਹੀ ਮੰਡੀ ਆਰਥਕਤਾ ਦੇ ਵੱਡੇ ਆਲੰਬਰਦਾਰ ਅਮਰੀਕਾ ਅਤੇ ਯੂਰਪ ਦੇ ਮੁਲਕ ਵੀ ਬਹੁਤ ਵੱਡੀ ਮਾਤਰਾਂ ਵਿੱਚ ਆਪਣੇ ਖੇਤੀ ਨੂੰ ਸਬਸਿਡੀ ਦਿੰਦੇ ਹਨ। ਇਸ ਸਾਲ 2019-2020 ਵਿੱਚ ਅਮਰੀਕੀ ਸਰਕਾਰ ਨੇ ਖੇਤੀ ਨੂੰ 46 ਬਿਲੀਅਨ ਡਾਲਰ ਦੀ ਸਬਸਿਡੀ ਦਿੱਤੀ ਹੈ। ਜਿਹੜੀ ਕੁੱਲ ਖੇਤੀ ਪੈਦਾਵਾਰ ਦੀ ਕੀਮਤ ਦਾ 40 ਪ੍ਰਤੀਸ਼ਤ ਬਣਦੀ ਹੈ। ਇਸ ਤਰ੍ਹਾਂ ਯੋਰਪੀਅਨ ਯੂਨੀਅਨ ਦੇ ਕਿਸਾਨਾਂ ਨੂੰ ਪਿਛਲੇ 2006 ਤੋਂ 54 ਬਿਲੀਅਨ ਪਾਊਂਡ ਸਬਸਿਡੀ ਮਿਲ ਰਹੀ ਹੈ।

ਭਾਰਤ ਵਿੱਚ 86 ਪ੍ਰਤੀਸ਼ਤ ਕਿਸਾਨੀ ਤਾਂ ਛੋਟੇ/ਸੀਮਾਂਤ ਕਾਸ਼ਤਕਾਰ ਹਨ ਜਿਨ੍ਹਾਂ ਕੋਲ ਵਾਹੀਯੋਗ ਜ਼ਮੀਨ 5 ਏਕੜ ਤੋਂ ਘੱਟ ਹੈ। ਪਰ ਸਿੱਧੇ/ਅਸਿੱਧੇ ਤੌਰ ਤੇ ਦੇਸ਼ ਦੀ ਅੱਧੀ ਵੱਸੋਂ ਕਿਸਾਨੀ ਖੇਤਰ ਨਾਲ ਜੁੜੀ ਹੋਈ ਹੈ। ਇਸ ਖੇਤਰ ਦਾ ਦੇਸ਼ ਦੇ ਉਤਪਾਦਨ ਵਿੱਚ (ਜੀ.ਡੀ.ਪੀ.) ਵਿੱਚ ਹਿੱਸਾ ਹੁਣ ਘੱਟ ਕੇ 14 ਪ੍ਰਤੀਸ਼ਤ ਰਹਿ ਗਿਆ ਹੈ ਜਿਸਦਾ ਮਤਲਬ, ਕਿਸਾਨਾਂ ਦੀ ਆਰਥਿਕਤਾ ਵੀ ਦਿਨੋਂ-ਦਿਨ ਮੰਦਹਾਲੀ ਵੱਲ ਵੱਧ ਰਹੀ ਹੈ। **ਬਾਕੀ ਸਫ਼ਾ 31 'ਤੇ**

# ਸਾਂਝੇ ਪੰਜਾਬ ਦਾ ਸੂਝਵਾਨ ਤੇ ਧੜੱਲੇਦਾਰ ਕਿਸਾਨ ਪੁੱਤਰ : 'ਸਰ ਛੋਟੂ ਰਾਮ'

**- ਦਵਿੰਦਰ ਸਿੰਘ ਸੇਖੋਂ**
ਫੋਨ ਸੰਪਰਕ: 9888150804

ਪੰਜਾਬ ਭੂਗੋਲਿਕ ਤੌਰ 'ਤੇ ਭਾਰਤੀ ਉੱਪ-ਮਹਾਂਦੀਪ ਨੂੰ ਪੂਰਬੀ ਅਤੇ ਕੇਂਦਰੀ ਏਸ਼ੀਆ ਨੂੰ ਜੋੜਨ ਵਾਲੇ ਖੁਸ਼ਕ ਰਾਸਤੇ ਉੱਤੇ ਪੈਣ ਕਰਕੇ ਤਿਜਾਰਤ ਇੱਥੋਂ ਦੀ ਆਮਦਨ ਦਾ ਮੁੱਖ ਸਰੋਤ ਰਿਹਾ। ਬੰਗਾਲ ਨੂੰ ਕਾਬਲ ਨਾਲ ਜੋੜਨ ਵਾਲਾ ਮਸ਼ਹੂਰ ਸ਼ੇਰ ਸ਼ਾਹ ਸੂਰੀ ਮਾਰਗ ਅੱਜ ਦੇ ਚੀਨ ਵੱਲੋਂ ਖੁਸ਼ਕ ਰਸਤੇ ਬਣਾਉਣ ਵਰਗੀ ਮਹੱਤਤਾ ਰੱਖਦਾ ਸੀ। ਉਸ ਸਮੇਂ ਤਿੱਬਤ ਰਾਹੀਂ ਚੀਨ ਵੱਲੋਂ ਆਉਂਦੇ ਮਸ਼ਹੂਰ ਸਿਲਕ ਰੂਟ ਵੀ ਪੰਜਾਬ ਦਾ ਹਿੱਸਾ ਰਿਹਾ ਅਤੇ ਮਸ਼ਹੂਰ ਪਸ਼ਮੀਨਾ ਸ਼ਾਲਾਂ ਇਸੇ ਰਾਸਤੇ ਅਰਬ ਅਤੇ ਟਰਕੀ ਦੀਆਂ ਸਲਨਤਾਂ ਤੱਕ ਪਹੁੰਚਦੇ ਸਨ। ਜਦੋਂ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਾਹਿਬ ਸ਼ਹਿਰ ਆਬਾਦ ਕਰ ਰਹੇ ਸਨ ਤਾਂ ਪੰਜਾਬ ਦੀ ਇਸ ਤਾਕਤ ਨੂੰ ਪਛਾਣਦੇ ਹੋਏ ਖਾਸ ਤੌਰ ਤੇ 250 ਮਾਰਵਾੜੀ ਵਪਾਰੀ ਇੱਥੇ ਲਿਆਕੇ ਵਸਾਏ। ਖਾਲਸਾ ਰਾਜ ਵੇਲੇ ਇਹ ਵਪਾਰ ਹੋਰ ਪ੍ਰਫੁਲਤ ਹੋਇਆ ਅਤੇ ਉਸ ਦੀ ਆਮਦਨ ਦਾ ਮੁੱਖ ਸਰੋਤ ਵੀ ਤਿਜਾਰਤ ਰਹੀ।ਖੇਤੀ ਤੌਰ ਤੇ ਪੰਜਾਬ ਖੁਦ-ਮੁਖਤਿਆਰ ਖਿੱਤਾ ਸੀ ਜੋ ਆਪਣੀਆਂ ਲੋੜਾਂ ਦੀ ਬਾਖੂਬੀ ਪੂਰਤੀ ਕਰ ਰਿਹਾ ਸੀ ।

ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਤੋਂ ਬਾਅਦ ਜਦੋਂ ਅੰਗਰੇਜ਼ ਦੇਸ ਪੰਜਾਬ ਤੇ ਕਾਬਜ ਹੋਏ ਤਾਂ ਵਪਾਰ ਲਈ ਉਹਨਾਂ ਕੋਲ ਸਮੁੰਦਰੀ ਰਾਸਤਿਆਂ ਦਾ ਏਕਾਧਿਕਾਰ ਸੀ। ਇਸ ਪੱਖੋਂ ਪੰਜਾਬ ਉਹਨਾਂ ਲਈ ਆਮਦਨ ਪੈਦਾ ਨਹੀਂ ਕਰ ਸਕਦਾ ਸੀ ਸੋ ਉਹਨਾਂ ਨੇ ਪੰਜਾਬ ਨੂੰ ਖੇਤੀ ਆਧਾਰਿਤ ਅਰਥਚਾਰੇ ਵਜੋਂ ਵਿਕਸਿਤ ਕਰਨਾ ਸ਼ੁਰੂ ਕੀਤਾ। ਪੰਜਾਬ ਦੇ ਪੁਰਾਣੇ ਖੁਦ-ਮੁਖਤਿਆਰ ਖੇਤੀ ਮਾਡਲ ਨੂੰ ਤੋੜਕੇ ਬਾਕੀ ਭਾਰਤ ਦੀ ਭੁੱਖਮਰੀ ਅਤੇ ਆਪਣੀਆਂ ਇੰਗਲੈਂਡ ਵਿੱਚਲੀਆਂ ਫੈਕਟਰੀਆਂ ਦੇ ਕੱਚੇ ਮਾਲ ਨਰਮਾ-ਕਪਾਹ ਵਗੈਰਾ ਦੀ ਪੂਰਤੀ ਲਈ ਨਵੇਂ ਫਸਲੀ ਚੱਕਰ ਵਿੱਚ ਪਾਇਆ ਗਿਆ।

ਪੱਛਮੀ ਪੰਜਾਬ ਦੇ ਵੱਡੇ ਹਿੱਸੇ ਜੋ ਖੁਸ਼ਕ ਇਲਾਕੇ ਸਨ ਅਤੇ ਪਾਣੀ ਦੀ ਘਾਟ ਕਰਕੇ ਬੇ-ਆਬਾਦ ਸਨ ਨੂੰ ਨਹਿਰਾਂ ਕੱਢਕੇ ਕਨਾਲ ਕਲੋਨੀਆਂ ਵਜੋਂ ਵਿਕਸਿਤ ਕੀਤੇ। ਹਿੰਮਤੀ ਪੰਜਾਬੀ ਅਤੇ ਖਾਸਕਰ ਸਿੱਖ ਕਿਸਾਨਾਂ ਨੇ ਇਹਨਾਂ ਜੰਗਲ ਬੇਲਿਆਂ ਨੂੰ ਆਬਾਦ ਕਰਕੇ ਨਵੀਂ ਖੁਸ਼ਹਾਲੀ ਸਿਰਜ ਦਿੱਤੀ। ਇਹ ਹਰਾ ਇਨਕਲਾਬ 47 ਤੋਂ ਬਾਅਦ ਵਾਲੇ ਪ੍ਰਚਾਰੇ ਹਰੇ ਇਨਕਲਾਬ ਤੋਂ ਕਿਤੇ ਵੱਡਾ ਸੀ ।

ਪਰ ਆਮਦਨ ਵਧਣ ਦੇ ਨਾਲ ਕਰਜੇ ਵਾਲਾ ਨਵਾਂ ਫਾਹਾ ਕਿਸਾਨਾਂ ਗਲ ਪੈ ਗਿਆ। ਇਹ ਅੱਜ ਦੇ ਪਰਾਈਵੇਟ ਬੈਂਕਾਂ ਵਾਂਗ ਭਾਰਤ ਦੇ ਵੱਡੇ ਧੰਨੇ ਸੇਠਾਂ( ਬੰਬੇ ਕਲੱਬ ਆਦਿ) ਦਾ ਪੈਸਾ ਸੀ ਜੋ ਪਿੰਡਾਂ ਦੇ ਛੋਟੇ ਸਾਹੂਕਾਰਾਂ ਰਾਹੀ ਖੇਤਾਂ ਤੇ ਕਾਬਜ ਹੋ ਰਿਹਾ ਸੀ। ਉਸ ਸਮੇਂ ਦੇ ਕਾਨੂੰਨ ਜਿਵੇਂ ਸਾਹੂਕਾਰ ਦੀ ਵਹੀ ਤੇ ਦਰਜ ਕਰਜੇ ਨੂੰ ਮਾਨਤਾ ਅਤੇ ਉਸ ਦੀ ਉਗਰਾਹੀ ਲਈ ਕਿਸਾਨ ਦੇ ਖੇਤ ਦੇ ਨਾਲ ਪਸ਼ੂ ਡੰਗਰ ਤੱਕ ਦੀ ਕੁਰਕੀ ਦੀ ਕਾਨੂੰਨੀ ਖੁੱਲ੍ਹ ਨੇ ਕਿਸਾਨ ਦੀ ਹਾਲਾਤ ਅੱਜ ਵਰਗੀ ਕਰ ਦਿੱਤੀ ਸੀ।

ਸਰ ਛੋਟੂ ਰਾਮ ਬਚਪਨ ਤੋਂ ਇਹਨਾਂ ਹਾਲਾਤਾਂ ਵਿੱਚੋਂ ਲੰਘੇ ਸਨ। ਰਾਜਸੀ



ਸੁਧਾਰਾਂ ਤਹਿਤ ਜਦੋਂ ਅੰਗਰੇਜ਼ ਹਕੂਮਤ ਨੇ ਭਾਰਤੀ ਲੋਕਾਂ ਨੂੰ ਕੁਝ ਰਾਜਸੀ ਆਜ਼ਾਦੀ ਦਿੱਤੀ ਤਾਂ ਸਰ ਛੋਟੂ ਰਾਮ ਨੇ ਮੀਆਂ ਫਜਲ ਹੁਸੈਨ ਨਾਲ ਰਲਕੇ ਯੂਨੀਅਨਿਸਟ ਪਾਰਟੀ ਜਿਸ ਨੂੰ ਜ਼ਿੰਮੀਦਾਰਾ ਪਾਰਟੀ ਵੀ ਕਿਹਾ ਜਾਂਦਾ ਸੀ ਦਾ ਗਠਣ ਕੀਤਾ। ਪੰਜਾਬ ਵਿਚਲੀਆਂ ਪਹਿਲੀਆਂ ਆਮ ਚੋਣਾ ਵਿੱਚ ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣੀ ਜਿਸ ਵਿਚ ਸਿਕੰਦਰ ਹਯਾਤ ਖਾਨ ਪ੍ਰੀਮੀਅਰ ਅਤੇ ਸਰ ਛੋਟੂ ਰਾਮ ਖੇਤੀ ਮੰਤਰੀ ਬਣੇ ।

ਉਹਨਾਂ ਆਪਣੇ ਕਾਲ ਦੁਰਾਨ ਕਈ ਅਹਿਮ ਕਾਨੂੰਨ ਬਣਾਏ ਜਿਸ ਨਾਲ ਕਿਸਾਨੀ ਨੂੰ ਮੁੜ ਪੈਰਾਂ ਸਿਰ ਖੜ੍ਹਨ ਵਿੱਚ ਮਦਦ ਕੀਤੀ।

ਪੰਜਾਬ ਲੈਂਡ ਰੈਵੀਨਿਊ ਐਕਟ 1929: ਉਸ ਸਮੇਂ ਤੱਕ ਅੰਗਰੇਜ਼ ਵਾਸਤੇ ਜ਼ਮੀਨ ਮਾਲੀਏ ਦਾ ਵੱਡਾ ਸਰੋਤ ਬਣ ਚੁੱਕੀ ਸੀ। ਮਾਲੀਆ ਬਹੁਤ ਜਿਆਦਾ ਹੋਣ ਕਾਰਨ ਕਿਸਾਨ ਕੰਗਾਲ ਹੋ ਰਿਹਾ ਸੀ। ਇਸ ਐਕਟ ਤਹਿਤ ਜਮੀਨ ਦੀ ਨੂੰ ਉਤਪਾਦਨ ਸਮਰੱਥਾ ਦੇ ਅਨੁਸਾਰ ਬਰਾਨੀ , ਚਾਹੀ , ਆਬੀ , ਨਹਿਰੀ , ਬੰਜਰ ਅਤੇ ਗੈਰ ਮੁਮਕਿੰਨ ਵਿੱਚ ਨਿਸ਼ਾਨਦੇਹ ਕੀਤਾ ਗਿਆ। ਇਸ ਤੋਂ ਇਲਾਵਾ ਤਿੰਨ ਸਾਲਾਂ ਦੀ ਫਸਲ ਦੀ ਔਸਤ ਕੱਢੀ ਜਾਣ ਲੱਗੀ । ਮਾਮਲਾ ਇਸ ਅਨੁਸਾਰ ਤੈਅ ਹੋਣ ਕਰਕੇ ਕਿਸਾਨਾਂ ਨੂੰ ਬਹੁਤ ਰਾਹਤ ਮਿਲੀ।

ਸੰਨ 1930, 1936 , 1943- ਇਹਨਾਂ ਐਕਤਾਂ ਦੁਆਰਾ ਕਿਸਾਨ ਨੂੰ ਸਾਹੂਕਾਰੇ ਦੇ ਚੁੰਗਲ ਵਿੱਚੋਂ ਕੱਢਿਆ ਗਿਆ। ਜੇ ਕਰ ਕਿਸਾਨ ਨੇ ਕਰਜੇ ਤੋਂ ਦੁਗਣੇ ਪੈਸੇ ਮੋੜ ਦਿਤੇ ਤਾਂ ਉਸ ਦੇ ਕਰਜੇ ਉੱਤੇ ਲੀਕ ਮਾਰੀ ਗਈ , ਸਾਹੂਕਾਰ ਹੋਰ ਪੈਸਾ ਨਹੀਂ ਵਸੂਲ ਸਕਦਾ। ਦੂਜਾ ਸਾਹੂਕਾਰ ਦੁਆਰਾ ਕਿਸਾਨ ਦੇ ਪਸ਼ੂ ਡੰਗਰ, ਬਲਦ ਗੱਡੇ , ਬੋਤੇ ਆਦਿ ਜੋ ਉਸ ਸਮੇਂ ਖੇਤੀ ਕਰਨ ਦੇ ਸਾਧਨ ਸਨ, ਕੁਰਕ ਉੱਤੇ ਰੋਕ ਲਗਾ ਦਿੱਤੀ।

ਸੰਨ 1901- ਅੰਗਰੇਜਾਂ ਦੁਆਰਾ ਤਾਮੀਲ ਕੀਤਾ ਐਕਟ ਜਿਸ ਤਹਿਤ ਗੈਰ ਕਾਸ਼ਤਕਾਰ ਜਮੀਨ ਦਾ ਮਾਲਕ ਨਹੀਂ ਬਣ ਸਕਦਾ ਨੂੰ ਲਾਗੂ ਕਰਵਾਇਆ ਗਿਆ। ਜਿਵੇਂ ਅੱਜ ਕਾਰਪੋਰੇਟ ਜਮੀਨ ਤੇ ਕਾਬਜ ਹੋਣ ਦੀ ਫਿਰਾਕ ਵਿੱਚ ਹੈ , ਇਹ ਐਕਟ ਸੋਧ ਕੇ ਦੁਆਰਾ ਲਾਗੂ ਹੋਣਾ ਚਾਹੀਦਾ।

ਸੰਨ 1939- ਇਸ ਤੋਂ ਪਹਿਲਾਂ ਕਿਸਾਨ ਕੋਲ ਵੇਚਣ ਨੂੰ ਕੋਈ ਸਹੀ ਮੰਡੀ ਨਹੀਂ ਸੀ । ਵਪਾਰੀ ਸਿੱਧੀ ਖਰੀਦ ਕਰਦਾ ਸੀ ਜਿਸ ਨਾਲ ਫਸਲ ਦਾ ਸਹੀ ਭਾਅ ਤੈਅ ਨਹੀਂ ਹੋ ਸਕਦਾ ਸੀ ਤੇ ਕਿਸਾਨ ਦੀ ਲੁੱਟ ਹੁੰਦੀ ਸੀ। ਇਸ ਐਕਟ ਤਹਿਤ ਮਾਰਕਿਟ ਕਮੇਟੀਆਂ ਬਣਾਈਆਂ ਬਣਾ ਕੇ ਮੰਡੀਆਂ ਬਣਾਈਆਂ ਗਈਆਂ ਅਤੇ ਫਸਲ ਖੁੱਲੀ ਬੋਲੀ ਵਿਕਣ ਕਰਕੇ ਚੰਗੇ ਭਾਅ ਮਿਲਣ ਲੱਗੇ।

ਇਸ ਤੋਂ ਇਲਾਵਾ ਉਹਨਾਂ ਦੀ ਸਰਕਾਰ ਨੇ ਕਿਸਾਨ ਦੇ ਬੱਚਿਆਂ ਦੀ ਉੱਚ ਸਿੱਖਿਆ ਵਾਸਤੇ ਵਜੀਫਾ ਪਰਨਾਲੀ ਸ਼ੁਰੂ ਕੀਤੀ ਗਈ ਜੋ ਨਵੇਂ ਭਾਰਤ ਨੇ 1953 ਚ ਰੱਦ ਕਰ ਦਿੱਤੀ।

ਜੇ ਕਿਤੇ ਅੰਗਰੇਜ਼ ਨਾਲ ਅੜ-ਫਸ ਹੁੰਦੀ ਤਾਂ ਉਹ ਸਿੱਧਾ ਕਹਿ ਦਿੰਦੇ ਸੀ ਕਿ ਖੜ੍ਹੀ ਕਣਕ ਨੂੰ ਆਵਦੇ ਭਾਈਚਾਰੇ ਤੋਂ ਅੱਗ ਲਵਾ ਦਿਆਂਗਾ, ਇੱਕ ਦਾਣਾ ਕਣਕ ਦਾ ਤੁਹਾਨੂੰ ਨਹੀਂ ਮਿਲਣਾ ।

ਜੇ ਅੱਜ ਵੀ ਪੰਜਾਬ ਦੀ ਕਿਸਾਨੀ ਨੂੰ ਬਚਾਉਣਾ ਹੈ ਤਾਂ ਕਿਸਾਨ ਆਗੂਆਂ ਨੂੰ ਸਰ ਛੋਟੂ ਰਾਮ ਨੂੰ ਚਾਨਣ ਮੁਨਾਰਾ ਮੰਨਦੇ ਹੋਏ ਵਿਉਂਤਬੰਦੀ ਘੜਨੀ ਚਾਹੀਦੀ ਹੈ ।

# ਇਹ ਕੇਹਾ ਰੋਹ ਹੈ ਯਾਰੋ, ਇਹ ਕੇਹਾ ਮੋਹ ਹੈ ਮਿੱਤਰੋ

**- ਡਾ. ਕੁਲਦੀਪ ਸਿੰਘ ਦੀਪ ਦੇ ਨਾਲ ਨਾਲ**

ਪੰਜਾਬ ਦੇ ਅਜੋਕੇ ਇਤਿਹਾਸ ਵਿੱਚ ਬਹੁਤ ਘੱਟ ਹੋਇਆ ਹੈ ਕਿ ਸਾਰੇ ਪੰਜਾਬੀ ਕਦੇ ਕਿਸੇ ਇੱਕ ਮੁੱਦੇ ਤੇ ਇਕੱਠੇ ਲਾਮਬੰਦ ਹੋਏ ਹੋਣ। ਆਮ ਤੌਰ ਤੇ ਲੋਕ ਘੋਲ ਧਰਮ,ਕਿੱਤੇ,ਜਾਤ ਜਾਂ ਖਿੱਤੇ ਅਨੁਸਾਰ ਵੰਡੇ ਹੋਏ ਰਹੇ ਨੇ, ਮਸਲਨ ਪੰਜਾਬੀ ਸੂਬੇ ਦੀ ਮੂਵਮੈਂਟ (ਸਾਲ 1950-60),ਧਰਮ ਯੁੱਧ ਮੋਰਚਾ (ਸਾਲ 1980 ਤੋਂ) ਪੰਜਾਬੀ/ਹਿੰਦੀ,ਸਿੱਖ/ਹਿੰਦੂ,ਅਕਾਲੀ/ਕਾਂਗਰਸ ਆਦਿ ਵਿੱਚ ਵੰਡਿਆ ਹੋਇਆ ਸੀ ।

ਕਿਸਾਨ ਅੰਦੋਲਨ (ਸਾਲ 1984),ਚਿੱਟੀ ਮੱਖੀ (ਸਾਲ 2015) ਗੰਨਾ ਅੰਦੋਲਨ ਆਦਿ ਨਿਰੋਲ ਕਿਸਾਨੀ ਜਾਂ ਖਾਸ ਇਲਾਕਿਆਂ (ਮਾਲਵਾ/ਦੁਆਬਾ) ਆਦਿ ਦੇ ਅੰਦੋਲਨ ਰਹੇ ਹਨ ।

ਡੇਰਾ ਸੱਚਾ ਸੌਦਾ (ਸਾਲ 2007) ਜਾਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ (ਸਾਲ 2015) ਨਿਰੋਲ ਸਿੱਖ ਮਸਲੇ ਰਹੇ ਹਨ ।ਕਿਰਨਜੀਤ ਕਾਂਡ (ਸਾਲ 1997) ਇੱਕ ਖਾਸ ਇਲਾਕੇ (ਬਰਨਾਲਾ) ਦਾ ਅੰਦੋਲਨ ਰਿਹਾ ਹੈ ।ਡੇਰਾਂ ਬੱਲਾਂ ਆਲਾ ਮਸਲਾ (2009) ਮੁੱਖ ਤੌਰ ਤੇ ਦੁਆਬੇ ਦੇ ਦਲਿਤਾਂ ਦਾ ਅੰਦੋਲਨ ਸੀ ।

**ਸਭਨਾਂ ਧਿਰਾਂ ਦਾ ਸਾਂਝਾ ਸੰਘਰਸ਼**

ਪਰ ਖੇਤੀ ਵਿਰੋਧੀ ਬਿੱਲਾਂ ਨੂੰ ਲੈ ਕੇ ਛਿੜਿਆ ਕਿਸਾਨ ਯੁੱਧ ਤੇ ਮੁਜ਼ਾਹਰੇ ਬਹੁਤ ਵਿਲੱਖਣ ਹਨ:

1. ਇਹਨਾਂ ਵਿੱਚ ਤਕਰੀਬਨ ਸਾਰੇ ਪੰਜਾਬ ਦੇ ਵਰਗਾਂ ਦੀ ਸ਼ਮੂਲੀਅਤ ਹੈ ਕਿਸਾਨ,ਵਪਾਰੀ,ਮਜਦੂਰ,ਨੌਕਰੀ ਪੇਸ਼ਾ ,ਬੁੱਧੀਜੀਵੀ
2. ਭਾਜਪਾ ਨੂੰ ਛੱਡਕੇ ਸਾਰੀਆਂ ਸਿਆਸੀ ਧਿਰਾਂ ਦਾ ਇਸ ਨੂੰ ਸਮਰਥਨ ਹੈ ਕਾਂਗਰਸ,ਅਕਾਲੀ,ਆਪ,ਬਸਪਾ,ਖੱਬੇ ਪੱਖੀ
3. ਅੰਦੋਲਨ ਦਾ ਅਸਰ ਸੂਬੇ ਦੇ ਸਾਰੇ ਇਲਾਕਿਆਂ ਮਾਲਵਾ,ਦੁਆਬਾ,ਮਾਝਾ ਵਿੱਚ ਲੱਗਭੱਗ ਇੱਕ ਤਰਾਂ ਦਾ ਹੈ ।
4. ਲਹਿਰ ਦਾ ਅਸਰ ਥੱਲੇ ਤਕ ਮਤਲਬ ਪਿੰਡਾਂ ਅਤੇ ਮਜਦੂਰ ਵਰਗ ਤਕ ਵੇਖਿਆ ਜਾ ਸਕਦਾ ਹੈ।
5. ਹਿੰਦੂ ਵਪਾਰੀ ਅਤੇ ਸ਼ਹਿਰੀ ਵਰਗ ਦੀ ਸ਼ਮੂਲੀਅਤ ਇਸ ਅੰਦੋਲਨ ਦੀ ਅਹਿਮ ਪ੍ਰਾਪਤੀ ਹੈ ।
6. ਨੌਜਵਾਨ ਅਤੇ ਔਰਤਾਂ ਵੱਡੀ ਪੱਧਰ ਤੇ ਧਰਨਿਆਂ ਵਿੱਚ ਸ਼ਾਮਿਲ ਵੀ ਹੋ ਰਹੇ ਹਨ ਅਤੇ ਅਗਵਾਈ ਵੀ ਕਰ ਰਹੇ ਨੇ।
7. ਪੰਜਾਬ ਦੇ ਬੁੱਧੀਜੀਵੀ, ਸ਼ਾਇਰ, ਰੰਗਕਰਮੀ, ਖਿਡਾਰੀ ਖ਼ਾਸ ਕਰ ਫਿਲਮੀ ਤੇ ਗਾਇਕ ਕਲਾਕਾਰ ਅਤੇ ਸੈਲੀਬਰੀਟੀ ਵਰਗ ਜਿਸ ਨੂੰ ਪਿਛਲੇ ਕੁਝ ਸਮੇਂ ਤੋਂ ਸਥਾਪਤੀ ਦਾ ਅੰਗ ਮੰਨਿਆ ਜਾ ਰਿਹਾ ਸੀ ,ਉਹ ਵੀ ਆਪਣੀ ਭਰਪੂਰ ਹਾਜ਼ਰੀ ਲਵਾ ਰਿਹਾ ਹੈ ।
8. ਸਿਆਸੀ ਪਾਰਟੀਆਂ ਇਸ ਲੋਕ ਘੋਲ ਵਿੱਚ ਬਿਲਕੁਲ ਫਾਡੀ ਰਹਿ ਗਈਆਂ ਹਨ ।
9. ਲਹਿਰ ਪੂਰਨ ਤੌਰ ਤੇ ਸ਼ਾਂਤਮਈ ਹੈ ।
10. ਸਿਆਸੀ ਚੇਤਨਾ ਅਤੇ ਨਵੀਂ ਲੀਡਰਸ਼ਿਪ ਉਭਰ ਰਹੀ ਹੈ ।
11. ਇਹ ਅਸਲ ਵਿੱਚ ਪੰਜਾਬੀਆਂ ਦੀ ਪਹਿਲੀ ਸਾਂਝੀ ਲਹਿਰ ਹੈ ।

ਖੇਤੀਬਾੜੀ ਪੰਜਾਬ ਦਾ ਮੁੱਖ ਕਿੱਤਾ ਹੀ ਨਹੀ ਜਿਸ ਦੇ ਦੁਆਲੇ ਸਾਰੇ ਕਿੱਤੇ ਘੁੰਮਦੇ ਹਨ ਸਗੋਂ ਪੰਜਾਬ ਦੀ ਪਹਿਚਾਣ ਵੀ ਹੈ ਖੇਤੀ ਅਤੇ ਜ਼ਮੀਨ ਕਿਸੇ ਵੀ ਸਮਾਜ ਨੂੰ ਆਪਣੇ ਨਾਲ ਜੋੜਨ ਦਾ, ਰਵਾਇਤਾਂ ਪ੍ਰਦਾਨ ਕਰਨ ਦਾ,ਪਹਿਚਾਣ ਦੇਣ ਦਾ ਅਤੇ ਸਵੈ ਵਿਸ਼ਵਾਸ ਭਰਨ ਦਾ ਕੰਮ ਕਰਦੀ ਹੈ ।

ਅੱਜ ਜਦ ਪੰਜਾਬ ਦੀ ਪਹਿਚਾਣ ਖ਼ਤਰੇ ਵਿੱਚ ਹੈ ਤਾਂ ਸਾਰੇ ਪੰਜਾਬੀਆਂ ਦਾ ਇਸ ਵਾਸਤੇ ਇਕੱਠੇ ਹੋਣਾ ਬੜਾ ਹੀ ਉਸਾਰੂ ਅਤੇ ਸ਼ੁਭ ਸੰਕੇਤ ਹੈ ।

ਸੇਵਕ ਕਉ ਸੇਵਾ ਬਨ ਆਈ (ਇਸ ਸ਼ਬਦ ਦੇ ਸ਼ਬਦ ਜੋੜ ਚੈੱਕ ਕਰਕੇ ਹੀ ਛਾਪਣੇ)

ਯੁੱਧ ਵਿਚ ਮੂਹਰਲਿਆਂ ਮੋਰਚਿਆਂ ਤੇ ਲੜਨ ਵਾਲੇ ਤਾਂ ਮਰਜੀਵੜੇ ਹੁੰਦੇ ਹੀ ਹਨ..

ਪਰ ਪਿੱਛੇ ਰਹਿ ਕੇ ਉਹਨਾਂ ਦਾ ਉਤਸਾਹ ਵਧਾਉਣ ਵਾਲਿਆਂ ਦੀ ਭੂਮਿਕਾ ਵੀ ਨਿਗੂਣੀ ਨਹੀਂ ਹੁੰਦੀ...

ਉਹਨਾਂ ਲਈ ਰਾਸ਼ਨ ਬਣਾਉਣ ਤੇ ਪਹੁੰਚਾਉਣ ਵਾਲਿਆਂ ਦਾ ਕਾਰਜ ਵੀ ਛੋਟਾ ਨਹੀਂ ਹੁੰਦਾ..

ਉਹਨਾਂ ਬਾਰੇ ਚਰਚਾ ਕਰਕੇ ਜਾਂ ਸੰਵਾਦ ਛੇੜਕੇ, ਉਹਨਾਂ ਦਾ ਮਕਸਦ ਬਾਕੀਆਂ ਤੱਕ ਪਹੁੰਚਾਉਣ ਵਾਲਿਆਂ ਦੀ ਭੂਮਿਕਾ ਵੀ ਸਰਾਹੁਣਯੋਗ ਹੁੰਦੀ ਹੈ..

ਇਥੋਂ ਤੱਕ ਕਿ ਜੰਗ ਜਿੱਤ ਕੇ ਆਉਣ ਵੇਲੇ ਹਾਰ ਪਾ ਕੇ ਸੁਆਗਤ ਕਰਨ ਲਈ ਖੜੇ ਹੋਣ ਵਾਲਿਆਂ ਦੀ ਵੀ ਹਮੇਸ਼ਾ ਲੋੜ ਹੁੰਦੀ ਹੈ ਤਾਂ ਜੋ ਵਾਪਸ ਮੁੜਨ ਵੇਲੇ ਯੋਧਿਆਂ ਨੂੰ ਨਾਇਕਤਵ ਦਾ ਅਹਿਸਾਸ ਹੋਵੇ...

ਇਸ ਵੇਲੇ ਵੀ ਅਜਿਹਾ ਕੁਝ ਵਾਪਰ ਰਿਹਾ ਹੈ...

ਸੀਏਏ ਤੇ ਐਨਆਰਸੀ ਦੇ ਸੰਘਰਸ਼ ਤੋਂ ਬਾਅਦ ਇਕ ਵਾਰ ਫਿਰ ਸਾਡੇ ਅੰਦਰ ਸੁੱਤੀ ਇਨਸਾਨੀਅਤ ਨੇ ਅੰਗੜਾਈ ਭਰੀ ਹੈ...

ਬਹੁਤ ਸਾਰੇ ਲੋਕ ਜ਼ਮੀਰ ਦੀ ਆਵਾਜ਼ ਤੇ ਘਰਾਂ ਤੋਂ ਬਾਹਰ ਨਿੱਕਲ ਰਹੇ ਹਨ...

ਕੋਈ ਧਰਨੇ ਦੇ ਰਿਹਾ ਹੈ..

ਕੋਈ ਉਹਨਾਂ ਲਈ ਰਾਸ਼ਨ ਦਾ ਪ੍ਰਬੰਧ ਕਰ ਰਿਹਾ ਹੈ..

ਕੋਈ ਉਹਨਾਂ ਲਈ ਫੰਡ ਜੁਟਾ ਰਿਹਾ ਹੈ..

ਕੋਈ ਉਹਨਾਂ ਨੂੰ ਅਸੀਰਵਾਦ ਦੇ ਰਿਹਾ ਹੈ..

ਕੋਈ ਉਹਨਾਂ ਲਈ ਕਲਾ ਦੇ ਵੱਖ ਵੱਖ ਮਾਧਿਅਮ ਰਾਹੀਂ ਸਿਰਜਣਾ ਕਰ ਰਿਹਾ ਹੈ...

ਕੋਈ ਉਹਨਾਂ ਲਈ ਅਖ਼ਬਾਰਾਂ, ਟੀਵੀ ਰਾਹੀਂ ਡਿਬੇਟ ਕਰ ਰਿਹਾ ਹੈ...

ਕੋਈ ਫੇਸਬੁੱਕ ਜਾਂ ਵਟਸਐਪ ਤੇ ਪੋਸਟਾਂ ਪਾ ਕੇ ਦੂਜਿਆਂ ਨੂੰ ਸੁਚੇਤ ਕਰ ਰਿਹਾ ਹੈ ਤੇ ਲੜਨ ਵਾਲਿਆਂ ਨੂੰ ਇਹ ਅਹਿਸਾਸ ਕਰਾ ਰਿਹਾ ਹੈ...ਜੂਝਦੇ ਰਹੋ ਸਾਥੀਓ, ਸਾਡੀਆਂ ਦੁਆਵਾਂ ਅਤੇ ਸਾਥ ਤੁਹਾਡੇ ਨਾਲ ਹੈ...

ਹਰ ਜੰਗ ਏਦਾਂ ਹੀ ਲੜੀ ਜਾਂਦੀ ਹੈ...

# ਬਿਨਾਂ ਰਣਜੀਤ ਤੋਂ ਲੜਦੀਆਂ ਫੌਜਾਂ : ਸਿੱਖ ਅਗਵਾਈ ਦਾ ਸੰਕਟ

*ਗੁਰੂ ਸਾਹਿਬਾਨਾਂ ਨੇ ਕਿਰਤ ਅਤੇ ਵਪਾਰ ਨੂੰ ਸਿੱਖ ਜੀਵਨ ਜਾਚ ਦਾ ਅਹਿਮ ਹਿੱਸਾ ਬਣਾਇਆ ਹੈ। ਗੁਰੂ ਸਾਹਿਬਾਨਾਂ ਵਲੋਂ ਵਸਾਏ ਸਾਰੇ ਸ਼ਹਿਰ ਵਪਾਰ ਨੂੰ ਮੁੱਖ ਰੱਖ ਕੇ ਵਸਾਏ ਗਏ, ਪਰ ਪੰਜਾਬ ਵਿਚ ਖੇਤੀ ਲਈ ਮੌਜੂਦਾ ਕੁਦਰਤੀ ਹਾਲਤਾਂ ਨੇ ਇਸ ਕਿੱਤੇ ਨੂੰ ਲੋਕਾਂ ਦੀ ਜੀਵਨ ਜਾਚ ਦਾ ਅਹਿਮ ਹਿੱਸਾ ਬਣਾ ਦਿੱਤਾ ਸੀ। ਗੁਰੂ ਨਾਨਕ ਸਾਹਿਬ ਵਲੋਂ ਖੇਤੀ ਨੂੰ ਕਿੱਤੇ ਵਜੋਂ ਅਪਨਾਉਣਾ ਜਿੱਥੇ ਕਿਸਾਨੀ ਦੀ ਸਿੱਖੀ ਵਿਚ ਮਹੱਤਤਾ ਨੂੰ ਦਰਸਾਉਂਦਾ ਹੈ, ਉੱਥੇ ਇਸ ਕਿੱਤੇ ਨੂੰ ਧਾਰਮਿਕ ਉੱਚਤਾ ਵੀ ਪ੍ਰਦਾਨ ਕਰਦਾ ਹੈ।*

**- ਜਸਵੀਰ ਸਿੰਘ ਡੈਨਮਾਰਕ**

ਸਿੱਖ ਕਿਸਾਨੀ ਦੇ ਮੌਜੂਦਾ ਉਭਾਰ ਦਾ ਇਕ ਅਹਿਮ ਪੱਖ ਇਸ ਦੇ ਸਿੱਖੀ ਜੀਵਨ ਜਾਚ ਨਾਲ ਜੁੜੇ ਹੋਣ ਅਤੇ ਸਿੱਖ ਪੰਥ ਦੇ ਸੰਗਠਨਾਤਮਕ ਢਾਂਚੇ ਤੋਂ ਰਾਜਸੀ ਅਤੇ ਅਧਿਆਤਮ ਤਾਕਤ ਲੈਣਾ ਹੈ। ਇਸ ਉਭਾਰ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬਘੇਲ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਆਦਿ ਸਿੱਖ ਸਾਸ਼ਕਾਂ ਦੀ ਬਿੰਬਾਤਮਕ ਵਰਤੋਂ ਵੀ ਧਿਆਨ ਦੀ ਮੰਗ ਕਰਦੀ ਹੈ। ਇੱਥੇ ਇਹ ਤੱਥ ਵੀ ਮੁਹੱਤਵਪੂਰਨ ਹੈ ਕਿ ਸਿੱਖ ਕਿਸਾਨੀ ਵਲੋਂ ਇਨ੍ਹਾਂ ਰਾਜਸੀ ਬਿੰਬਾਂ ਦੀ ਵਰਤੋਂ ਕਿਸੇ ਸੁਚੇਤ ਕੌਮਵਾਦੀ ਰਾਜਸੀ ਪ੍ਰੋਗਰਾਮ ਦੇ ਸਿੱਟੇ ਵਜੋਂ ਨਹੀਂ ਹੋ ਰਹੀ ਬਲਕਿ ਇਹ ਬਿੰਬ ਸਿੱਖ ਕਿਸਾਨੀ ਦੇ ਅਚੇਤ ਸਮੂਹਿਕ ਮਨਾਂ ਅਤੇ ਯਾਦਾਂ ਵਿਚੋਂ ਉਪਜੇ ਹਨ। ਇਸ ਵਰਤਾਰੇ ਇਸ ਤੱਥ ਨੂੰ ਵੀ ਪੱਕਿਆਂ ਕਰ ਦਿੱਤਾ ਹੈ ਕਿ ਸਿੱਖ ਸਮਾਜ ਸਿੱਖ ਧਰਮ ਦੀ ਉਪਜ ਹੈ, ਇਸ ਦੀ ਹੋਂਦ ਸਿੱਖ ਗੁਰੂ ਸਾਹਿਬਾਨਾਂ ਅਤੇ ਗੁਰੂ ਜੋਤ ਗੁਰੂ ਗ੍ਰੰਥ ਸਾਹਿਬ' ਵਿਚ ਅਟੁੱਟ ਵਿਸ਼ਵਾਸ਼ ਨਾਲ ਜੁੜੀ ਹੋਈ ਹੈ।

ਸਿੱਖ ਰਾਜਸੀ ਤਾਕਤ ਅਤੇ ਸਿੱਖ ਕਿਸਾਨੀ ਸਿੱਖ ਸਿਧਾਂਤ ਅਧਿਆਤਮਕ ਅਤੇ ਰਾਜਸੀ ਸਰੋਤਾਂ ਦੇ ਆਪਸੀ ਸੁਮੇਲ ਉੱਤੇ ਆਧਾਰਿਤ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬਾਨਾਂ ਨੇ ਕਿਰਤ ਅਤੇ ਵਪਾਰ ਨੂੰ ਸਿੱਖ ਜੀਵਨ ਜਾਚ ਦਾ ਅਹਿਮ ਹਿੱਸਾ ਬਣਾਇਆ ਹੈ। ਗੁਰੂ ਸਾਹਿਬਾਨਾਂ ਵਲੋਂ ਵਸਾਏ ਸਾਰੇ ਸ਼ਹਿਰ ਵਪਾਰ ਨੂੰ ਮੁੱਖ ਰੱਖ ਕੇ ਵਸਾਏ ਗਏ, ਪਰ ਪੰਜਾਬ ਵਿਚ ਖੇਤੀ ਲਈ ਮੌਜੂਦਾ ਕੁਦਰਤੀ ਹਾਲਤਾਂ ਨੇ ਇਸ ਕਿੱਤੇ ਨੂੰ ਲੋਕਾਂ ਦੀ ਜੀਵਨ ਜਾਚ ਦਾ ਅਹਿਮ ਹਿੱਸਾ ਬਣਾ ਦਿੱਤਾ ਸੀ। ਗੁਰੂ ਨਾਨਕ ਸਾਹਿਬ ਵਲੋਂ ਖੇਤੀ ਨੂੰ ਕਿੱਤੇ ਵਜੋਂ ਅਪਨਾਉਣਾ ਜਿੱਥੇ ਕਿਸਾਨੀ ਦੀ ਸਿੱਖੀ ਵਿਚ ਮਹੱਤਤਾ ਨੂੰ ਦਰਸਾਉਂਦਾ ਹੈ, ਉੱਥੇ ਇਸ ਕਿੱਤੇ ਨੂੰ ਧਾਰਮਿਕ ਉੱਚਤਾ ਵੀ ਪ੍ਰਦਾਨ ਕਰਦਾ ਹੈ।

ਕਿਸਾਨੀ ਕਿੱਤੇ ਨੂੰ ਮਿਲੀ ਧਾਰਮਿਕ ਉੱਚਤਾ ਉਸ ਸਮੇਂ ਰਾਜਸੀ ਤਾਕਤ ਦਾ ਬਿੰਬ ਬਣ ਗਈ ਜਦੋਂ ਸਿੱਖ ਪਹਿਲੀ ਵਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਥੋੜਚਿਰੇ ਰਾਜ ਕਾਲ ਦੌਰਾਨ ਪੰਜਾਬ ਦੇ ਰਾਜਸੀ ਮਾਲਕ ਬਣ ਗਏ। ਸਿੱਖ ਰਾਜ ਕਾਲ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਕਿਸਾਨੀ ਨੂੰ ਜ਼ਮੀਨ ਦੀ ਮਾਲਕੀ ਦੇ ਰਾਜਸੀ ਹੱਕ ਦੇ ਕੇ ਇਸ ਕਿੱਤੇ ਨੂੰ ਸਿੱਖ ਜੀਵਨ ਜਾਚ ਦਾ ਅਹਿਮ ਹਿੱਸਾ ਬਣਾਇਆ। ਸਿੱਖ ਰਾਜਸੀ ਤਾਕਤ ਦਾ ਸਭ ਤੋਂ ਸੰਗਠਿਤ ਰੂਪ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ 'ਖ਼ਾਲਸਾ ਰਾਜ' ਦੇ ਰੂਪ ਵਿਚ ਹੋਂਦ 'ਚ ਆਇਆ। ਭਾਵੇਂ ਇਹ ਰਾਜ 'ਰਾਜਸ਼ਾਹੀ' ਦੇ ਪ੍ਰੰਪਰਾਗਤ ਰੂਪ ਵਰਗਾ ਹੀ ਸੀ ਪਰ ਇਸ ਪ੍ਰਬੰਧ ਦਾ ਰਾਜਸੀ ਸੁਹੱਪਣ 'ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਸਰਕਾਰ ਅਤੇ ਅਕਾਲ ਤਖਤ ਅਤੇ ਸਿੱਖ ਫੌਜਾਂ ਦੇ ਰੂਪ ਵਿਚ' ਖ਼ਾਲਸਾਈ ਤਾਕਤ ਦਾ ਬੇਮਿਸਾਲ ਰਾਜਸੀ ਸੰਤੁਲਨ ਸੀ। ਇਸ ਰਾਜ ਪ੍ਰਬੰਧ ਦਾ ਆਧਾਰ 'ਸਿੱਖ ਸਿਧਾਂਤ' ਸਨ। ਇਹੀ ਕਾਰਨ ਸੀ ਕਿ 'ਜਮੀਨਾਂ ਦੀ ਮਾਲਕੀ' ਦਾ ਸਿਧਾਂਤ ਉਸੇ ਤਰ੍ਹਾਂ ਕਾਇਮ ਰਿਹਾ। ਇਸਦੇ ਨਾਲ ਹੀ ਆਮ ਕਿਸਾਨਾਂ ਦੀ ਜਗੀਰਦਾਰੀ, ਪ੍ਰਬੰਧ ਰਾਹੀਂ ਲੁੱਟ ਖਸੁੱਟ ਉੱਤੇ ਵੀ ਰੋਕ ਲੱਗੀ ਰਹੀ। ਇਸ ਦੇ ਉਲਟ ਪੰਜਾਬ ਵਿਚ ਦੂਜੇ ਸਿੱਖ ਰਾਜਿਆਂ ਹੇਠ ਜਗੀਰੂ ਪ੍ਰਬੰਧ ਲਾਗੂ ਹੀ ਨਹੀਂ ਕੀਤਾ ਗਿਆ, ਨਾਲ ਹੀ ਕਿਸਾਨੀ ਦੀ ਲੁੱਟ ਖਸੁੱਟ ਦੇ ਇਤਿਹਾਸਕ ਪ੍ਰਮਾਣ ਮੌਜੂਦ ਹਨ। ਪਟਿਆਲਾ ਰਾਜਾਸ਼ਾਹੀ ਇਸ ਵਰਤਾਰੇ ਦੀ ਉਘੜਵੀਂ ਮਿਸਾਲ ਹੈ। ਇਨ੍ਹਾਂ ਰਾਜਾਂ ਵਿਚ ਖ਼ਾਲਸਾਈ ਤਾਕਤ ਦਾ ਡੰਡਾ ਰਾਜੇ ਉੱਤੇ ਨਹੀਂ ਸੀ।

ਅੰਗਰੇਜ਼ਾਂ ਦੀ ਗੁਲਾਮੀ ਅਤੇ ਬ੍ਰਾਹਮਣਵਾਦੀ ਰਾਸ਼ਟਰਵਾਦ ਦਾ ਜਕੜਬੰਦ ਸਿੱਖ ਫੌਜਾਂ ਦੀ ਹਾਰ ਅਤੇ 'ਦੇਸ਼ ਪੰਜਾਬ' ਦੇ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਜਾਣ ਨਾਲ ਪੰਜਾਬ ਵਿਚ ਦੋ ਮਹੱਤਵਪੂਰਨ ਬਦਲਾਅ ਆਏ। ਪਹਿਲਾ ਬਦਲਾਅ ਸਿੱਖਾਂ ਦੇ ਰਾਜਸੀ ਜੀਵਨ ਵਿਚ ਆਏ ਮਾਨਸਿਕ ਬਦਲਾਅ ਸਨ। ਦੂਜਾ ਅਹਿਮ ਬਦਲਾਅ ਆਰਥਿਕ ਜੀਵਨ ਉੱਤੇ ਪਏ ਅਸਰ ਦਾ ਸਿੱਟਾ ਸੀ। ਇਸ ਦੇ ਨਾਲ ਹੀ ਸਭ ਤੋਂ ਨਾਂਹਵਾਦੀ ਅਸਰ ਸਿੱਖ ਬੌਧਿਕ ਵਰਗ ਦਾ ਚੇਤਨਾਹੀਣ ਹੋ ਜਾਣ ਦੇ ਰੂਪ ਵਿਚ ਸਾਹਮਣੇ ਆਇਆ।

ਅੰਗਰੇਜ਼ਾਂ ਨੇ ਪੰਜਾਬ ਦੇ ਕਬਜ਼ੇ ਦੇ ਪਹਿਲੇ ਚਾਲੀ ਪੰਜਾਹ ਸਾਲ ਆਪਣੀ ਪ੍ਰੰਪਰਾ ਦੇ ਉਲਟ ਪੰਜਾਬ ਨੂੰ ਸਿਰਫ਼ ਫੌਜੀ ਤਾਕਤ ਨਾਲ ਹੀ ਸ਼ਾਸਤ ਕੀਤਾ। ਤਾਕਤ ਦਾ ਫੌਜੀ ਢਾਂਚਾ ਬਣਾਉਣ ਤੋਂ ਬਾਅਦ ਹੀ ਅੰਗਰੇਜ਼ਾਂ ਨੇ ਪੰਜਾਬ ਵਿਚ ਕਾਨੂੰਨੀ ਢਾਂਚੇ ਸਿਰਜਣੇ ਸ਼ੁਰੂ ਕੀਤੇ। ਇਨ੍ਹਾਂ ਕਾਨੂੰਨੀ ਢਾਂਚਿਆਂ ਨੇ ਸਿੱਖ ਇਲੀਟ ਵਰਗ ਦਾ ਖਾਸਾ ਪੂਰੀ ਤਰ੍ਹਾਂ ਬਦਲ ਦਿੱਤਾ। ਮਹਾਰਾਜਾ ਦਲੀਪ ਸਿੰਘ ਦੀ ਹੋਣੀ ਅਤੇ ਬਾਬਾ ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਦਾ ਵਰਤਾਰਾ ਪਰੰਪਰਾਗਤ ਸਿੱਖ ਰਾਜਸੀ ਤਾਕਤ ਦੇ ਨਿੱਸਲ ਹੋ ਜਾਣ ਦੇ ਪ੍ਰਤੱਖ ਪ੍ਰਤੀਕ ਹਨ। ਰਾਜਸੀ ਤਾਕਤ ਦੇ ਇਸ ਬਦਲਾਅ ਨੇ ਸਿੱਖ ਸਰਦਾਰਾਂ ਦੀ ਪੰਥ ਪ੍ਰਤੀ ਵਫ਼ਾਦਾਰੀ ਉੱਤੇ ਡੂੰਘੀ ਸੱਟ ਮਾਰੀ। ਪੰਥ ਦਾ ਇਹ ਇਲੀਟ ਹਿੱਸਾ 'ਟੋਡੀਆਂ' ਦਾ ਰੂਪ ਧਾਰਨ ਕਰ ਗਿਆ। ਇਸ ਦੇ ਨਾਲ ਹੀ ਅੰਗਰੇਜ਼ੀ ਰਾਜ ਦੀ ਆਮਦ ਨੇ ਸਿੱਖ ਆਰਥਿਕ ਪ੍ਰਬੰਧ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਅੰਗਰੇਜ਼ੀ ਰੁਪਏ ਨੇ ਪੰਜਾਬ ਦੀ ਸਿੱਖ ਤਰਜੇ ਜਿੰਦਗੀ ਤੇ ਡੂੰਘੇ ਅਸਰ ਪਾਏ। ਇਸ ਨੇ ਜਗੀਰਦਾਰੀ ਪ੍ਰਬੰਧ ਪੈਦਾ ਕੀਤਾ ਅਤੇ ਸਿੱਖ ਕਿਸਾਨੀ ਪਹਿਲੀ ਵਾਰ ਬਾਜ਼ਾਰੂ ਲੁੱਟ ਖਸੁੱਟ ਦਾ ਸ਼ਿਕਾਰ ਹੋਈ। ਪਿੰਡਾਂ ਵਿਚਲੀ 'ਵਟਾਂਦਰਾ ਪ੍ਰਣਾਲੀ' (ਜੋ ਕਿ ਆਮ ਸਹਿਜ ਜ਼ਿੰਦਗੀ ਦਾ ਆਧਾਰ ਸੀ) ਨੂੰ ਇਸ ਆਰਥਿਕ ਬਦਲਾਅ ਨੇ ਤਕੜੀ ਸੱਟ ਮਾਰੀ।

ਇਸ ਦੇ ਨਾਲ ਹੀ ਇਕ ਹੋਰ ਰਾਜਸੀ ਵਰਤਾਰਾ ਜੋ ਕਿ ਬ੍ਰਾਹਮਣਵਾਦੀ ਤਾਕਤ ਨਾਲ ਸਬੰਧਿਤ ਸੀ ਨੇ ਵੀ ਸਿੱਖਾਂ ਦੇ ਧਾਰਮਿਕ/ਰਾਜਸੀ ਜੀਵਨ ਨੂੰ ਪ੍ਰਭਾਵਿਤ ਕੀਤਾ। ਇਹ ਵਰਤਾਰਾ ਬ੍ਰਾਹਮਣਵਾਦੀ, ਰਾਸ਼ਟਰਵਾਦੀ, ਜਕੜਬੰਦੀ ਸੀ। ਜਿਸ ਨੇ ਰਾਜਸੀ ਤੌਰ 'ਤੇ ਨਿੱਸਲ ਹੋਈ ਸਿੱਖ ਅਗਵਾਈ ਅਤੇ ਸਿੱਖ ਬੌਧਿਕਤਾ ਨੂੰ ਭਾਰਤੀ ਰਾਜਸੀ ਹਿੱਤਾਂ ਲਈ ਅੰਗਰੇਜ਼ਾਂ ਵਿਰੁਧ ਖ਼ੂਬ ਵਰਤਿਆ। ਸਿੱਖਾਂ ਦੇ ਸਮੂਹਿਕ ਮਨਾਂ ਵਿਚ ਆਪਣੇ ਰਾਜ ਦੇ ਅੰਗਰੇਜ਼ਾਂ ਹੱਥੋਂ ਖਾਤਮੇ ਦੀ ਪੀੜ ਦਾ ਬ੍ਰਾਹਮਣਵਾਦੀ ਰਾਸ਼ਟਰਵਾਦੀਆਂ ਵਲੋਂ ਰੱਜ ਕੇ ਸੋਸ਼ਣ ਕੀਤਾ ਗਿਆ। ਇਹ ਵਰਤਾਰਾ ਸਿੱਖ ਰਾਜਸੀ ਆਗੂਆਂ ਦੇ ਭਾਰਤੀਕਰਨ ਦੇ ਰੂਪ ਵਿਚ ਸਾਹਮਣੇ ਆਇਆ। ਸਿੱਖ ਕਿਸਾਨੀ ਦਾ ਮੌਜੂਦਾ ਉਭਾਰ ਆਪਣੇ ਕਈ ਉਸਾਰੂ ਪੱਖਾਂ ਦੇ ਬਾਵਜੂਦ ਇਸ 'ਦੁਖਾਂਤ' ਨੂੰ ਰੂਪਮਾਨ ਕਰ ਰਿਹਾ ਹੈ। ਇਸ ਉਭਾਰ ਨੇ 'ਸਿੱਖ ਰਾਜਸੀ ਤਾਕਤ' ਅਤੇ ਸਿੱਖ ਧਾਰਮਿਕ, ਰਾਜਨੀਤਕ, ਆਰਥਿਕ ਹਿੱਤਾਂ ਨੂੰ ਪ੍ਰਣਾਲੀ ਕੌਮਵਾਦੀ ਅਗਵਾਈ ਦੀ ਸਦੀਵੀ ਲੋੜ ਨੂੰ ਅਤਿ ਮਹੱਤਵਪੂਰਨ ਬਣਾ ਦਿੱਤਾ ਹੈ।

---



**- ਪਰਦੀਪ ਸਿੰਘ**

## ਮੋਰਚੇ ਵਾਲੇ ਤਿੰਨਾਂ ਬਾਡਰਾਂ ਤੋਂ ਅੱਖੀਂ ਡਿੱਠਾ ਹਾਲ

# ਪੰਜਾਬ ਵਸਦਾ ਗੁਰਾਂ ਦੇ ਨਾਂ ਤੇ

ਘਰੋਂ ਜਦੋਂ ਸਿੰਘੂ ਬਾਰਡਰ ਵੱਲ ਚਾਲੇ ਪਾਏ ਤਾਂ ਦਿੱਲੀ ਘੇਰੀ ਬੈਠੇ ਕਿਸਾਨਾਂ ਦੇ ਮੋਰਚੇ ਬਾਰੇ ਤੇਜੀ ਨਾਲ ਵੱਧ ਰਹੇ ਸਾਂ ਤਾਂ ਮਨ ਕੁੱਝ .... ਸਰਕਾਰ ਤੋਂ ਆਪਣੀਆਂ ਹੱਕੀ ਮੰਗ ਮੰਨਵਾਉਣ ਦੇਸ ਪੰਜਾਬ ਅਤੇ ਬਾਕੀ ਭਾਰਤ ਵਿਚੋਂ ਵੱਡੇ ਪੱਧਰ ਉੱਤੇ ਕਿਸਾਨ ਤੇ ਮਜਦੂਰ ਦਿੱਲੀ ਵਿਖੇ ਮੋਰਚਾ ਲਾਈ ਬੈਠੇ ਹਨ। ਹਰ ਬੰਦਾ ਆਪੋ ਆਪਣੇ ਹਿਸਾਬ ਨਾਲ ਇਸ ਸੰਘਰਸ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ ਭਾਵੇਂ ਜਿੱਤ ਲਈ ਅਰਦਾਸ ਹੀ ਕਰੇ।

। ਮੈ ਪੰਜਾਬ ਵਿੱਚ ਚੱਲ ਸੰਭੂ ਮੋਰਚੇ ਦੇ ਪ੍ਰਬੰਧਾਂ (ਜੋ ਕਿ ਪਿਛਲੇ ਦਿਨੀਂ ਦਿੱਲੀ ਵਿਖੇ ਭੇਜ ਦਿੱਤਾ ਗਿਆ ਸੀ) ਵਿੱਚੋਂ ਸੇਵਾ ਮੁਕਤ ਹੋ ਕੇ ਦਿੱਲੀ (ਸਿੰਘੂ ਬਾਰਡਰ) ਵਿਖੇ ਹਾਜਰੀ ਭਰੀ।

। ਜਦੋਂ ਘਰੋਂ ਤੁਰਿਆ ਤਾਂ ਸੋਚ ਰਿਹਾ ਸਾਂ ਕਿ ਜੰਗ ਦੇ ਮੈਦਾਨ ਵਿੱਚ ਚੱਲਿਆਂ ਹਾਂ ਜਿੱਥੇ ਹਰ ਇੱਕ ਘੰਟੇ ਮਗਰੋਂ ਹਾਲਾਤ ਬਦਲਦੇ ਹਨ ਪਤਾ ਨਹੀਂ ਕਦੋਂ ਕੀ ਵਾਪਰ ਜਾਣਾ ਪਰ ਕੋਈ ਡਰ ਭੈਅ ਕਿਉਂ ਨਹੀਂ ? । ਉੱਤਰ ਉਦੋਂ ਮਿਲਿਆਂ ਜਦੋਂ ਸਿੰਘੂ ਬਾਰਡਰ ਵੱਲ ਤੇਜੀ ਨਾਲ ਵੱਧ ਰਹੇ ਇੱਕ ਭਾਈ ਸਾਹਿਬ ਨਾਲ ਗੱਲ-ਬਾਤ ਹੋਈ ਜੋ ਕਿ ਖੰਨੇ ਵੱਲ ਕਿਸੇ ਪਿੰਡ ਦਾ ਰਹਿਣ ਵਾਲਾ ਕਿਸਾਨ ਸੀ।

ਜਦੋਂ ਮੇਰੇ ਨਾਲ ਗਏ ਸਾਥੀ ਭਾਜੀ ਅਜੈਪਾਲ ਸਿੰਘ ਹੋਰਾਂ ਨੇ ਪੁੱਛਿਆਂ ਕਿ "ਬਾਈ ਜੀ ਕਿਵੇਂ ਲੱਗ ਰਿਹਾ ਸਰਕਾਰ ਮੰਨ ਜਾਊ ਛੇਤੀ ਕਿ ਨਹੀਂ ? "

ਤਾਂ ਕਹਿੰਦਾ ਸਰਕਾਰ ਅੱਜ ਮੰਨੇ ਜਾ ਕੱਲ੍ਹ ਪਰ ਅਸੀਂ ਸਾਰੇ ਗੁਰੂ ਪਾਤਸਾਹ ਅੱਗੇ ਅਰਦਾਸ ਕਰਕੇ ਆਏ ਹਾਂ ਕਿ ਆਖਰੀ ਦਮ ਤੱਕ ਲੜਾਂਗੇ....

ਨਾਲ ਹੀ ਕਹਿੰਦਾ ਮੇਰਾ 19 ਕੁ ਸਾਲਾ ਇੱਕੋ ਇੱਕ ਮੁੰਡਾ ਹੈ ਜਦੋਂ ਅੱਜ ਮੈ ਘਰੋਂ ਤੁਰਿਆ ਤਾਂ ਮੈਨੂੰ ਕਹਿੰਦਾ "ਡੈਡੀ ਤੂੰ ਚੱਲ ਮੈ ਵੀ ਸਾਰੇ ਕੰਮ-ਕਾਰ ਨਿਬੇੜ ਕੇ ਮੋਟਰ ਸਾਈਕਲ ਹੀ ਦਿੱਲੀ ਵੱਲ ਖਿੱਚ ਦੇਣਾ...."

ਮੈ ਇੱਕ ਦਮ ਉਸ ਸੋਹਣੀ ਪੱਗ ਵਾਲੇ ਸਰਦਾਰ ਵੱਲ ਵੇਖਿਆ ਤਾਂ ਉਸ ਦੀ ਅੱਖਾਂ ਵਿੱਚ ਅਜੀਬ ਹੀ ਚਮਕ ਸੀ ਅਤੇ ਉਹ ਕਿੰਨਾ ਸਾਂਤ ਚਿੱਤ ਨਿਰਭਉ ਤੇ ਨਿਰਵੈਰੁ ਸੀ ਬਸ ਉਦੋਂ ਹੀ ਸਮਝ ਗਿਆ ਆਹ ਸਾਰਾ ਵਰਤਾਰਾ ਪੰਜਾਬ ਦਾ ਦਿੱਲੀ ਦੀ ਹਿੱਕ ਉੱਤੇ ਜਾ ਚੜ੍ਹਣਾ ਮਨੁੱਖੀ ਅਕਲਾਂ/




*ਸਿੱਖ ਇਤਿਹਾਸ ਪੜ੍ਹ ਰਿਹਾ ਕਿਸਾਨ*
*ਫੋਟੋਕਾਰ: ਬਲਬੀਰ ਸਿੰਘ*

ਸਮਝਾਂ ਤੋਂ ਪਾਸੇ ਹੈ ਇਹਨਾਂ ਸਭ ਪਾਕ ਰੂਹਾਂ ਦੀ ਅਗਵਾਈ ਬਾਜਾਂ ਵਾਲਾ ਸੱਚਾ ਪਾਤਸਾਹ ਹੀ ਕਰ ਰਿਹਾ ਹੈ। ਮੇਰੇ ਵਰਗੀ ਡਰੂ ਜਿਹੇ ਵੀ ਬਿਨਾ ਕਿਸੇ ਭੈਅ ਇਨ੍ਹਾਂ ਹੀ ਰੂਹਾਂ ਦੀ ਲੋਰ ਵਿੱਚ ਦਿੱਲੀ ਆ ਖੜ੍ਹੇ....

ਅਖੀਰੀ ਸਿੰਘੂ ਬਾਰਡਰ ਪਹੁੰਚ ਕੇ ਹਰ ਇੱਕ ਆਉਂਦਾ ਜਾਂਦਾ ਜਥਾ ਇਉ ਲੱਗਿਆ ਜਿਵੇਂ ਕਿ ਫੌਜੀ ਪਰੇਡ ਕਰਦੇ ਫਿਰਦੇ ਹੋਣ। ਟਰੈਕਟਰਾਂ ਉੱਤੇ ਚੱਲ ਰਹੀਆਂ ਟੇਪਾਂ ਜਿਵੇਂ ਜੰਗੀ ਨਗਾਰੇ ਵੱਜ ਰਹੇ ਹੋਣ ਅਤੇ ਸਟੇਜਾਂ ਵੈਰੀ ਨੂੰ ਲਲਕਾਰ ਰਹੀਆ ਹੋਣ ਅਤੇ ਰੰਗ ਬਰੰਗੀਆ ਪੱਗਾਂ ਵੈਰੀ(ਬਿੱਪਰ) ਦਾ ਮੂੰਹ ਚਿੜਾ ਰਹੀਆਂ ਹੋਣ ਕਿ ਆਹ ਵੇਖ "ਪੰਜਾਬ ਵਸਦਾ ਗੁਰਾਂ ਦੇ ਨਾਂ ਤੇ" ਚੜ੍ਹਦੀ ਕਲਾ ਚੜ੍ਹਦੀ ਕਲਾ

ਹੁਣੇ ਗਾਜੀਪੁਰ ਬਾਰਡਰ(ਯੂ.ਪੀ.) ਤੋਂ ਨਿਕਲੇ ਹਾਂ। ਹਜਾਰਾਂ ਹੀ ਸੰਗਤਾਂ ਇੱਥੇ ਵੀ ਮੋਰਚਾ ਉੱਤੇ ਡਟੀਆਂ ਹੋਈਆਂ ਹਨ। ਮੂਹਰਲੀਆਂ ਕਤਾਰਾਂ ਵਿੱਚ ਆਪਣੇ ਯੂ.ਪੀ. ਵਾਲੇ ਪੰਜਾਬੀ ਭਰਾ ਡਟੇ ਨੇ ਅਤੇ ਉਹਨਾਂ ਮਗਰੇ ਬਾਕੀ ਕਿਸਾਨ, ਮਜਦੂਰ ਖੜੇ ਹਨ। ਇੱਥੇ ਬਹੁਤੀਆਂ ਲੰਗਰ, ਪਾਣੀ ਆਦਿ ਦੀਆਂ ਸੇਵਾਵਾਂ ਵੀ ਆਪਣੇ ਯੂ.ਪ੍ਰੀ. ਵਾਲੇ ਪੰਜਾਬੀ ਸਰਦਾਰ ਹੀ ਨਿਭਾਅ ਰਹੇ ਹਨ। ਨਜਾਰਾ ਓਹੀਓ ਤੱਕਿਆ ਜੋ ਸਿੰਘੂ ਅਤੇ ਟਿੱਕਰੀ ਬਾਰਡਰ ਉੱਤੇ "ਦੇਗ ਤੇਗ ਫਤਿਹ ਚੜ੍ਹਦੀ ਕਲਾ" ਵਾਲਾ ਹੈ। ਇਸ ਮੋਰਚੇ ਤੇ ਦਿੱਲੀ ਅਤੇ ਯੂ.ਪੀ. ਦੀਆਂ ਆਮ ਸਿੱਖ ਸੰਗਤਾਂ ਆਪ ਦਾ ਬਣਦਾ ਯੋਗਦਾਨ ਪਾ ਵੀ ਰਹੀਆਂ ਹਨ ...

ਪਿਛਲੇ ਕਈ ਦਿਨਾਂ ਦਾ ਸੁਣ ਰਿਹਾ ਸਾਂ ਕਿ ਟਿੱਕਰੀ ਬਾਰਡਰ ਉੱਤੇ ਦਿੱਲੀ ਤਖਤ ਨਾਲ ਮੱਥਾ ਲਾਉਣ ਆਈਆਂ ਫੌਜਾ ਲਈ ਵੱਡੇ ਪੱਧਰ ਉੱਤੇ ਲੰਗਰ ਪਾਣੀ ਜਰੂਰੀ ਵਸਤਾਂ ਆਦਿ ਦੀ ਘਾਟ ਹੈ ਅਤੇ ਬਹੁਤ ਸਾਰੇ ਸੱਜਣਾਂ ਸਿੰਘੂ ਬਨਾਮ ਟਿੱਕਰੀ ਬਾਰਡਰ ਬਣਾ ਕੇ ਇੱਕ ਮੁਹਿੰਮ ਵੀ ਚਲਾਈ ਸੀ ਆਖੇ "ਟਿੱਕਰੀ ਬਹੁਤੀ ਹੀ ਪਦਾਰਥਕ ਗਰੀਬੀ ਤੇ ਸਿੰਘੂ ਬਾਰਡਰ ਵਿਖੇ ਅਮੀਰੀ ਹੈ" ਜੋ ਕਿ ਸਾਡੀ ਅੱਜ ਦੀ ਟਿਕਰੀ ਬਾਰਡਰ ਦੀ ਫੇਰੀ ਅਤੇ ਉੱਥੇ ਪਹੁੰਚੀਆਂ ਸੰਗਤਾਂ ਦੁਆਰਾ ਦਿੱਤੀ ਜਾਣਕਾਰੀ ਨੇ ਅਫਵਾਹ ਸਾਬਤ ਕੀਤੀ। ਇੱਥੇ ਤਾਂ ਚਾਰੇ ਪਾਸੇ ਜੈ ਜੈ ਕਾਰ ਚੜ੍ਹਦੀ ਕਲਾ ਹੈ, ਗੁਰੂ ਸਾਹਿਬ ਅੰਗ ਸੰਗ ਸਹਾਈ ਹਨ .. ਹਰਿਆਣਾ ਵਾਲੇ ਵੀਰ ਟਰੈਕਟਰ ਮਗਰੇ ਦੋ ਟ੍ਰਾਲੀਆਂ ਪਾਈ ਫਿਰਦੇ ਚਾਹ, ਚੀਨੀ, ਦੁੱਧ, ਪਾਣੀ ਅਤੇ ਆਲੂ ਆਦਿ ਦਾ ਹੋਕਾ ਦੇ ਰਹੇ ਸਨ। ਪੰਜਾਬ ਵਾਲਿਆਂ ਦੋਵੇਂ ਹੱਥ ਜੋੜ ਕਿਹਾ ਕਿ "ਚੜ੍ਹਦੀ ਕਲਾ ਚੜ੍ਹਦੀ ਕਲਾ" ਸਾਨੂੰ ਕਿਸੇ ਚੀਜ ਦੀ ਲੋੜ ਨਹੀਂ ਤੁਸੀਂ ਅੱਗੇ ਵੰਡ ਆਓ ਅਤੇ ਹੁਣ ਸਾਡੇ ਕੋਲੋਂ ਤੁਸੀਂ ਪਰਸਾਦਾ ਪਾਣੀ ਛਕ ਕੇ ਹੀ ਜਾਣਾ।

# ਸਹੀ ਸਿੱਧ ਹੁੰਦਾ ਜਾਪਦੈ ਸ਼ੰਭੂ ਮੋਰਚੇ ਦਾ ਐਲਾਨਨਾਮਾ

## ਸਰਕਾਰ ਵੱਲੋਂ ਅਖਤਿਆਰ ਕੀਤੇ ਸਖਤ ਰੁਖ ਦੇ ਮੱਦੇਨਜ਼ਰ ਇਹ ਲੜਾਈ ਲੰਮੇ ਸੰਘਰਸ਼ ਦਾ ਰੂਪ ਧਾਰੇਗੀ



ਅਸੀਂ ਸ਼ੁਰੂ ਤੋਂ ਹੀ ਇਹ ਗੱਲ ਸਪਸ਼ਟਤਾ ਨਾਲ ਕਹਿੰਦੇ ਆਏ ਹਾਂ ਕਿ ਇਹ ਸਿਰਫ ਘੱਟੋ-ਘੱਟ ਸਮਰਥਨ ਮੁੱਲ ਜਾਂ ਕੁਝ ਰਿਆਇਤਾਂ ਦਾ ਮਸਲਾ ਨਹੀਂ ਹੈ ਬਲਕਿ ਇਹ ਮਾਰੂ ਕਾਨੂੰਨ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਅਤੇ ਪੰਜਾਬ ਦੀ ਹੋਂਦ ਲਈ ਹੀ ਖਤਰਾ ਹਨ ਜਿਨ੍ਹਾਂ ਦਾ ਸਮਾਜਿਕ ਅਤੇ ਰਾਜਨੀਤਕ ਦੋਵਾਂ ਪੱਧਰਾਂ ਉੱਤੇ ਟਾਕਰਾ ਕਰਨ ਦੀ ਲੋੜ ਹੈ।

"ਸ਼ੰਭੂ ਮੋਰਚਾ" ਇਨ੍ਹਾਂ ਭਾਵਨਾਵਾਂ ਦੇ ਪ੍ਰਗਟਾਵੇ ਨੂੰ ਹੀ ਰੂਪਮਾਨ ਕਰਦਾ ਹੈ ਅਤੇ ਇਹ ਗੱਲ ਵੀ ਦਰਸਾਉਂਦਾ ਹੈ ਪੰਜਾਬ ਦਿੱਲੀ ਦੀ ਈਨ ਨਹੀਂ ਮੰਨੇਗਾ।

"ਸ਼ੰਭੂ ਮੋਰਚੇ" ਦਾ ਇੱਕ ਮੁੱਢਲਾ ਟੀਚਾ ਇਹ ਸੀ ਕਿ ਪੰਜਾਬ ਦੇ ਲੋਕਾਂ ਵਿੱਚ ਇਸ ਗੱਲ ਦੀ ਜਾਗਰੂਕਤਾ ਲਿਆਂਦੀ ਜਾਵੇ ਕਿ ਇਹ ਸਿਰਫ ਕੁਝ ਵਿੱਤੀ ਰਿਆਇਤਾਂ ਲੈਣ ਦਾ ਮਸਲਾ ਨਹੀਂ ਹੈ ਬਲਕਿ ਪੰਜਾਬ ਦੀ ਹੋਂਦ-ਹਸਤੀ ਦਾ ਮਸਲਾ ਹੈ। ਗੁਰੂ ਸਾਹਿਬਾਨ ਦੀ ਧਰਤ ਪੰਜਾਬ ਉੱਤੇ ਖੇਤੀ ਨੂੰ ਸਭ ਕਿੱਤਿਆਂ ਤੋਂ ਉੱਤਮ ਦਰਜਾ ਦਿੱਤਾ ਜਾਂਦਾ ਹੈ ਅਤੇ ਇੱਥੇ ਦਾ ਸੱਭਿਆਚਾਰ, ਆਰਥਿਕਤਾ, ਸਿਆਸਤ, ਪਛਾਣ- ਭਾਵ ਕਿ ਪੂਰੀ ਤਰਜ਼-ਏ-ਜ਼ਿੰਦਗੀ ਹੀ ਖੇਤੀ ਦੁਆਲੇ ਘੁੰਮਦੀ ਹੈ। ਦਿੱਲੀ ਦੇ ਨਵੇਂ ਕਾਨੂੰਨਾਂ ਨੇ ਇਸ ਸਭ ਦੀ ਹੋਂਦ ਲਈ ਖਤਰੇ ਖੜ੍ਹੇ ਕੀਤੇ ਹਨ।

ਇਹਨਾਂ ਕਾਨੂੰਨਾਂ ਦਾ ਵਿਰੋਧ ਕਰ ਰਹੇ ਲੱਖਾਂ ਕਿਸਾਨਾਂ ਅਤੇ ਲੋਕਤੰਤਰੀ ਤਰੀਕੇ ਨਾਲ ਚੁਣੇ ਨੁਮਾਇੰਦਿਆਂ ਵੱਲੋਂ ਪ੍ਰਗਟਾਈਆਂ ਭਾਵਨਾਵਾਂ ਨੂੰ ਸੱਤਾ ਦੇ ਹੰਕਾਰ ਵਿੱਚ ਬਿਲਕੁਲ ਨਜ਼ਰਅੰਦਾਜ਼ ਕਰਕੇ ਮੋਦੀ ਸਰਕਾਰ ਨੇ ਸਾਫ ਕੀਤਾ ਹੈ ਕਿ ਉਹ ਇਹਨਾਂ ਮਾਰੂ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਧੇਲਾ ਭਰ ਵੀ ਪਿੱਛੇ ਨਹੀਂ ਹਟੇਗੀ ਅਤੇ ਨਾ ਹੀ ਇਨ੍ਹਾਂ ਵਿੱਚ ਕੋਈ ਮਾਮੂਲੀ ਰਿਆਇਤ ਹੀ ਕਰੇਗੀ।

ਜਿਵੇਂ ਕਿ ਅਸੀਂ ਸ਼ੁਰੂ ਤੋਂ ਹੀ ਕਹਿੰਦੇ ਆ ਰਹੇ ਹਾਂ ਤੇ ਹੁਣ ਤਾਂ ਇਸ ਗੱਲ ਵਿੱਚ ਕੋਈ ਵੀ ਸ਼ੱਕ ਨਹੀਂ ਰਹਿ ਜਾਂਦਾ ਕਿ ਲੜਾਈ ਕੁਝ ਰਿਆਇਤਾਂ ਦੀ ਨਹੀਂ ਹੈ ਬਲਕਿ ਇਹ ਸਾਡੀ ਹੋਂਦ ਦਾ ਸੰਘਰਸ਼ ਹੈ। ਮੋਦੀ ਸਰਕਾਰ ਵੱਲੋਂ ਅਖਤਿਆਰ ਕੀਤੇ ਸਖਤ ਰੁਖ ਦੇ ਮੱਦੇਨਜ਼ਰ ਇਹ ਲੜਾਈ ਇੱਕ ਲੰਮੇ ਸੰਘਰਸ਼ ਦਾ ਰੂਪ ਧਾਰੇਗੀ ਜਿਸ ਨੂੰ ਕਿ ਸਿਆਸੀ ਪੱਧਰ ਉੱਤੇ ਲੜਨ ਦੀ ਜਰੂਰਤ ਹੈ। ਕਿਸਾਨ ਯੂਨੀਅਨਾਂ ਕੋਲ ਆਪਣੀ ਪੂਰੀ ਸੰਜੀਦਗੀ ਦੇ ਬਾਵਜੂਦ ਵੀ ਇਸ ਸਿਆਸੀ ਸੰਘਰਸ਼ ਦੀ ਲਾਮਬੰਦੀ ਕਰਨ ਲਈ ਲੋੜੀਂਦਾ ਜਥੇਬੰਦਕ ਢਾਂਚਾ, ਸਾਧਨ, ਤਜ਼ਰਬਾ ਨਹੀਂ ਹੈ ਤੇ ਅਜਿਹੀ ਲੜਾਈ ਸਿਰਫ ਇੱਕ ਸਿਆਸੀ ਧਿਰ ਹੀ ਲੜ ਸਕਦੀ ਹੈ।

ਪਰ ਸਮੱਸਿਆ ਇਹ ਹੈ ਕਿ ਅੱਜ ਕੋਈ ਵੀ ਵਾਹਿਦ ਤੇ ਭਰੋਸੇਯੋਗ ਸਿਆਸੀ ਜਥੇਬੰਦੀ ਜਾਂ ਪਾਰਟੀ ਨਹੀਂ ਹੈ ਜੋ ਇਸ ਜਿਮੇਵਾਰੀ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਸਕੇ। ਪੰਜਾਬ ਦੀਆਂ ਰਵਾਇਤੀ ਸਿਆਸੀ ਪਰਟੀਆਂ ਜਾਂ ਤਾਂ ਦਿੱਲੀ ਦੇ ਇਸ਼ਾਰਿਆਂ ਉੱਤੇ ਚੱਲਦੀਆਂ ਹਨ ਜਾਂ ਫਿਰ ਪੰਜਾਬ ਵਿਰੋਧੀ ਸ਼ਕਤੀਆਂ ਦੀਆਂ ਕਠਪੁਤਲੀਆਂ ਹਨ। ਅਸੀਂ ਅਜਿਹੀਆਂ ਧਿਰਾਂ ਤੋਂ ਉਮੀਦ ਨਹੀਂ ਕਰ ਸਕਦੇ ਕਿਉਂਕਿ ਪੰਜਾਬ ਦੇ ਹਿੱਤ ਇਨ੍ਹਾਂ ਦੀ ਪਹਿਲ ਨਹੀਂ ਹਨ।

ਸਾਨੂੰ ਲੱਖਾਂ ਹੀ ਪੰਜਾਬ ਹਿਤੈਸ਼ੀਆਂ ਨੇ ਸੋਸ਼ਲ-ਮੀਡੀਆ, ਫੋਨ ਅਤੇ ਈ-ਮੇਲ ਵਗੈਰਾ ਰਾਹੀਂ ਸੰਪਰਕ ਕਰਕੇ ਕਈ ਤਰ੍ਹਾਂ ਦੇ ਸੁਝਾਅ ਅਤੇ ਰਾਵਾਂ ਦਿੱਤੀਆਂ ਹਨ ਅਤੇ ਸ਼ੰਭੂ ਮੋਰਚੇ ਵਿੱਚ ਆਉਣ ਵਾਲੇ ਪੰਜਾਬ ਦੇ ਵਾਰਿਸਾਂ ਨਾਲ ਵੀ ਲੰਮੀਆਂ ਵਿਚਾਰਾਂ ਹੋਈਆਂ ਹਨ ਜਿਨ੍ਹਾਂ ਤੋਂ ਅਸੀਂ ਇਸ ਸਿੱਟੇ ਉੱਤੇ ਪਹੁੰਚੇ ਹਾਂ ਕਿ ਅੱਜ ਪੰਜਾਬ ਵਿੱਚ ਇੱਕ ਪੰਜਾਬ ਕੇਂਦਰਿਤ ਸਿਆਸੀ ਜਥੇਬੰਦੀ ਦੀ ਬਹੁਤ ਲੋੜ ਹੈ ਜਿਸ ਦਾ ਵਾਹਿਦ ਏਜੰਡਾ ਪੰਜਾਬ ਦੇ ਹਿੱਤਾ ਦੀ ਰਾਖੀ ਕਰਨਾ ਹੋਵੇ। ਅਸੀਂ ਇਹ ਵੀ ਵੇਖਿਆ ਹੈ ਕਿ ਪੰਜਾਬ ਵਿੱਚ ਹਰ ਪੱਧਰ ਉੱਤੇ ਅਜਿਹੇ ਗਹਿਰ-ਗੰਭੀਰ ਆਗੂਆਂ ਦੀ ਕੋਈ ਘਾਟ ਵੀ ਨਹੀਂ ਹੈ। ਲੋੜ ਇਸ ਗੱਲ ਦੀ ਹੈ ਕਿ ਅਜਿਹ ਆਗੂ ਪੰਜਾਬ ਦੀ ਬਿਹਤਰੀ ਦੇ ਲਈ ਇੱਕ ਮੰਚ ਉੱਤੇ ਆਉਣ।

ਬੀਤੇ ਸਮੇਂ ਵਿੱਚ ਵੀ ਜਦੋਂ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਹਨ ਤਾਂ ਪੰਜਾਬ ਦੇ ਲੋਕਾਂ ਨੇ ਬੜੇ ਉਤਸ਼ਾਹ ਨਾਲ ਅਜਿਹੀਆਂ ਕੋਸ਼ਿਸ਼ਾਂ ਦਾ ਸਾਥ ਦਿੱਤਾ ਹੈ ਪਰ ਬਦਕਿਸਮਤੀ ਹੀ ਕਹਿ ਲਵੋ ਕਿ ਇਹ ਯਤਨ ਬੁਰੀ ਤਰ੍ਹਾਂ ਨਾਕਾਮ ਹੋਏ ਅਤੇ ਨਤੀਜੇ ਵਿੱਚ ਨਿਰਾਸ਼ਾ ਦਾ ਆਲਮ ਹੋਰ ਗਹਿਰਾ ਹੁੰਦਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਪੱਖੀ ਰਵਾਇਤੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ, ਜੋ ਕਿ ਬਹੁਤ ਵੱਡੇ ਸੰਘਰਸ਼ਾ ਵਿੱਚੋਂ ਉੱਭਰੀ ਪਾਰਟੀ ਸੀ ਅਤੇ ਜਿਸ ਨੇ ਪੰਜਾਬ ਦੇ ਹਿੱਤਾਂ ਲਈ ਸੰਘਰਸ਼ ਕੀਤਾ ਸੀ, ਬੀਤੇ ਦਹਾਕਿਆਂ ਦੌਰਾਨ ਪੰਜਾਬ ਦੇ ਲੋਕਾਂ ਵਿਚੋਂ ਆਪਣੀ ਸਾਖ ਗਵਾ ਚੁੱਕੀ ਹੈ ਅਤੇ ਇਸਦੇ ਆਗੂ ਵੀ ਪੰਜਾਬ ਦੀ ਬਿਹਤਰੀ ਦੇ ਮਨੋਰਥਾਂ ਨੂੰ ਪਿੱਠ ਦੇ ਚੁੱਕੇ ਹਨ। ਇਹ ਪਾਰਟੀ ਅੱਜ ਪੰਜਾਬ ਵਿਰੋਧੀ ਸ਼ਕਤੀਆਂ ਦੀ ਕਠਪੁਤਲੀ ਬਣ ਗਈ ਹੈ ਅਤੇ ਇਹ ਉੱਪਰੋਂ ਹੇਠਾਂ ਤੱਕ ਪਰਵਾਰਵਾਦ ਅਤੇ ਵੱਡੀਖੋਰੀ ਵਰਗੀਆਂ ਅਲਾਮਤਾਂ ਨਾਲ ਗ੍ਰਸੀ ਗਈ ਹੈ। ਇਹ ਰੋਗ ਸ਼੍ਰੋਮਣੀ ਅਕਾਲੀ ਦਲ ਨੂੰ ਬੀਤੇ ਤਿੰਨ ਦਹਾਕਿਆਂ ਵਿੱਚ ਹੀ ਮਹਾਂਮਾਰੀ ਵਾਙ ਚਿੰਬੜਿਆ ਹੈ ਕਿਉਂਕਿ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਨਿਰਖ-ਪਰਖ ਅਤੇ ਆਗੂਆਂ ਤੇ ਕਾਰਕੁੰਨਾਂ ਉੱਤੇ ਸਿਧਾਂਤਕ ਕੁੰਡਾ ਰੱਖਣ ਦਾ ਇੱਕ ਬਕਾਇਦਾ ਮਜਬੂਤ ਪ੍ਰਬੰਧ ਮੌਜੂਦ ਸੀ।

ਅਸੀਂ ਮਹਿਸੂਸ ਕੀਤਾ ਹੈ ਕਿ ਮੌਜੂਦਾ ਰਾਜ-ਤੰਤਰ ਸਭ ਤੋਂ ਗਹਿਰ-ਗੰਭੀਰ ਸਿਆਸੀ ਅਗਵਾਈ ਨੂੰ ਵੀ ਬੇਈਮਾਨੀ ਦੇ ਰਾਹ ਪਾ ਲੈਂਦਾ ਹੈ ਅਤੇ ਇਹ ਜਾਣੇ-ਅਣਜਾਣੇ ਵਿੱਚ ਆਪਣੇ ਹੀ ਲੋਕਾਂ ਦੇ ਹਿੱਤਾਂ ਦੇ ਉਲਟ ਚੱਲਣ ਲੱਗ ਪੈਂਦੀ ਹੈ। ਇਸ ਲਈ ਸਾਨੂੰ ਸਿਆਸੀ ਤਬਦੀਲੀ ਤੋਂ ਪਹਿਲਾਂ ਸਮਾਜਿਕ ਇਨਕਲਾਬ ਦੀ ਲੋੜ ਹੈ। ਇਸ ਲਈ ਲੰਮੇ ਵਿਚਾਰ ਵਟਾਂਦਰਿਆਂ ਵਿੱਚੋਂ ਅਸੀਂ ਇਸ ਵੇਲੇ ਇਸ ਸਿੱਟੇ ਉੱਤੇ ਪਹੁੰਚੇ ਹਾਂ ਕਿ ਪੰਜਾਬ ਨੂੰ ਸਿਆਸੀ ਧਿਰ ਦੇ ਨਾਲ-ਨਾਲ ਇੱਕ ਬਹੁ-ਪੱਖੀ ਸਰਗਰਮ ਸਮਾਜਿਕ ਢਾਂਚੇ ਦੀ ਲੋੜ ਹੈ, ਜਿਸ ਵਿੱਚ ਪੰਜਾਬ ਦੇ ਹਿੱਤਾਂ ਲਈ ਕੰਮ ਕਰਨ ਵਾਲੀਆਂ ਸੁਹਿਰਦ ਸਖਸ਼ੀਅਤਾਂ ਦੀ ਸਮੂਲੀਅਤ ਹੋਵੇ ਅਤੇ ਇਹ ਸਮਾਜਿਕ ਲੀਡਰਸ਼ਿਪ ਸਿਆਸੀ ਅਗਵਾਈ ਉੱਤੇ ਵੀ ਸਿਧਾਂਤ ਦਾ ਕੁੰਡਾ ਕਾਇਮ ਰੱਖੇ। ਜਦੋਂ ਕਿਤੇ ਵੀ ਸਿਆਸੀ ਲੀਡਰਸ਼ਿਪ ਪੰਜਾਬ ਦੀ ਬਿਹਤਰੀ ਲਈ ਸਿਧਾਂਤਕ ਲੀਹ ਤੋਂ ਲਹਿਣ ਲੱਗੇ ਤਾਂ ਇਹ ਸਮਾਜਿਕ ਲੀਡਰਸ਼ਿਪ ਉਨ੍ਹਾਂ ਨੂੰ ਮੋੜਾ ਪਾ ਕੇ ਰਾਹੇ-ਰਾਸ ਉੱਤੇ ਲੈ ਕੇ ਆਵੇ।

ਅਸੀਂ "ਸ਼ੰਭੂ ਮੋਰਚੇ" ਦੇ ਮੰਚ ਨੂੰ ਪੰਜਾਬ, ਭਾਰਤ ਅਤੇ ਪੂਰੇ ਸੰਸਾਰ ਦੇ ਪੰਜਾਬ ਹਿਤੈਸ਼ੀਆਂ ਨੂੰ ਸਮਰਪਿਤ ਕਰਦੇ ਹਾਂ ਆਓ ਕਿ ਆਪਣੇ ਵਖਰੇਵਿਆਂ ਅਤੇ ਨਿੱਜੀ ਗਰਜਾਂ ਨੂੰ ਛੱਡ ਕੇ ਪੰਜਾਬ ਦੀ ਹੋਂਦ ਦੇ ਸੰਕਟ ਤੋਂ ਨਿਜਾਤ ਪਾਉਣ ਲਈ ਰਲ ਕੇ ਸੰਘਰਸ਼ ਕਰੀਏ। ਇਤਿਹਾਸਕ ਤੌਰ ਉੱਤੇ ਮਿਸਲਾਂ ਨੇ ਅਫਗਾਨਾਂ ਅਤੇ ਮੁਗਲਾਂ ਦੇ ਟਾਕਰੇ ਲਈ ਆਪਣੇ ਵਖਰੇਵਿਆਂ ਨੂੰ ਛੱਡ ਦਿੱਤਾ ਸੀ, ਆਓ ਆਪਾਂ ਆਪਣੇ ਪੁਰਖਿਆਂ ਤੋਂ ਸੇਧ ਲਈਏ। ਅੱਜ ਉਹੀ ਚੁਣੌਤੀਆਂ ਸਾਨੂੰ ਮੁੜ ਵੰਗਾਰ ਰਹੀਆਂ ਹਨ, ਆਓ ਆਪਣੀਆਂ ਗਰਜਾਂ ਨੂੰ ਛੱਡਦਿਆਂ ਇਕੱਠੇ ਹੋ ਕੇ ਇਨ੍ਹਾਂ ਚਣੌਤੀਆਂ ਨੂੰ ਸਵੀਕਾਰ ਕਰੀਏ।ਅਸੀਂ ਇਸ ਨਿਜ ਅਤੇ ਗਰਜਾਂ ਨੂੰ ਪਿੱਛੇ ਛੱਡ ਸਭ ਨੂੰ ਇਹ ਸਦਾ ਦਿੰਦੇ ਹਾਂ । ਇਹ ਸਾਡੀ ਪਛਾਣ ਅਤੇ ਹੋਂਦ ਦਾ ਮਸਲਾ ਹੈ। ਇਹ ਪੰਜਾਬ ਦਾ ਮਸਲਾ ਹੈ। ਇਹ ਸਾਡੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸਾਡੀ ਤਰਜੇ-ਜਿੰਦਗੀ ਦਾ ਮਸਲਾ ਹੈ। ਅਸੀਂ ਤੁਹਾਨੂੰ ਇਸ ਮੰਚ ਉੱਤੇ ਇਕੱਠੇ ਹੋ ਕੇ ਸਾਂਝੇ ਨਿਸ਼ਾਨੇ ਲਈ ਰਲ ਕੇ ਕੰਮ ਕਰਨ ਦਾ ਸੱਦਾ ਦਿੰਦੇ ਹਾਂ। ਯਾਦ ਰਹੇ ਕਿ ਸਾਡੇ ਫੈਸਲਿਆਂ ਅਤੇ ਕਰਮਾਂ ਦਾ ਨਿਆਂ ਇਤਿਹਾਸ ਖੁਦ ਕਰੇਗਾ।

**ਵਲੋਂ ਸੰਭੂ ਮੋਰਚਾ ਪੰਚਾਇਤ**
**ਦੀਪ ਸਿੱਧੂ, ਜੋਗਾ ਸਿੰਘ ਚਪੜ, ਹਰਪ੍ਰੀਤ ਦੇਵਗਨ, ਹਾਕਮ ਸਿੰਘ, ਅਜੈਪਾਲ ਸਿੰਘ ਬਰਾੜ**

# ਦੁਨੀਆਂ ਭਰ ਵਿੱਚ ਚਰਚਾ ਦਾ ਵਿਸਾ ਬਣੇ ਭਾਰਤ ਦੇ ਕਿਸਾਨ ਅੰਦੋਲਨ ਦੇ ਫੈਸਲਾਕੁਨ ਪੜ੍ਹਾਅ "ਦਿੱਲੀ ਨੂੰ ਚਾਰ ਚੁਫੇਰਿਓਂ ਪਾਏ ਕਿਸਾਨ ਘੇਰੇ" ਦੀਆਂ ਕੁੱਝ ਹੋਰ ਝਲਕਾਂ



# ਮੁੜ ਆਏ ਜਾਬਰਾਂ ਨੂੰ ਭਜਾਉਣ ਦੇ ਦਿਨ, ਰੂਹਾਂ ਰੁਸ਼ਨਾਉਣ ਦੇ ਦਿਨ

**ਕਿਸਾਨ ਅੰਦੋਲਨ ਨੇ ਸਿਰਫ਼ ਕਿਸਾਨਾਂ ਅਤੇ ਕਿਰਤੀ ਕਾਮਿਆਂ ਵਿੱਚ ਨਵਾਂ ਜੋਸ਼ ਭਰਿਆ ਹੈ ਬਲਕਿ ਲੇਖਕਾਂ ਕਲਾਕਾਰਾਂ ਵਿੱਚ ਬੜੀ ਉਤਸ਼ਾਹਜਨਕ ਰਵਾਨਗੀ ਵੇਖਣ ਨੂੰ ਮਿਲੀ ਹੈ। ਪੰਜਾਬੀ ਸ਼ਾਇਰਾਂ ਦੀ ਦੇਣ ਵੀ ਵੇਖਣ ਹੀ ਵਾਲੀ ਹੈ। ਜਾਬਰਾਂ ਨੈਂ ਵੰਗਾਰ, ਲਲਕਾਰ ਅਤੇ ਯੋਧਿਆਂ ਦੀ ਜੈ ਜੈ ਕਾਰ ਨਵੀਂ ਸ਼ਾਇਰੀ ਦੀ ਪ੍ਰਧਾਨ ਸੁਰ ਕਹੀ ਜਾ ਸਕਦੀ ਹੈ। ਪੰਜਾਬੀ ਸਾਹਿਤ ਜਗਤ ਦੇ ਉੱਘੇ ਹਸਤਾਖ਼ਰ ਪ੍ਰੋਫੈਸਰ ਗੁਰਭਜਨ ਗਿੱਲ, ਜਿਨ੍ਹਾਂ ਨੇ 'ਧਰਤ ਵੰਗਾਰੇ ਤਖ਼ਤ ਨੂੰ' ਅਨੁਵਾਨ ਹੇਠ ਕਾਵਿ ਰਚਨਾਵਾਂ ਦੇ ਭੰਡਾਰ ਨੂੰ ਸੰਭਾਲਿਆ ਹੈ, ਵਲੋਂ ਦਿੱਤੇ ਸਹਿਯੋਗ ਬਦਲੇ ਧੰਨਵਾਦ:**

## ਪੇਸ਼ ਹਨ ਪੰਜਾਬੀ ਸ਼ਾਇਰੀ ਦੇ ਵੱਖ ਵੱਖ ਰੂਪਾਂ ਦੇ ਕੁੱਝ ਰੰਗ

### ਪੰਜਾਬ ਸਾਨੂੰ ਮੋੜ ਦੇ



**ਗੁਰਭਜਨ ਗਿੱਲ**

ਸਾਡਿਆਂ ਸਵਾਲਾਂ ਦੇ ਜਵਾਬ ਸਾਨੂੰ ਮੋੜ ਦੇ।
ਜਾਲਮਾਂ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਮਹਿਲ ਤੂੰ ਸੰਭਾਲ ਸਾਨੂੰ ਢਾਰਿਆਂ 'ਚ ਰਹਿਣ ਦੇ।
ਦਿਲ ਵਾਲੀ ਵਾਰਤਾ ਜਬਾਨ ਨੂੰ ਤੂੰ ਕਹਿਣ ਦੇ।
ਪਿਆਰ ਦੇ ਭੁਲੇਖੇ ਦਾ ਬੁਖ਼ਾਰ ਹੁਣ ਲਹਿਣ ਦੇ।
ਛੱਡ ਬੇਈਮਾਨਾ! ਬਦਨੀਤੀਆਂ ਤੂੰ ਛੋੜ ਦੇ।
ਜਾਲਮਾਂ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸਾਡੇ ਦਰਿਆਵਾਂ ਨੂੰ ਤੂੰ ਪੁੱਠੇ ਰਾਹੇ ਤੋਰ ਨਾ।
ਡੋਡੀਆਂ ਗੁਲਾਬ ਦੀਆਂ ਅੱਗ ਉੱਤੇ ਭੋਰ ਨਾ।
ਹੋ ਗਿਆ ਯਕੀਨ, ਵੈਰੀ ਤੇਰੇ ਬਿਨਾ ਹੋਰ ਨਾ।
ਘੱਟਿਆਂ'ਚ ਰੋਲ ਨਾ ਤੂੰ ਸੁਪਨੇ ਕਰੋੜ ਦੇ।
ਜਾਲਮਾਂ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਮਾਲਕੀ ਤਿਆਗ, ਅੱਜ ਠੰਢੇ ਹਾਉਕੇ ਭਰਦੇ।
ਮਰ ਗਏ ਆਂ ਅਸੀਂ ਤੇਰਾ ਚੌਂਕੀਦਾਰਾ ਕਰਦੇ।
ਪਾਟੇ ਪਰਨੋਟ ਸਾਥੋਂ ਆਪਣੇ ਹੀ ਘਰ ਦੇ।
ਜਿੱਥੇ ਕਿਤੇ ਲਿਖੇ ਸੀ ਕਿਤਾਬ ਸਾਨੂੰ ਮੋੜ ਦੇ।
ਜਾਲਮਾਂ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸੱਤਾਂ ਦਰਿਆਵਾਂ ਤੋਂ ਸੀ ਪੰਜਾਂ ਉੱਤੇ ਆ ਗਏ।
ਚੀਰਿਆ ਤੂੰ ਲੱਕੋਂ, ਅਸੀਂ ਢਾਈਆਂ ਉੱਤੇ ਆ ਗਏ।
ਸਾਡੇ ਹੀ ਨਾਲਾਇਕ ਪੁੱਤ, ਸਾਨੂੰ ਵੇਚ ਖਾ ਗਏ।
ਤਿੜਕੇ ਯਕੀਨ ਤੂੰ ਪਿਆਰ ਨਾਲ ਜੋੜ ਦੇ।
ਵੈਰੀਆ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਬਣ ਜਾਣ ਵੇਖੀਂ ਕਿਤੇ ਹੱਥ ਹਥਿਆਰ ਨਾ।
ਡਿੱਗਿਆਂ ਨੂੰ ਹੋਰ ਤੂੰ ਕਸੂਤੀ ਮਾਰ ਮਾਰ ਨਾ।
ਤੰਦ ਟੁੱਟ ਜਾਵੇ, ਕਾਇਮ ਰਹਿੰਦਾ ਰਾਣੀਹਾਰ ਨਾ।
ਸਦਾ ਹੀ ਸਿਆਣੇ, ਮਨ ਬਦੀ ਵੱਲੋਂ ਹੋੜਦੇ।
ਜਾਲਮਾਂ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸਾਡੀਆਂ ਜਮੀਨਾਂ ਤੇ ਬਾਜਾਰ ਸਾਥੋਂ ਖੋਹ ਨਾ।
ਏਸ ਨਾਲੋਂ ਵੱਡਾ ਹੋਰ ਕੋਈ ਵੀ ਧਰੋਹ ਨਾ।
ਤੇਰੇ ਨਾਲੋਂ ਘੱਟ ਸਾਨੂੰ, ਦੇਸ ਨਾਲ ਮੋਹ ਨਾ।
ਬਾਜਾਂ ਦੇ ਹਾਂ ਪੁੱਤ, ਭਾਵੇਂ ਜੰਮੇ ਵਿੱਚ ਖੋੜ ਦੇ।
ਵੈਰੀਆ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਕਿੰਨੀਆਂ ਸਤਾਈਆਂ, ਆਈਆਂ ਰਣ ਵਿੱਚ ਚੁੰਨੀਆਂ।
ਜਿੰਨ੍ਹਾਂ ਦੀਆਂ ਰੀਝਾਂ ਨੇ ਤੂੰ ਸੂਲਾਂ ਚ ਪਰੁੰਨੀਆਂ।
ਆਸਾਂ ਦੇ ਚਿਰਾਗਾਂ ਬਿਨਾ ਅੱਖੀਆਂ ਨੇ ਸੁੰਨੀਆਂ।
ਜਿੰਨ੍ਹਾਂ ਦੇ ਨੇ ਹੱਥ ਭਲਾ ਸਭਨਾਂ ਦਾ ਲੋੜਦੇ।
ਜਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

### ਜਿੰਦੇ ਮੇਰੀਏ

**ਸੁਸ਼ੀਲ ਦੁਸਾਂਝ**

ਜੱਟ ਖੇਤ 'ਚ ਖੜਾ ਪੁੱਛੇ ਰੱਬ ਨੂੰ
ਦਾਣੇ ਮੇਰੇ ਕੌਣ ਲੈ ਗਿਆ
ਜਿੰਦੇ ਮੇਰੀਏ
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ

ਵਿਹੜੇ ਕਿਰਤੀ ਦੇ ਸੂਰਜ ਚਮਕੇ
ਕੋਠੜੀ 'ਚ ਨੇਰ੍ਹ ਬੋਲਦਾ
ਜਿੰਦੇ ਮੇਰੀਏ
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ

ਤੇਰੇ ਚਾਵਾਂ ਨੂੰ ਮੈਂ ਖੰਭ ਕਿੱਦਾਂ ਲਾਵਾਂ
ਸ਼ਾਹਾਂ ਦਾ ਵਿਆਜ ਨਾ ਮੁੜੇ
ਜਿੰਦੇ ਮੇਰੀਏ
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ

ਜਦੋਂ ਮੱਥੇ ਚ ਚਿਰਾਗ ਹੋਏ ਰੌਸ਼ਨ
ਮਹਿਲਾਂ ਚ ਸਿਆਪੇ ਪੈਣਗੇ
ਜਿੰਦੇ ਮੇਰੀਏ
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ

ਚੱਲ ਚੰਨ ਦੀ ਸੈਰ ਕਰ ਆਈਏ
ਪਾਟੀਆਂ ਬਿਆਈਆਂ ਨਾਲ ਨੀ
ਜਿੰਦੇ ਮੇਰੀਏ
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ

### ਗਜਲ

**ਜਸਵਿੰਦਰ**

ਸੁਲਗਦੇ ਹਰ ਖੇਤ 'ਚੋਂ ਤੂਫਾਨ ਚੜ੍ਹਿਆ ਆ ਰਿਹਾ ਹੈ।
ਹਲਦੇਫਾਲੇਨਾਲਹੁਣਇਤਹਾਸਲਿਖਿਆਜਾਰਿਹਾਹੈ।
ਹੇਠਲੀ ਉੱਤੇ ਕਰੇ ਬਾਝੋਂ ਗਤੀ ਹੋਣੀ ਨਾ ਅਪਣੀ,
ਹੇਠ ਜੁੜਿਆ ਬੈਲ ਉਤਲੇ ਨੂੰ ਇਹੋ ਸਮਝਾ ਰਿਹਾ ਹੈ।
ਪਿੰਡ ਦੇ ਅਨਪੜ੍ਹ ਬਜੁਰਗਾਂ ਨੇ ਪੜ੍ਹੀ ਮਿੱਟੀ ਦੀ ਭਾਸਾ,
ਕਿਰਤ-ਵਿੱਦਿਆ ਦਾ ਇਹ ਜਲਵਾ ਡਿਗਰੀਆਂ 'ਤੇ ਛਾ ਰਿਹਾ ਹੈ।
ਮਾਰ ਕੇ ਸਿਰ 'ਤੇ ਮੜਾਸਾ ਭਰ ਕੇ ਅੱਖਾਂ ਵਿੱਚ ਖੁਮਾਰੀ,
ਜੋ ਕਦੇ ਮੋਗੇ ਗਿਆ ਨਾ ਉਹ ਵੀ ਦਿੱਲੀ ਜਾ ਰਿਹਾ ਹੈ।
ਚਾਲ ਮੁਰਲੀਧਰ ਦੀ ਕੌਰਵ ਪਾਂਡਵਾਂ ਨੂੰ ਸਮਝ ਆਈ,
ਫੇਰ ਤੋਂ ਸਤਲੁਜ ਭਰਾ ਜਮਨਾ ਨੂੰ ਸੀਨੇ ਲਾ ਰਿਹਾ ਹੈ।
ਡਰ ਗਈ ਹੈ ਰਾਤ ਹੁਣ ਜਗਦੇ ਦਿਲਾਂ ਦੀ ਰੌਸਨੀ ਤੋਂ,
ਦੀਵਿਆਂ ਦਾ ਸੇਕ ਪਾਵੇ ਤਖਤ ਦੇ ਪਿਘਲਾ ਰਿਹਾ ਹੈ।

### ਗਜਲ



**ਗੁਰਦੀਪ ਡੇਹਰਾਦੂਨ**

ਮਾਰਦੀ ਹੈ ਹੱਕ ਕਾਸਤਕਾਰ ਦਾ
ਜਾਮ ਚੱਕਾ ਕਰ ਦਿਓ ਸਰਕਾਰ ਦਾ

ਦੇਸ ਤੋਂ ਹਮਦਰਦੀ ਦੀ ਭਾਲ ਹੈ
ਸਾਡੀ ਟੱਕਰ ਖੇਤ ਦੁਸ਼ਮਣ ਨਾਲ ਹੈ

ਕਾਰਖ਼ਾਨਾ ਖੇਤ ਵਿਚ ਨਾ ਆ ਵੜੇ
ਰਾਖਿਆਂ ਨੂੰ ਕਰ ਦਿਓ ਥਾਂ-ਥਾਂ ਖੜ੍ਹੇ

ਦੁਰਗਤੀ ਖੇਤਾਂ ਦੀ ਹੈ ਮਜਮੂਨ ਵਿਚ
ਦੂਰ ਦੀ ਹੈ ਮਾਰ ਇਸ ਕਨੂੰਨ ਵਿਚ

ਖੇਤ ਦੁਸ਼ਮਣ ਹੈ ਨਵਾਂ ਕਾਲਾ ਕਨੂੰਨ
ਖਤਮ ਕਰਕੇ ਇਸਨੂੰ ਪਾਵਾਂਗੇ ਸੁਕੂਨ

ਲਾਠੀ, ਗੋਲੀ ਦਾ ਕੋਈ ਵੀ ਡਰ ਨਹੀਂ
ਜਿੱਤੇ ਬਿਨ ਜਾਣਾ ਅਸੀਂ ਹੁਣ ਘਰ ਨਹੀਂ

ਹੈ ਲੜਾਈ ਆਰ ਦੀ ਜਾਂ ਪਾਰ ਦੀ
ਗੱਲ ਕੋਈ ਹੈ ਨਹੀਂ ਵਿਚਕਾਰ ਦੀ

### ਇਹ ਯੁੱਧ ਤਖ਼ਤ ਤੇ ਖੇਤ ਦਾ ਏ

**ਸੁਰਜੀਤ ਜੱਜ**

ਇਹ ਹੱਲਾ ਬੋਲ ਕਿਸਾਨ ਦਾ ਏ
ਹੱਕ ਮੰਗਦੇ ਹਰ ਇਨਸਾਨ ਦਾ ਏ
ਵਰ੍ਹਿਆਂ ਤੋਂ ਸੁਲਝਦੇ ਹਰਖ ਦਾ ਏ
ਸਾਡੀ ਹਰ ਪਲ ਹੁੰਦੀ ਪਰਖ ਦਾ ਏ
ਮੋਢਿਆਂ 'ਤੇ ਉੱਗਦੇ ਸਿਰਾਂ ਦਾ ਏ
ਯੁੱਧ ਸੱਚੀਆਂ,ਝੂਠੀਆਂ ਧਿਰਾਂ ਦਾ ਏ
ਸੜਕਾਂ,ਰਾਹਾਂ ,ਵੱਟ-ਬੰਨਿਆਂ 'ਤੇ
ਹਾਕਮ ਦੀ ਪੁਟੀਂਦੀ ਕਬਰ ਦਾ ਏ
ਅਸੀਂ ਮੇਲਾ ਵੇਖਣ ਨਈਂ ਆਏ
ਇਹ ਯੁੱਧ ਸਿਤਮ ਤੇ ਸਬਰ ਦਾ ਏ
ਇਹ ਯੁੱਧ ਲੁੱਟ ਹੁੰਦੀ ਫਸਲ ਦਾ ਏ
ਰੋਲੀ ਜਾਂਦੀ ਹਰ ਨਸਲ ਦਾ ਏ
ਪਿਓ,ਬਾਬੇ,ਦਾਦੀ,ਨਾਨੀ ਦਾ
ਇਹ ਯੁੱਧ ਹੈ ਸਤੀ ਜਵਾਨੀ ਦਾ
ਜੋ ਗਦਰੀ ਬਾਬੇ ਬੀਜ ਗਏ
ਉੱਗਦਾ ਜੋ ਹੁਸੈਨੀਵਾਲੇ ਤੋਂ
ਸਾਡੇ ਮੱਥਿਆਂ ਵਿੱਚ ਉਸ ਚਾਨਣ ਦੇ
ਪਲ-ਪਲ ਹੁੰਦੇ ਪ੍ਰਵੇਸ ਦਾ ਏ
ਅਸੀਂ ਮੇਲਾ ਵੇਖਣ ਨਈਂ ਆਏ
ਇਹ ਯੁੱਧ ਦਿੱਲੀ ਤੇ ਦੇਸ ਦਾ ਏ
ਇਹ ਯੁੱਧ ਬੰਦੇ ਦੇ ਬੰਦਿਆਂ ਦਾ
ਇਹ ਯੁੱਧ ਲੱਧੀ ਦੇ ਦੁੱਲਿਆਂ ਦਾ
ਨਾਨਕ,ਰਵਿਦਾਸ,ਕਬੀਰ ਸਣੇ
ਇਹ ਯੁੱਧ ਵਾਰਿਸਾਂ-ਬੁੱਲ੍ਹਿਆਂ ਦਾ
ਇਹ ਯੁੱਧ ਹੈ ਕੱਚੀਆਂ ਗੜ੍ਹੀਆਂ ਦਾ
ਇਹ ਯੁੱਧ ਕਿਤਾਬਾਂ ਪੜ੍ਹੀਆਂ ਦਾ
ਹੈ ਸੱਚ ਸਦੀਵੀ ਸਮਿਆਂ ਦਾ
ਤੇ ਉਜਰ ਅਗੇਤ-ਪਿਛੇਤ ਦਾ ਏ
ਇਹ ਕੁੰਭ ਦਾ ਕੋਈ ਮੇਲਾ ਨਈਂ
ਇਹ ਯੁੱਧ ਕਿਲੇ ਤੇ ਖੇਤ ਦਾ ਏ
ਇਹ ਹਿੰਦ-ਪੰਜਾਬ ਦਾ ਜੰਗ ਨਹੀਂ
ਇਹ ਯੁੱਧ ਮਹਿਲਾਂ ਤੇ ਕੁੱਲੀਆਂ ਦਾ
ਜੋ ਵਰ੍ਹਿਆਂ ਤੋਂ ਸੀ ਚੁੱਪ ਪਈਆਂ
ਇਹ ਯੁੱਧ ਹੁਣ ਖੁੱਲ੍ਹੀਆਂ ਬੁੱਲ੍ਹੀਆਂ ਦਾ
ਇਹ ਯੁੱਧ ਹੈ ਉੱਠੀਆਂ ਬਾਹਵਾਂ ਦਾ
ਇਹ ਯੁੱਧ ਹੈ ਤਣਿਆਂ ਮੁੱਕਿਆਂ ਦਾ
ਯੁੱਧ ਜਹਿਰੀ ਕੀਤੀਆਂ ਪੌਣਾਂ ਦਾ
ਇਹ ਯੁੱਧ ਦਰਿਆਵਾਂ ਸੁੱਕਿਆਂ ਦਾ
ਹਰ ਪਿੰਡ ਹਰ ਸਹਿਰ 'ਚ ਉੱਗ ਆਏ
ਯੁੱਧ ਜੱਲ੍ਹਿਆਂਵਾਲੇ ਬਾਗ ਦਾ ਏ
ਇਹ ਯੁੱਧ ਉਹ ਯੁੱਧ ਹੈ ਜੋ ਹਰ ਪਲ
ਸਿਰ ਤੋਂ ਪੈਰਾਂ ਤਕ ਜਾਗਦਾ ਏ
ਇਸ ਯੁੱਧ ਨੇ ਸਾਨੂੰ ਜਣਨਾ ਏਂ
ਇਸ ਯੁੱਧ ਨੇ ਸਾਨੂੰ ਘੜਨਾ ਏਂ
ਇਕ-ਇਕ ਡੰਡਾ ਕਰ ਅਸੀਂ ਅਜੇ
ਇਸ ਯੁੱਧ ਦੀ ਪੌੜੀ ਚੜ੍ਹਨਾ ਏਂ
ਇਹ ਯੁੱਧ ਮਾਇਆ ਤੇ ਮੋਹ ਦਾ ਏ
ਯੁੱਧ ਦਬਕੇ ਅਤੇ ਦੁਲਾਰ ਦਾ ਏ
ਇਹ ਯੁੱਧ ਲੋਕਾਂ ਤੇ ਦੇਸ ਦਾ ਨਈਂ
ਯੁੱਧ ਰਈਅਤ ਤੇ ਸਰਕਾਰ ਦਾ ਏ
ਹੱਕ-ਸੱਚ ਲਈ ਘਾਲੀਆਂ ਘਾਲਾਂ 'ਚੋਂ
ਸੁਰਜੀਤ ਹੋਈ ਹਰ ਰੀਤ ਦਾ ਏ
ਇਹ ਯੁੱਧ ਹਾਰਾਂ ਦਰ ਹਾਰਾਂ ਚੋਂ
'ਨਿਸਚੈ ਕਰ ਆਪਣੀ ਜੀਤ' ਦਾ ਏ
ਰਣ-ਖੇਤ ਹੈ ਜੂਝਣ ਵਾਲਿਆਂ ਲਈ
ਤੇ ਸਬਕ ਹੈ ਹਠੀ ਹਨੇਰ ਲਈ
ਅਸੀਂ ਮੇਲਾ ਵੇਖਣ ਨਈਂ ਆਏ
ਇਹ ਯੁੱਧ ਹੈ ਨਵੀਂ ਸਵੇਰ ਲਈ

## ਦੁਨੀਆ ਦੇਖਦੀ ਹੈ

**(ਸਿੰਘੂ ਬਾਰਡਰ ਉੱਤੇ ਦਿੱਲੀ ਨੂੰ ਘੇਰੀ ਬੈਠੇ ਕਸਾਨ ਮੋਰਚੇ 'ਚ ਵਿਚਰਦਿਆਂ)**

**ਦਲਜੀਤ ਸਿੰਘ ਸਰਾਂ**

ਦੇਖਦੀ ਹੈ ਦੁਨੀਆ
ਜੈਕਾਰਿਆਂ, ਲਲਕਾਰਿਆਂ, ਨਗਾਰਿਆਂ ਦੀਆਂ
ਅਸਮਾਨ ਛੂੰਹਦੀਆਂ ਗੂੰਜਾਂ ਨਾਲ
ਦਹਿਲੀ ਹੋਈ ਦਿੱਲੀ

ਦੇਖਦੀ ਹੈ ਦੁਨੀਆ
ਊਠਾਂ, ਬਲਦਾਂ, ਗੱਡਿਆਂ, ਟਰੈਕਟਰਾਂ, ਹਲਾਂ, ਪੰਜਾਲੀਆਂ,
ਕਹੀਆਂ, ਖੁਰਪਿਆਂ, ਡਾਗਾਂ, ਗੰਡਾਸਿਆਂ ਦੇ ਘੇਰੇ ਤੋਂ ਘਬਰਾਈ
ਸਦੀਆਂ ਤੋਂ ਲੁਟੇਰਿਆਂ ਜ਼ਰਵਾਨਿਆਂ ਦੀ ਰਖ਼ੇਲ ਬਣਦੀ ਰਹੀ ਦਿੱਲੀ

ਦਿਨ ਦਿਹਾੜੇ ਦੇਖ ਰਹੀ ਹੈ ਦੁਨੀਆ
ਆਨੰਦਪੁਰੀ ਚਿੜੀਆਂ ਦੇ ਪੰਜਿਆਂ ਵਿੱਚ ਛਟਪਟਾ ਰਹੇ
ਕਾਰਪੋਰੇਟੀ ਬਾਜ਼ਾਂ ਦੀਆਂ ਮੋਟੀਆਂ ਧੌਣਾਂ ਨੂੰ

ਦੇਖਦੀ ਹੈ ਦੁਨੀਆ
ਪੁੱਤਾਂ ਵਾਂਗ ਪਾਲੀਆਂ ਫਸਲਾਂ ਨੂੰ ਮੁਛਦੇ
ਮੱਛਰੇ ਗੁਜਰਾਤੀ ਝੋਟਿਆਂ ਦੀ ਜੋੜੀ
ਦੀਆਂ ਨਗੌਰੀ ਬਲਦਾਂ ਅੱਗੇ ਪਈਆਂ ਪਦੀੜਾਂ

ਦੁਨੀਆ ਦੇਖਦੀ ਹੈ
ਨਾਮੀ ਇਨਾਮੀ ਸਾਹਿਤਕਾਰਾਂ, ਕਲਾਕਾਰਾਂ, ਖਿਡਾਰੀਆਂ, ਭਲਵਾਨਾਂ, ਦੌੜਾਕਾਂ, ਤੀਰਬਾਜ਼ਾਂ ਦਾ
ਸ਼ਾਹੀ ਮਹਿਲਾਂ ਵਲ ਵਧ ਰਿਹਾ ਕਾਫ਼ਲਾ
ਮਹਾਰਾਜੇ ਦੇ ਮੱਥੇ ਮਾਰਨੇਹਨ ਜਿਨ੍ਹਾਂ
ਆਪਣੇ ਤਨਾਂ ਮਨਾਂ ਦੇ ਜੋਰ ਕਮਾਏ ਤਮਗੇ,
ਕਹਿ ਰਹੇ ਨੇ ਜਿਹੜੇ, 'ਜਾਨੋਂ ਪਿਆਰੀ ਹੈ ਸਾਨੂੰ ਆਪਣੀ ਮੋਹ ਭਰੀ ਮਿੱਟੀ'
ਧਰਤੀ ਦੇ ਇਹ ਜਾਏ ਮੁੜਵਾ ਕੇ ਹੀ ਰਹਿਣਗੇ ਸਤਲੁਜ ਬਿਆਸ ਦਾ ਲੁੱਟਿਆ ਪਾਣੀ

ਹਰ ਕਿਸੇ ਦੀ ਨਜ਼ਰੀਂ ਪੈਂਦੇ ਨੇ
ਢੋਲਾਂ, ਢੋਲਕੀਆਂ, ਢੱਡਾਂ, ਸਾਰੰਗੀਆਂ, ਤੂੰਬੀਆਂ ਦੀ ਜੁਗਲਬੰਦੀ ਅੱਗੇ
ਬੇਤਾਲ ਹੋ ਰਹੇ ਸਿਆਸੀ ਸਾਜ਼ਿੰਦਿਆਂ ਦੇ ਸੁਰ ਤੇ ਸਾਜ਼
ਕਵੀਆਂ, ਲੋਕ ਗਾਇਕਾਂ, ਕਵੀਸ਼ਰਾਂ ਦੀਆਂ ਹੇਕਾਂ
ਅੱਗੇ ਦਰਬਾਰੀ ਭੰਡਾਂ ਦੀਆਂ ਥਥਲਾਉਂਦੀਆਂ ਜੀਭਾਂ

ਦੇਖ ਰਹੀ ਹੈ ਦੁਨੀਆ
ਕੁਰਲਾ ਰਹੇ ਨਾਗਪੁਰੀ ਕਾਂਵਾਂ ਨੂੰ
ਹਾਲੋਂ ਬੇਹਾਲ ਹੋਏ ਜਿਹੜੇ ਪੁਛਦੇ ਨੇ
ਕਿਸ ਤਰ੍ਹਾਂ ਤੂਤੜੇ 'ਚੋਂ ਉੱਠ ਆਈਆਂ ਨੇ ਭੋਲੀਆਂ ਚਿੜੀਆਂ
ਅਸੀਂ ਤਾਂ ਬਲ ਛਲ ਨਾਲ ਖੋਹ ਲਿਆਏ ਸੀ
ਇਨ੍ਹਾਂ ਵਲੋਂ ਬੀਜਿਆ ਕੱਢਿਆ ਬਾਜਰਾ
ਕਿਸਨੇ ਪੜ੍ਹਾਇਆ ਹੈ ਇਨ੍ਹਾਂ ਨੂੰ ਸਰੇ ਮੈਦਾਨ 'ਹਿਸਾਬ' ਲੈਣ ਦਾ ਸਬਕ

ਸ਼ਰੇਆਮ ਦਿਸਦਾ ਹੈ ਦੁਨੀਆ ਨੂੰ
ਆਪਣੇ ਲਹੂ ਪਸੀਨੇ ਦੀ ਕਮਾਈ ਦਾ ਲੇਖਾ ਮੰਗਣ ਆਏ
ਕਿਸਾਨੀ ਕਾਫ਼ਲਿਆਂ ਅੱਗੇ ਸਹਿਮੀ ਹੋਈ
ਸਿਆਸੀ ਤਮਾਸ਼ਿਆਂ ਦਾ ਗੜ੍ਹ ਬਣਦੀ ਸੰਸਦ

ਕਿੰਞ ਵਰਤਿਆ ਹੈ ਅਚਾਨਕ ਇਹ ਭਾਣਾ
ਦੂਰ ਦੁਰਾਡੀਆਂ ਧਰਤੀਆਂ 'ਚ ਵਸੇ ਪੰਜਾਬੀਆਂ ਦੀ ਲਲਕਾਰ
ਵੈਨਕੂਵਰ ਦੇ ਸਮੁੰਦਰੀ ਪਾਣੀਆਂ 'ਚੋਂ ਉਭਰ ਰਿਹਾ ਕਾਮਗਾਟਾ ਮਾਰੂ
ਸੈਨ ਫ੍ਰਾਂਸਿਸਕੋ ਦੇ ਭਾਰਤੀ ਸਫ਼ਰਤਖਾਨੇ ਨੂੰ ਘੇਰ ਰਹੇ
ਸਟਾਕਟਨ ਗੁਰੂ ਘਰ ਵਿਚੋਂ ਤੁਰੇ ਗਦਰੀ ਯੋਧਿਆਂ ਦੇ ਪੈਰੋਕਾਰ
ਕਰਤਾਰ ਸਰਾਭੇ ਦੇ ਸੰਗੀ ਸਾਥੀਆਂ ਦਾ ਕਾਫ਼ਲਾ
ਜਲ੍ਹਿਆਂ ਬਾਗ ਵਿੱਚ ਕਹਿਰ ਵਰਤਾਉਣ ਵਾਲੇ ਓਡਵਾਇਰ ਨੂੰ
ਸੋਧਣ ਬਾਅਦ ਲੰਡਨ ਦੇ ਚੌਕ ਵਿੱਚ ਆਣ ਖੜੇ ਊਧਮ ਸਿੰਘ ਦੇ ਵਾਰਸ

ਸੋਚਦੀ ਹੈ ਦੁਨੀਆਸਮਝਣ ਦਾ ਯਤਨ ਕਰਦੀ ਹੈ..
ਕੌਣ ਨੇ ਇਹ ਦੁਨੀਆ ਦੇ ਇਤਿਹਾਸ ਵਿੱਚ
ਰੋਹੀਲੇ ਲੋਕ ਇਕੱਠਾਂ ਦਾ ਬੇਮਿਸਾਲ ਰਿਕਾਰਡ ਸਿਰਜਣ ਵਾਲੇ ਸਿਰ
ਦੁਸ਼ਮਣ ਦੇ ਸਿਪਾਹੀਆਂ ਨੂੰ ਪਾਣੀ ਪਿਆਉਂਦੀ ਲੰਗਰ ਛਕਾਉਂਦੀ
ਮਲ੍ਹਮਾਂ ਲਾਉਂਦੇ ਭਾਈ ਘਨਈਆ ਦੇ ਹਮਸਾਇਆਂ ਦੀ ਲੰਮੀ ਕਤਾਰ

ਜਾਣਨਾ ਚਾਹੁੰਦੀ ਹੈ ਦੁਨੀਆ
ਕਿੱਥੋਂ ਲਈ ਹੈ ਇਨ੍ਹਾਂ ਨੇ ਗੁਰੂ ਦੇ ਬੰਦੇ ਦੀ ਬਹਾਦਰੀ ਦੀ ਗੁੜ੍ਹਤੀ
ਕਿਸ ਨੇ ਸਿਖਾਈ ਹੈ ਜਾਂਬਾਜ਼ ਜਰਨੈਲ ਬਘੇਲ ਸਿੰਘ ਦੀ ਰਣਨੀਤੀ

ਕਿਸ ਨੇ ਵਰਤਾਈ ਹੈ ਇਹ ਕਲਾ,
ਕਿਸਨੇ ਦਿੱਤਾ ਹੈ ਇਨ੍ਹਾਂ ਮਰਜੀਵੜਿਆ ਨੂੰ
'ਅਤ ਹੀ ਰਣ ਵਿੱਚ ਜੂਝ ਮਰੋਂ' ਦਾ ਵਰਦਾਨ
ਦੇਖਦੀ ਹੈ ਦੁਨੀਆ, ਦਿਨ ਰਾਤ ਦੇਖਦੀ ਹੈ ਲਗਾਤਾਰ ਦੇਖਦੀ.
ਜੈਕਾਰਿਆਂ, ਲਲਕਾਰਿਆਂ, ਨਗਾਰਿਆਂ ਦੀਆਂ
ਅਸਮਾਨ ਛੂੰਹਦੀਆਂ ਗੂੰਜਾਂ ਨਾਲ
ਦਹਿਲੀ ਹੋਈ, ਹੋਈ ਦਿੱਲੀ.

## ਨਾਨਕ ਦਾ ਹਲ

**ਬਲਜਿੰਦਰ ਸਿੰਘ ਧਾਲੀਵਾਲ**

ਨਾਨਕ ਦਾ ਹਲ ਨਾ ਰੋਕੀ
ਸੁਣ ਲੈ ਦਿੱਲੀਏ ਨੀ,
ਆਦਿ ਜੁਗਾਦਿ ਤੋਂ ਚਲਦੈ
ਅੰਨ ਉਗਾਉਣ ਲਈ॥
ਇਹ ਭਲਾ ਸਰਬੱਤ ਦਾ ਮੰਗਦੈ
ਨਾਲੇ ਵੰਡ ਛਕਣਾ ,
ਮਾਨਸ ਕੀ ਜਾਤ ਹੈ ਏਕੋ
ਫਰਕ ਮਿਟਾਉਣ ਲਈ ॥

ਤੂੰ ਸੁਭਾਸ਼ ਚੰਦਰ ਨੂੰ ਭੁੱਲ ਗਈ
ਭਗਤ ਸਰਾਭਿਆਂ ਨੂੰ ॥
ਬਾਬਾ ਸੋਹਣ ਸਿੰਘ ਜੀ ਭਕਨਾ
ਗਦਰੀ ਬਾਬਿਆਂ ਨੂੰ ॥
ਕਿਰਤੀ ਹੱਥਾਂ ਦੀ ਕਿਰਤ,
ਨਾ ਖੋਹੀ ਬੇਸ਼ਰਮੇ,
ਇਹਨਾਂ ਦੇਰ ਨੀ ਕਰਨੀ
ਨਾਦਰ ਨੂੰ ਨੱਥ ਪਾਉਣ ਲਈ ॥
ਨਾਨਕ ਦਾ ਹਲ ਨਾ ਰੋਕੀ
ਸੁਣ ਲੈ ਦਿੱਲੀਏ ਨੀ,
ਆਦਿ ਜੁਗਾਦਿ ਤੋਂ ਚਲਦੈ
ਅੰਨ ਉਗਾਉਣ ਲਈ॥

ਇਹ ਤੀਸ ਹਜਾਰੀ ਗੇਟ ਦਾ
ਕਰ ਖਾਂ ਧਿਆਨ ਕੁੜੇ ॥
ਤੇਰੇ ਸਿਰ ਚੜ ਚੜ ਕੇ ਕਿਉ ਬੋਲੇ
ਸਤਾ ਗੁਮਾਨ ਕੁੜੇ ॥
ਖੂਨ ਨਾਲ ਲਿਖੇ ਇਤਿਹਾਸ ਦੇ ਪੰਨੇ
ਸੂਰਿਆਂ ਜੋ,
ਤੇਰੀ ਖਾਨਦਾਨੀ ਦੀਆਂ ਬਾਤਾਂ ਨੇ
ਬਹੁਤ ਸੁਣਾਉਣ ਲਈ ॥
ਨਾਨਕ ਦਾ ਹਲ ਨਾ ਰੋਕੀ
ਸੁਣ ਲੈ ਦਿੱਲੀਏ ਨੀ
ਆਦਿ ਜੁਗਾਦਿ ਤੋਂ ਚਲਦੈ
ਅੰਨ ਉਗਾਉਣ ਲਈ॥

ਕਦੇ ਚਾਂਦਨੀ ਚੌਕ ਵੱਲ ਵੇਖੀ
ਪਾ ਕੇ ਫੇਰੀ ਨੀ ॥
ਸੀਸ਼ ਦੇ ਗੁਰੂ ਨੇ ਰੱਖੀ ਲਾਜ
ਜਦ ਤੇਰੀ ਨੀ ॥
ਜਾਤਾਂ ਤੇ ਧਰਮਾਂ ਦੇ ਹੁਣ,
ਤੇਰੇ ਗੀਟੇ ਨੀ,
ਤੇਰੀ ਹਰ ਬਾਜੀ ਵਿੱਚ ਰੌਲੇ
ਲੋਕ ਸਤਾਉਣ ਲਈ ॥
ਨਾਨਕ ਦਾ ਹਲ ਨਾ ਰੋਕੀ
ਸੁਣ ਲੈ ਦਿੱਲੀਏ ਨੀ
ਆਦਿ ਜੁਗਾਦਿ ਤੋਂ ਚਲਦੈ
ਅੰਨ ਉਗਾਉਣ ਲਈ॥

ਭੈਅ ਕਾਹੂੰ ਕੋ ਦੇਤ ਨਾ
ਨਾ ਮੰਨਣਾ ਭੈਅ ਤੇਰਾ ॥
ਲੋਕਾਂ ਦੇ ਗਲ ਦੀ ਫਾਹੀ
ਆਰਡੀਨੈਂਸ ਅਹਿ ਤੇਰਾ ॥
ਸਵਾਮੀਨਾਥਨ ਨੇ ਕੀ ਲਿਖਿਐ
ਬੋਲ ਜੁਬਾਨੋਂ ਤੂੰ ,
ਜੀਹਨੇ ਗੱਲ ਆਖੀ ਸੀ
ਖੇਤੀ ਖੇਤ ਬਚਾਉਣ ਲਈ ॥
ਨਾਨਕ ਦਾ ਹਲ ਨਾ ਰੋਕੀ
ਸੁਣ ਲੈ ਦਿੱਲੀਏ ਨੀ
ਆਦਿ ਜੁਗਾਦਿ ਤੋਂ ਚਲਦੈ
ਅੰਨ ਉਗਾਉਣ ਲਈ॥
ਇਹ ਭਲਾ ਸਰਬੱਤ ਦਾ ਮੰਗਦੈ
ਨਾਲੇ ਵੰਡ ਛਕਣਾ,
ਮਾਨਸ ਕੀ ਜਾਤ ਹੈ ਏਕੋ
ਫਰਕ ਮਿਟਾਉਣ ਲਈ ॥

**(ਤੀਸ ਹਜਾਰੀ ਗੇਟ : ਦਿੱਲੀ ਦਾ ਉਹ ਗੇਟ ਜਿਸ ਰਾਹੀ ਸਿੱਖ ਜਰਨੈਲ ਬਘੇਲ ਸਿੰਘ ਨੇ ਦਾਖਲ ਹੋਕੇ ਸਦੀਆਂ ਸਦੀਆਂ ਤੋਂ ਗੁਲਾਮ ਦਿੱਲੀ ਤੇ ਕਬਜਾ ਕੀਤਾ ਸੀ ਤੇ ਦਿੱਲੀ ਦੇ ਤਖ਼ਤ ਨੂੰ ਘੋੜਿਆਂ ਮਗਰ ਬੰਨ੍ਹ ਕੇ ਘਸੀਟ ਕੇ ਪੰਜਾਬ ਲੈ ਆਇਆ ਸੀ)**

## ਸੁੱਤਾ ਰਾਜਾ

**ਸੁਖਵਿੰਦਰ ਕੰਬੋਜ**

ਓ ਨੀਂਦ 'ਚ ਸੁੱਤੇ ਰਾਜਿਆ
ਅਸੀਂ ਨਹੀਂ ਚਾਹੁੰਦੇ
ਤੂੰ ਸਾਡੇ ਨਾਲ 'ਮਨ ਕੀ ਬਾਤ' ਪਾਵੇਂ
ਅਸੀਂ ਤਾਂ ਚਾਹੁੰਦੇ ਹਾਂ ਕਿ ਤੂੰ ਜਾਣੇ
ਜੋ ਸਾਡੇ ਮਨ ਵਿਚ ਰਿੱਝਦਾ
ਜੋ ਰੋਹ ਦਾ ਗੁਬਾਰ ਹੈ
ਤੇ ਲੋੜਾਂ ਥੁੜਾਂ ਤੇ ਔਕੜਾਂ ਵਿਚ
ਫਸਿਆ ਹੈ ਕਿਸਾਨ ਦਾ ਦਿਲ-
ਫਸਲਾਂ ਦੇ ਭਾਅ ਤਾਂ ਪਹਿਲਾਂ ਹੀ ਸੁੱਕ ਚੁੱਕੇ ਨੇ-
ਜੇ ਨਹੀਂ ਸੁੱਕੇ
ਤਾਂ ਖਾਦ ਡੀਜਲ ਤੇ ਕੀੜੇ ਮਾਰ ਦਵਾਈਆਂ ਦੇ ਭਾਅ
ਤੇ ਹਰ ਫਸਲ ਬਾਦ
ਅਸੀਂ ਹੀ ਕਿਉਂ ਹੋਰ ਕਰਜਾਈ ਹੋ ਰਹੇ ਹਾਂ
ਸਾਡੀ ਹੀ ਧੀ, ਕਿਉਂ ਹਰ ਵਾਰ ਜਰੇ
ਘਸਮੈਲੇ ਸੂਟ ਦੀ ਛਿਲਤ
ਸਾਡੇ ਹੀ ਘਰਾਂ 'ਚ ਕਿਉਂ ਨੱਚਦਾ ਹੈ
ਕਰਜੇ ਦਾ ਫਨੀਅਰ
ਜਦੋਂ ਕਿ ਅੰਬਾਨੀ ਅੰਡਾਨੀ ਤੇ
ਉਹਨਾਂ ਵਰਗਿਆਂ ਦੇ ਲਾਣੇ ਦਾ
ਹੋਰ ਉੱਚਾ ਹੋ ਰਿਹਾ ਹੈ ਦੌਲਤ ਦਾ ਅੰਬਾਰ
ਅਸੀਂ ਦੌਲਤਾਂ ਦੇ ਉੱਚੇ ਪਰਬਤ ਨਹੀਂ ਮੰਗਦੇ
ਅਸੀਂ ਤਾਂ ਚਾਹੁੰਦੇ ਹਾਂ
ਬੱਸ ਇਹ ਜਿੰਦਗੀ
ਇੱਜਤ ਮਾਣ ਨਾਲ ਜੀਵੀਏ
ਪਰ ਤੂੰ ਹਰ ਨਵੇਂ ਪਲ
ਸਾਡੇ ਪੈਰਾਂ ਹੇਠੋਂ
ਜਮੀਨ ਖਿੱਚਣ ਲਈ ਬਜਿੱਦ ਹੈਂ
ਤੈਨੂੰ ਜਾਦ ਹੋਣੈ ਰਾਜਿਆ
ਸਾਡੇ ਪੁਰਖਿਆਂ ਨੇ ਇਹ ਦਿੱਲੀ18 ਵਾਰ
ਜਿੱਤੀ ਸੀ-
ਇਸ ਵਾਰ ਤਾਂ ਅਸੀਂ ਦਿੱਲੀ ਫਤਿਹ ਕਰਨੀ ਹੈ
ਤੇ ਮੰਡੀਆਂ ਦੀ ਲੁੱਟ
ਹਮੇਸ਼ਾਂ ਲਈ ਖਤਮ ਕਰਨੀ ਹੈ
ਮੰਡੀਆਂ ਦੀ ਲੁੱਟ
ਹਮੇਸ਼ਾਂ ਲਈ ਖਤਮ ਕਰਨੀ ਹੈ...

## ਭੱਜੋ ਵੀਰੋ ਵੇ...

**ਮਨਦੀਪ ਔਲਖ**

ਹਰੇ ਹਰੇ ਘਾਹ ਉੱਤੇ ਸੱਪ ਫੂਕਾਂ ਮਾਰਦਾ
ਭੱਜੋ ਵੀਰੋ ਵੇ ਬਾਪੂ ਕੱਲਾ ਮੱਝਾਂ ਚਾਰਦਾ
ਨਿੱਕੀ ਹੁੰਦੀ ਇਸ ਬੋਲੀ 'ਤੇ ਨੱਚਦੀ
ਤਾਂ ਖੇਤੋਂ ਮੁੜਿਆ ਬਾਪੂ ਹਸਦਾ ਹਸਦਾ
ਮੈਨੂੰ ਗਲ ਨਾਲ ਲਾ ਲੈਂਦਾ
ਤੇ ਕਹਿੰਦਾ
"ਆਪਾਂ ਸੱਪ ਦੀ ਸਿਰੀ ਫੇਹ ਦੇਵਾਂਗੇ"
ਬਾਪੂ, ਜੋ ਸੂਰਜ ਨਾਲੋਂ ਪਹਿਲਾਂ ਉਦੈ ਹੁੰਦਾ
ਛਿਪਣ ਤੋਂ ਬਾਅਦ ਵਿਚ ਘਰ ਮੁੜਦਾ
ਗਰਮੀ, ਸਰਦੀ, ਕੱਕਰ, ਪਾਲਾ, ਬਰਸਾਤ, ਧੁੰਦ
ਇਹ ਸ਼ਬਦ ਬਾਪੂ ਲਈ ਇੱਕੋ ਜਿਹੇ ਰਹੇ
ਇਨ੍ਹਾਂ ਦਾ ਕੋਈ ਅਸਰ ਉਸਦੇ ਕਰੜੇ
ਹੱਡਾਂ ਉੱਪਰ ਹੋਇਆ ਹੀ ਨਹੀਂ ਕਦੇ
ਅੱਜ ਬਾਪੂ ਖੇਤ ਵਿਚ ਨਹੀਂ
ਦਿੱਲੀ ਦੀ ਠਰਦੀ ਰਾਤ ਵਿਚ
ਸੜਕ ਉੱਪਰ ਸੁੱਤਾ ਹੈ
ਉਸਦੇ ਕਰੜੇ ਹੱਥ ਤੇ ਬਿਆਈਆਂ ਵਾਲੇ ਪੈਰ
ਹੋਰ ਕਰੜੇ ਹੋ ਗਏ ਹੋਣਗੇ
ਸਵੇਰੇ ਸਿਰ ਦੇ ਕੇਸ ਬੰਨ੍ਹ
ਵਾਹਿਗੁਰੂ ਕਹਿ
ਉੱਠ ਜਾਂਦਾ ਹੋਣਾ ਬਾਪੂ
ਧਰਨੇ ਵਿਚ ਸ਼ਾਮਿਲ ਹੋਣ ਲਈ
ਸਿਰਫ ਆਪਣੇ ਖੇਤਾਂ ਦੀ ਫਸਲ ਹੀ ਨਹੀਂ
ਸਾਰੇ ਦੇਸ਼ ਨੂੰ
ਫੂਕਾਂ ਮਾਰਦੇ ਸੱਪ ਤੋਂ ਬਚਾਉਣ ਲਈ
ਫੁੰਕਾਰਦੇ ਸੱਪ ਦੀ ਸਿਰੀ ਫੇਹਣ ਲਈ।



# ਕੰਵਰ ਗਰੇਵਾਲ: ਕਿਸਾਨ ਜ਼ਜ਼ਬਿਆਂ ਦੀ ਬੇਮਿਸਾਲ ਤਰਜ਼ਮਾਨੀ



**- ਹਰਜੇਸ਼ਵਰਪਾਲ ਸਿੰਘ**

ਕੰਵਰ ਗਰੇਵਾਲ ਕਿਸਾਨ ਲਹਿਰ ਦੇ ਸਿਰਮੌਰ ਗਾਇਕ ਵਜੋਂ ਉੱਭਰਿਆ ਹੈ। ਗਰੇਵਾਲ ਦੇ ਗਾਣਿਆਂ ਨੂੰ ਸੁਣ ਕੇ ਇਸ ਸਾਰੀ ਲਹਿਰ ਦੇ ਮੁੱਢ, ਉਭਾਰ ਅਤੇ ਵਿਕਾਸ ਦਾ ਨਕਸਾ ਬਣਾਇਆ ਜਾ ਸਕਦਾ ਹੈ। ਪੁਰਾਤਨ ਢਾਡੀਆਂ ਵਾਂਗ, ਉਸਦੀ ਦਿਲ ਟੂੰਬਦੀ ਅਵਾਜ ਅਤੇ ਠਾਠਾਂ ਮਾਰਦੇ ਸੰਗੀਤ ਵਿੱਚ ਗੁੰਨਵੇਂ ਸਿੱਖ ਇਤਿਹਾਸ ਦੇ ਗੌਰਵ,ਕਿਸਾਨੀ ਦੇ ਸਿਰੜ ਅਤੇ ਦਿੱਲੀ ਦੇ ਸੰਨ ’84 ਦੰਗਿਆਂ ਦੇ ਹਵਾਲਿਆਂ ਵਾਲੀ ਗਾਇਕੀ ਨੇ ਨਾ ਸਿਰਫ ਕਿਸਾਨਾਂ ਦੀ ਚਿੰਤਾ, ਗੁੱਸੇ ਅਤੇ ਆਸਾਂ ਨੂੰ ਆਵਾਜ ਦਿੱਤੀ ਹੈ ਬਲਕਿ ਇਸ ਲਈ ਵਹੀਰਾਂ ਜੁਟਾਉਣ ਦੇ ਨਾਲ ਨਾਲ ਅੰਦੋਲਨ ਦੇ ਹਰ ਪੜਾਅ ’ਤੇ ਇਸ ਦੀ ਰਾਹ ਦਸੇਰਾ ਵੀ ਬਣੀ ਹੈ। ਸਧਾਰਣ ਕੁੜਤੇ ਚਾਦਰੇ (ਰਵਾਇਤੀ ਕਿਸਾਨ ਪਹਿਰਾਵਾ) ਵਾਲਾ ਬਠਿੰਡਾ ਜਿਲ੍ਹੇ ਦਾ ਪੇਂਡੂ, ਯੂਨੀਵਰਸਿਟੀ ਗ੍ਰੈਜੂਏਟ ਖੁੱਲ੍ਹੀ ਦਾੜ੍ਹੀ ਵਾਲਾ ਗਰੇਵਾਲ ਸੂਫੀ ਗਾਇਕ ਵਜੋਂ ਮਸਹੂਰ ਹੈ। ਗਰੇਵਾਲ ਨੇ ਹਰਫ ਚੀਮਾ ਦੇ ਨਾਲ ਮਿਲ ਕੇ ਇਸ ਅੰਦੋਲਨ ਦੇ ਕੁਝ ਚਰਚਿਤ ਗੀਤਾਂ ਦੀ ਰਚਨਾ ਕੀਤੀ ਹੈ।

ਉਸ ਦਾ ਗਾਣਾ ‘ਖਬਰਾਂ’ 5 ਸਤੰਬਰ ਨੂੰ ਉਦੋਂ ਰਿਲੀਜ ਹੋਇਆ ਸੀ ਜਦੋਂ ਅਜੇ ਆਰਡੀਨੈਂਸ ਵਿਰੁੱਧ ਪੰਜਾਬ ਵਿੱਚ ਲਾਮਬੰਦੀ ਦਾ ਮੁੱਢ ਬੱਝ ਰਿਹਾ ਸੀ।

ਇੱਥੇ ਗਰੇਵਾਲ ਮੱਧਮ, ਗਮਗੀਨ ਸੁਰ ਵਿੱਚ ਉਨ੍ਹਾਂ ਕਿਸਾਨਾਂ ਅਤੇ ਆਪਣੇ ਜੀਵਨ ਉੱਤੇ ਨਵੇਂ ਕਾਨੂੰਨਾਂ ਦੇ ਪ੍ਰਭਾਵਾਂ ਬਾਰੇ ਵਿਚਾਰ ਕਰ ਰਹੇ ਨੌਜਵਾਨਾਂ ਦੀਆਂ ਚਿੰਤਾਵਾਂ ਦੀ ਬਾਤ ਪਾਉਂਦਾ ਹੈ, “ਮੁੱਦਾ ਕਿਰਸਾਨੀ ਦਾ, ਬੇਰੋਜਗਾਰ ਜਵਾਨੀ ਦਾ, ਹਾਕਮ ਕਮੀਆਂ ਲੁਕੋ ਰਿਹਾ,ਖਬਰਾਂ ਦਸਦੀਆਂ ਨੇ ਕੁਝ ਠੀਕ ਨਹੀਂ ਹੋ ਰਿਹਾ।”

ਇਸ ਦੇ ਨਾਲ ਹੀ ਗਰੇਵਾਲ ਸਭ ਨੂੰ ਇਕਜੁਟ ਰੱਖਣ ਦੀ ਚੁਣੌਤੀ ਵਲ ਇਸਾਰਾ ਕਰਦਾ ਹੈ ਕਿਉਂਕਿ “ਕਿਤੇ ਧਰਮਾਂ ’ਚ ਪਾੜੇ ਨੇ, ਬਾਬਿਆਂ ’ਚ ਤਕਰਾਰਾਂ ਨੇ,ਪਾਵਨ ਸਰੂਪ ਕਿਤੇ ਸੱਕੀ ਸਰਕਾਰਾਂ ਨੇ ।” ਉਸਨੂੰ ਕੋਰੋਨਾ ਪ੍ਰੇਰਿਤ ਘਬਰਾਹਟ ’ਤੇ ਸੱਕ ਹੈ ਕਿਉਂਕਿ “ਮੈਨੂੰ ਤਾਂ ਇੰਝ ਲੱਗਦਾ ਹੈ ਕਿ ਬੀ ਡਰ ਦਾ ਕੋਈ ਬੋਅ ਰਿਹਾ“ ਹਾਲਾਂਕਿ ਉਹ ਆਸਵੰਦ ਅਤੇ ਆਸਾਵਾਦੀ ਹੈ ਕਿਉਂਕਿ “ਹੈ ਅਸਰ ਦਲੀਲਾਂ ਦਾ, ਸੱਚ ਨਾਲ ਖੜੋ ਰਿਹਾ।”

25 ਸਤੰਬਰ ਨੂੰ ਸੰਸਦ ਵਿਚ ਕਾਨੂੰਨ ਬਣਨ ’ਤੇ ਜਦੋਂ ਸਾਰਾ ਸੂਬਾ ਇੱਕ ਹੋ ਉੱਠਦਾ ਹੈ ਤਾਂ ਗਰੇਵਾਲ ਨੇ 10 ਅਕਤੂਬਰ ਨੂੰ ਬਾਗੀਆਨਾ ਗੀਤ “ਐਲਾਨ” ਜਾਰੀ ਕੀਤਾ ਜੋ ਗਰੇਵਾਲ ਦੀ ਕਲਾ ਦਾ ਵੀ ਸਿਖਰ ਹੈ।




ਇਸ ਗਾਣੇ ਵਿਚ ਇੰਜ ਜਾਪਦਾ ਹੈ ਜਿਵੇਂ ਗਰੇਵਾਲ ਨੂੰ ਪਹਿਲਾਂ ਤੋਂ ਹੀ 26 ਨਵੰਬਰ ਬਾਅਦ ਕੀ ਹੋਣ ਵਾਲਾ ਹੈ, ਦਾ ਇਲਹਾਮ ਹੋ ਗਿਆ ਹੋਵੇ। ਰੋਹ ਅਤੇ ਆਸਾਵਾਦ ਨਾਲ ਭਰਪੂਰ ਗਾਣਾ ਨਗਾਰਿਆਂ,ਤੂਤਣੀਆਂ,ਢੱਡ ਸਰੰਗੀਆਂ ਅਤੇ ਗੋਲੀਆਂ ਦੀ ਗਰਜ ਨਾਲ ਆਰੰਭ ਹੁੰਦਾ ਹੈ। ਇਹ ਲੜਾਈ ਦਾ ਬਿਗਲ ਹੈ ਅਤੇ ਦਿੱਲੀ ਉੱਤੇ ਜਿੱਤ ਪ੍ਰਾਪਤੀ ਦਾ ਐਲਾਨ ਹੈ।

ਖੱਬੇਪੱਖੀ ਸੰਗਠਨ, ਸਿੱਖ ਧਰਮ ਦੀ ਪ੍ਰੇਰਨਾ,ਸਿਆਣਿਆਂ ਦੀ ਮੱਤ ਅਤੇ ਜਵਾਨੀ ਦੀ ਤਾਕਤ ਦੀ ਸਮਰਥਾ ਬਾਰੇ ਦੱਸਦਿਆਂ, ਉਸਨੇ ਦਿੱਲੀ ਨੂੰ ਚੇਤਾਵਨੀ ਦਿੱਤੀ ਹੈ “ਕੋਈ ਖੰਡੇ ਤਿੱਖੇ, ਕੋਈ ਕਿਰਪਾਨ ਕਰੂਗਾ, ਤੇਰਾ ਫੈਦੇ ਨਾਲੋਂ ਜਿਆਦਾ ਨੁਕਸਾਨ ਕਰੂਗਾ,ਤੈਨੂੰ ਦਿੱਲੀਏ ਇਕੱਠ ਪਰੇਸਾਨ ਕਰੂਗਾ” ਤੇ “ਫਸਲਾਂ ਦੇ ਫੈਸਲੇ ਕਿਸਾਨ ਕਰੂਗਾ” ਕਿਉਂਕਿ “ਇਹਨਾਂ ‘ਕੱਤੀਆਂ ਦੇ ਏਕੇ ’ਚ ਕਰੋੜ ਹੋਣਗੇ, ਤੇਰੀ ਧੌਣ ’ਤੇ ਜੋ ਮਣਕੇ ਮਰੋੜ ਹੋਣਗੇ”। ਗਰੇਵਾਲ ਨੇ ਭਵਿੱਖਬਾਣੀ ਕੀਤੀ ਕਿ

**“ਅੱਸੀ ਵਰਿਆਂ ਦੇ ਬਾਬਿਆਂ ਤੋਂ ਲੈਕੇ ਥਾਪੜਾ**
**ਤੈਨੂੰ ਜੰਗ ਦਾ ਐਲਾਨ ਨੌਜਵਾਨ ਕਰੇਗਾ**
**ਬੱਸ 4-5 ਘੰਟਿਆਂ ਦੀ ਵਾਟ ਦਿੱਲੀਏ**
**ਤੈਨੂੰ ਯਾਦ ਕਰਵਾ ਦਿਆਂਗੇ ਔਕਾਤ ਦਿੱਲੀਏ**
**ਤੇਰੀ ਹਿੱਕ ਉੱਤੇ ਚੜ੍ਹ ਕੇ ਜੈਕਾਰੇ ਲਾਉਣਗੇ**
**ਸਾਡੀ ਹੌਸਲਾ ‘ਫਜਾਈ ਅਸਮਾਨ ਕਰੂਗਾ**
**ਅਸੀਂ ਹੱਕ ਦੀ ਲੜਾਈ ਹੱਕ ਨਾਲ ਲੜਾਂਗੇ**
**ਅਸੀਂ ਜਿੱਤਾਂਗੇ ਤੇ ਦੇਗ ਤੇਗ ਫਤਹਿ ਪੜ੍ਹਾਂਗੇ ”**

ਪ੍ਰਸੰਗ ਵਿੱਚ ਵਾਚਦਿਆਂ ਇਹ ਗੀਤ ਨਿਸਚੇ ਹੀ ਇਤਿਹਾਸ ’ਚ ਨਾਬਰੀ ਦੇ ਯਾਦਗਾਰੀ ਗਾਣੇ ਵਜੋਂ “ਹਮ ਦੇਖੇਂਗੇ”,(ਫੈਜ਼ ਅਹਿਮਦ ਫੈਜ਼ ਦੇ ਲਿਖੇ)ਦੀ ਪੱਧਰ ’ਤੇ ਯਾਦ ਕੀਤਾ ਜਾਵੇਗਾ।

ਉਸਦਾ ਅਗਲਾ ਗਾਣਾ “ਪੇਚਾ” 21 ਨਵੰਬਰ ਨੂੰ ਹਰਫ ਚੀਮਾ ਦੇ ਸਹਿਯੋਗ ਨਾਲ “ਦਿੱਲੀ ਚਲੋ” ਮਾਰਚ ਦੇ ਸਮੇਂ ਹੀ ਰਿਲੀਜ ਹੋਇਆ ਸੀ। ਇਸਨੇ ਪੰਜਾਬ ਨੂੰ ਲਾਮਬੰਦ ਕਰਨ ਅਤੇ ਦਿੱਲੀ ਪਹੁੰਚਣ ਲਈ ਕਿਹਾ ਕਿਉਂਕਿ “ਪੇਚਾ ਪੈ ਗਿਆ ਸੈਂਟਰ ਨਾਲ”।

ਜੋਸ ਅਤੇ ਊਰਜਾਨਾਲ ਭਰੇ ਇਸ ਗਾਣੇ ਨੇ ਕਿਸਾਨਾਂ ਨੂੰ ਦਿੱਲੀ ਨਾਲ ਮੁਕਾਬਲੇ ’ਚ ਨਿੱਤਰਨ ਨੂੰ ਕਿਹਾ ਕਿਉਂਕਿ “ਖੇਤ ਤੇਰੇ ਇਹ ਖੋਹਣ ਨੂੰ ਫਿਰਦੇ, ਜੋ ਤੂੰ ਪੱਧਰੇ ਕੀਤੇ ਇੰਟਰ ਨਾਲ “(ਇੰਟਰਨੈਸ਼ਨਲ ਟਰੈਕਟਰ ) ਅਤੇ ਕਿਸਾਨਾਂ ਨੂੰ “ਪਿੰਡ ਪਿੰਡ ਵਿੱਚੋਂ ਭਰੋ ਟਰਾਲੀਆਂ, ਗੱਲ ਨਹੀਂ ਬਣਨੀ ਕੈਂਟਰ ਨਾਲ” ਰਾਹੀਂ ਵਹੀਰਾਂ ਘੱਤ ਕੇ ਦਿੱਲੀ ਪਹੁੰਚਣ ਲਈ ਵੰਗਾਰਿਆ।

ਜਦੋਂ 26 ਨਵੰਬਰ ਨੂੰ ਸੰਭੂ ਵਿਖੇ ਬੈਰੀਕੇਡ ਤੋੜੇ ਜਾ ਰਹੇ ਸਨ ਤਾਂ ਇਹ ਪੇਚਾ ਗਾਣਾ ਹੀ ਸੀ ਜਿਹੜਾ ਟਰੈਕਟਰਾਂ ’ਤੇ ਦਹਾੜ ਰਿਹਾ ਸੀ ।

ਜਦੋਂ ਕਿਸਾਨ ਕਾਫਲਾ ਦਿੱਲੀ ਪਹੁੰਚਿਆ, ਗਰੇਵਾਲ ਨੇ “ਜਿੰਦਾਬਾਦ ਨੀ ਜਵਾਨੀਏਂ“ ਨੌਜਵਾਨ ਕਿਸਾਨਾਂ ਦੇ ਹੌਂਸਲੇ, ਮਿਹਨਤ ਅਤੇ ਦ੍ਰਿੜਤਾ ਦੇ ਸੋਹਲੇ ਵਜੋਂ ਗਾਇਆ ਅਤੇ ਨਾਲ ਹੀ ਅੰਦੋਲਨ ਦੇ ਕੁਝ ਚਿਹਰਿਆਂ ਨੂੰ ਰੁਸਨਾਇਆ ਅਤੇ ਮੁੱਖਧਾਰਾ ਮੀਡੀਆ ਨੂੰ ਕਿਸਾਨਾਂ ’ਤੇ “ਦੇਸ ਵਿਰੋਧੀ” ਲੇਬਲ ਲਗਾਉਣ ਲਈ ਲਾਅਨਤਾਂ ਵੀ ਪਾਈਆਂ ।

ਅਤੇ ਹੁਣ ਉਸਦਾ ਨਵਾਂ ਗਾਣਾ “ਇਤਿਹਾਸ” ਕਿਸਾਨਾਂਦੀਹੱਡਚੀਰਵੇਂਸਿਆਲਵਿਚਮੋਦੀਸਰਕਾਰ ਵਿਰੁੱਧ ਪੂਰੇ ਸਿਰੜ, ਦ੍ਰਿੜਤਾ ਅਤੇ ਦਲੇਰੀ ਨਾਲ ਲੜਨ ਦੀ ਗਾਥਾ ਹੈ। ਗਰੇਵਾਲ ਅੰਦੋਲਨਕਾਰੀਆਂ ਨੂੰ ਅਹਿਸਾਸ ਕਰਵਾਉਂਦਾ ਹੈ ਕਿ “ਜੋਸ ਵਿੱਚ ਹੋਸ ਗਵਾ ਕੇ ਸੁਣਿਆ ਕਈ ਹਾਰ ਜਾਂਦੇ” ਅਤੇ ਨਾਲ ਹੀ ਉਹਨਾਂ ਨੂੰ ਯਾਦ ਦਿਵਾਉਂਦਾ ਹੈ ਕਿ“ਏਕਾ ਤੇ ਸਬਰ ਜਿਤਾਉਂਦਾ ਹੈ ਮਿਤਰੋ ਬਈ ਜੰਗਾਂ ਨੂੰ”। ਗਰੇਵਾਲ ਇਕੱਲੇ ਗੀਤਾਂ ਨਾਲ ਹੀ ਨਹੀਂ ਸਗੋਂ ਸਟੇਜਾਂ ਤੋਂ,ਪਰਿਆਂ ’ਚ,ਸੜਕਾਂ ਤੇ ਭਾਸਨਾਂ ਰਾਹੀਂ ਵੀ ਇਸ ਲਾਸਾਨੀ ਲੋਕ ਲਹਿਰ ਵਿੱਚ ਲੋਕਾਂ ਨੂੰ ਚੜ੍ਹਦੀ ਕਲਾ, ਏਕਤਾ ਅਤੇ ਸਬਰ ਦੇ ਸੂਤਰ ਵਿੱਚ ਪਹਿਲਾਂ ਪੰਜਾਬ ’ਚ ਅਤੇ ਹੁਣ ਪੋਹ-ਮਾਘ ਦੀ ਕੜਕਦੀ ਠੰਡ ਵਿੱਚ ਸਿੰਘੁ ਅਤੇ ਟਿਕਰੀ ਬਾਡਰ ਉੱਤੇ ਪਰੋ ਰਿਹਾ ਹੈ ।

ਜੇ ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਸਾਡੇ ਕੋਲ ਲਾਲ ਚੰਦ ਫਲਕ ਦਾ “ਪਗੜੀ ਸੰਭਾਲ ਜੱਟਾ“ ਪੰਜਾਬ ਵਿਚ ਸਭ ਤੋਂ ਮਕਬੂਲ ਕਿਸਾਨੀ ਘੋਲਾਂ ਦਾ ਗੀਤ ਸੀ, ਹੁਣ ਸਾਡੇ ਕੋਲ ਚੁਣਨ ਲਈ ਗਰੇਵਾਲ ਅਤੇ ਹੋਰਾਂ ਦੇ ਕਈ ਗੀਤ ਹਨ। ਬੇਸ਼ੱਕ ਹੋਰ ਗਾਇਕਾਂ ਅਤੇ ਗਾਇਕਾਵਾਂ ਨੇ ਵੀ ਕਿਸਾਨ ਅੰਦੋਲਨ ਸਬੰਧੀ ਗੀਤ ਗਾਏ ਹਨ ਪਰ ਕੰਵਰ ਗਰੇਵਾਲ ਦਾ ਨਾਂਅ ਪੰਜਾਬੀ ਦੇ ਅਤੇ ਕਿਸਾਨ ਬਗਾਵਤ ਲਹਿਰ ਦੇ ਗੀਤਕਾਰ ਵਜੋਂ ਸਿਖਰ ’ਤੇ ਉਕਰਿਆ ਗਿਆ ਹੈ।

**(ਅਨੁਵਾਦ :ਪ੍ਰੋ. ਪ੍ਰੀਤਮ ਗਿੱਲਚੂਹੜਚੱਕ)**

---

## ਖੇਤਾਂ ਦੇ ਰਾਣੇ



**ਮਨਜੀਤ ਇੰਦਰਾ**

ਇਹ ਮੇਲਾ ਨਹੀਂ
ਨਾ ਕੋਈ ਛਿੰਝ ਹੈ
ਅੰਤਾਂ ਦਾ ਤਣਾਅ
ਰੋਹ ਵਿਦਰੋਹ
ਡਟੇ ਨੇ ਸਿੰਘ-ਸੂਰਮੇ
ਕਾਮੇ
ਕਿਰਤੀ
ਇਹ ਸਾਰੇ ਖੇਤਾਂ ਦੇ ਪੁੱਤਰ
ਹੁਨਾਲੇ ਸਿਆਲੇ
ਕਾਲੀਆਂ ਰਾਤਾਂ ਦੀ ਕੁੱਖ ਵਿੱਚ
ਸੱਪਾਂ ਦੀਆਂ ਸਿਰੀਆਂ ਮਿੱਧਦੇ
ਮੋੜਦੇ ਨੱਕੇ
ਇਹ ਦਾਤੇ ਅੰਨ ਦੇ
ਮਿਟਾਉਂਦੇ ਭੁੱਖ ਖਲਕਤ ਦੀ
ਅੱਜ ਮਜਬੂਰ ਹੋਏ ਨੇ
ਛੱਡ ਕੇ ਪੈਲੀਆਂ
ਘਰ-ਬਾਰ
ਪਿੰਡ ਤੇ ਸਹਿਰ ਆਪਣੇ
ਸਰਕਾਰੇ ਤੇਰੇ ਦਰਾਂ ’ਤੇ
ਅਲਖ ਜਗਾਉਣ ਆਏ ਨੇ
ਬੇਰਹਿਮ ਦਿੱਲੀਏ
ਤੇਰੀ ਦਰਿੰਦਗੀ ਜਿੰਦਾ
ਜਿੰਦਾਤੇਰਾ ਜਾਲਮ ਹਾਕਮ
ਅਹੰਮੀ
ਸੱਤਾ ਦੇ ਨਸੇ ’ਚ ਚੂਰ
ਤੇ ਜੁਲਮਤ
ਰਲ ਗਈ ਖੂੰਨ ਤੇਰੇ ਵਿੱਚ...
ਉਹ ਕੋਈ ਬਾਤ ਪਾਉਂਦਾ ਸੀ
“ਮਨ ਕੀ ਬਾਤ“
ਮਨ ਹੋਰ ਮੁੱਖ ਹੋਰ
ਅੱਛੇ ਦਿਨਾਂ ਦੀ ਬਾਤ
ਅੱਛੇ ਦਿਨ ?
ਚਾਨਣ ਚੁਰਾ ਕੇ ਭੱਜ ਗਏ
ਕਿਧਰੇ
ਕਹੋ ਉਸ ਨੂੰ
ਕਿ ਜਨ ਦੀ ਬਾਤ ਵੀ
ਸੁਣ ਲਏ...
ਲਾਰਿਆਂ ਸੰਗ
ਝੂਠ ਸੰਗ
ਪਰਚਾਅ ਨਹੀਂ ਹੋਣਾ
ਤੇ ਨਾ ਹੀ ਪਰਚਣਾ ਜਨ ਨੇ...
ਝੂਠ ਦੇ ਪਾਜ ਉਘੜੇ ਨੇ
“ਸੱਚ ਸੁਣਾਇਸੀ ਸਚ ਕੀ
ਬੇਲਾ“
ਸੱਤ ਰੰਗ
ਸੱਤ ਦਿਸਾਵਾਂ
ਸੱਤ ਅਕਾਸ
ਧਰਤੀ ਪਾਤਾਲ
ਰੰਗ ਬਿਰੰਗੀਆਂ
ਚੁੰਨੀਆਂ
ਪੱਗਾਂ
ਪੋਸਾਕਾਂ
ਇਹ ਫਸਲਾਂ
ਵੇਲ ਬੂਟੇ
ਧਰਤ ਸੁਹਾਵੀ
ਕੋਈ ਚਾਹੇ
ਵਟਾਉਣਾ ਇੱਕੋ ਪਲ ਵਿੱਚ
ਇੱਕੋ ਰੰਗੇ...
ਹਰੀਆਂ ਕਣਕਾਂ
ਸੁਨਹਿਰੀ ਦਾਣੇ
ਖੇਤਾਂ ਦੇ ਰਾਣੇ
ਭੋਲੇ ਭਾਲੇ
ਖੁਸ ਗਏ
ਸਾਰੇ ਅਸਾਸੇ...
ਲਲਾਰੀ ਜਾਣਦਾ ਨਾ
ਉਸ ਸੁੱਤੇ ਸੀਂਹ ਜਗਾਏ
ਵਹੀਰਾਂ ਘੱਤ
ਇਹ ਸਿਰਲੱਥ ਯੋਧੇ
ਜੋ ਤੇਰੇ ਦਰ ’ਤੇ ਆਏ
ਰੁੱਤਾਂ ਦੇ ਕਹਿਰ ਤੋਂ
ਇਹ ਮੂਲ ਨਾ ਡਰਦੇ
ਜੰਗਲ ਚ ਮੰਗਲ
ਲਾਉਣਾ ਜਾਣਦੇ ਨੇ
ਕਿਸੇ ਪੂੰਜੀਪਤੀ ਦੀ
ਪਰਵਾਹ ਨਾ ਕਰਦੇ
ਅੰਬਰ ਦੀ ਛੱਤ
ਧਰਤ ਵਿਛੌਣਾ ਕਰਕੇ
ਪਿਆਰ ਦੇ ਸੋਹਲੇ ਗਾਉਂਦੇ
ਰੋਕਾਂ ਟੋਕਾਂ
ਸੰਗਲ ਬੈਰੀਅਰ ਬੈਰੀਕੇਟ
ਸਭ ਤੋੜਨਾ ਜਾਣਦੇ
ਵਹੀਰਾਂ ਘੱਤ ਤਮਾਮ ਮੁਲਕ
ਆਇਆ
ਭੈਅ ਮੁਕਤ ਹੋਇਆ
ਭੈਅ-ਭੀਤ ਕਰਨ ਲੁਟੇਰਿਆਂ
ਨੂੰ
ਉਨ੍ਹਾਂ ਦੀ ਸੰਘੀ ਘੁੱਟਣ
ਇਹ ਖੇਤਾਂ ਦੇ ਰਾਣੇ
ਖੇਤਾਂ ਦੇ ਜਾਏ
ਦਿੱਲੀਏ ਤੇਰੇ ਰੰਗ ਨਾ ਬਦਲੇ
ਤੇ ਦੁਸਮਣੀ ਦੇ ਢੰਗ ਨਾ ਬਦਲੇ
ਤੇਰੀ ਬੁੱਕਲ ਚ ਸਦਾ ਖੰਜਰ
ਰਿਹਾ ਹੈ...
ਤੇਰੇ ਹਰ ਵਾਰ ’ਤੇ
ਪਲਟਵਾਰ ਕਰਨਗੇ
ਖੇਤਾਂ ਦੇ ਜਾਏ ਖੇਤਾਂ ਦੇ ਰਾਣੇ

# ਜੇਕਰ ਕਿਸਾਨ ਖੁਸ਼ ਨਹੀਂ ਤਾਂ ਕਿਤੇ ਗੜਬੜ ਜ਼ਰੂਰ ਹੈ: ਦਵਿੰਦਰ ਸ਼ਰਮਾ

## ਸਰਕਾਰ ਕਿਸਾਨਾਂ ਦਾ ਗੁੱਸਾ ਸਮਝੇ ਤੇ ਗੱਲ ਸੁਣੇ

***ਭਾਰਤ ਵਿੱਚ ਖੇਤੀਬਾੜੀ ਮਾਮਲਿਆਂ ਬਾਰੇ ਮਾਹਰ ਦਵਿੰਦਰ ਸ਼ਰਮਾ ਨਾਲ ਬੀ ਬੀ ਸੀ ਨਿਊਜ਼ ਦੇ ਪੱਤਰਕਾਰ ਦਲੀਪ ਕੁਮਾਰ ਸਿੰਘ ਦੀ ਵਿਸ਼ੇਸ਼ ਗੱਲਬਾਤ***

ਸਵਾਲ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਈ ਵਾਰ ਕੈਮਰੇ ਸਾਹਮਣੇ ਆ ਕੇ ਕਹਿ ਚੁੱਕੇ ਹਨ ਕਿ ਖੇਤੀ ਕਾਨੂੰਨ ਕਿਸਾਨਾਂ ਲਈ ਲਾਹੇਵੰਦ ਹਨ ਅਤੇ ਕਿਸਾਨਾਂ ਕਾਨੂੰਨਾਂ ਖਿਲਾਫ਼ ਵਰਗਲਾਇਆ ਜਾ ਰਿਹਾ ਹੈ। ਤੁਸੀਂ ਇਕ ਅਜਿਹੀਆਂ ਚੀਜਾਂ ਤੇ ਜਾਂਚ ਜ਼ਰੂਰ ਕੀਤੀ ਹੋਵੇਗੀ, ਕੀ ਤੁਹਾਨੂੰ ਪ੍ਰਧਾਨ ਮੰਤਰੀ ਦੀਆਂ ਗੱਲਾਂ ਵਿਚ ਕੋਈ ਸੱਚਾਈ ਲੱਗੀ ਹੈ?

ਜਵਾਬ : ਪ੍ਰਧਾਨ ਮੰਤਰੀ ਸਾਹਿਬ ਉਤੇ ਤਾਂ ਮੈਂ ਕੁਮੈਂਟ ਨਹੀਂ ਕਰਦਾ ਪਰ ਸਿੱਧੀ ਗੱਲ ਇਹ ਹੈ ਕਿ ਜੋ ਅੱਜ ਜੋ ਮਸਲਾ ਹੈ ਉਸ ਵਿਚ ਕਿਸਾਨ ਐਨੇ ਦਿਨਾਂ ਤੋਂ ਕੜਾਕੇ ਦੀ ਠੰਢ ਹੋਣ ਦੇ ਬਾਵਜੂਦ ਇਸ ਮੂਵਮੈਂਟ ਵਿਚ ਬੈਠੇ ਹੋਏ ਹਨ ਅਤੇ ਅਪਣਾ ਰੋਸ ਜਾਹਰ ਕਰ ਰਹੇ ਹਨ, ਇਸ ਤੋਂ ਸਾਫ਼ ਜ਼ਾਹਰ ਹੈ ਕਿ ਕੋਈ ਨਾ ਕੋਈ ਗੱਲ ਤਾਂ ਜ਼ਰੂਰ ਹੈ ਜੋ ਕਿਸਾਨਾਂ ਨੂੰ ਪ੍ਰੇਰ ਰਹੀ ਹੈ, ਸਾਨੂੰ ਉਸ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਚੀਜ਼ ਨੂੰ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਮੈਨੂੰ ਲਗਦਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੈਠ ਕੇ ਸਮਝਣ ਕਿ ਕਿਸਾਨਾਂ ਦਾ ਗੁੱਸਾ ਹੈ ਤੇ ਉਨ੍ਹਾਂ ਦੀ ਸੋਚ ਕੀ ਹੈ ਨਾ ਕਿ ਇਹ ਕਹਿਣਾ ਕਿ ਜਿਹੜਾ ਅਸੀਂ ਲੈ ਕੇ ਆ ਰਹੇ ਹਾਂ ਉਹੀ ਤੁਹਾਡਾ ਹੱਲ ਹੈ ਕਿਉਂਕਿ ਜਿਸ ਵਾਸਤੇ ਇਹ ਹੱਲ ਹੈ ਜੇਕਰ ਉਹੀ ਖ਼ੁਸ਼ ਨਹੀਂ ਹੈ ਤਾਂ ਫਿਰ ਕਿਤੇ ਨਾ ਕਿਤੇ ਕੋਈ ਗੜਬੜ ਤਾਂ ਹੈ?

ਸਵਾਲ : ਕਿਸਾਨ ਕਹਿ ਰਹੇ ਹਨ ਕਿ ਕਾਨੂੰ ਰੱਦ ਕਰਨ ਤੋਂ ਘੱਟ ਕੁੱਝ ਵੀ ਮਨਜ਼ੂਰ ਨਹੀਂ ਹੈ ਤੇ ਸਰਕਾਰ ਕੁੱਝ ਪ੍ਰਪੋਜ਼ਲ ਭੇਜ ਰਹੀ ਹੈ। ਤੁਸੀਂ ਇਸ ਬਾਰੇ ਕੀ ਕਹਿੰਦੇ ਹੋ ਕਿ ਇਹ ਰਪੀਲ ਹੋਣੇ ਚਾਹੀਦੇ ਹਨ ਜਾਂ ਕੁੱਝ ਸੁਧਾਰ ਕੀਤੇ ਜਾਣ?

ਜਵਾਬ : ਦੇਖੋ ਸਮਝਣ ਦੀ ਲੋੜ ਹੈ ਕਿ ਸਾਨੂੰ ਪਹਿਲਾਂ ਦੇਸ਼ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਇਹ ਜੋ ਖੇਤੀ ਕਾਨੂੰਨ ਹਨ ਅਸੀਂ ਉਹ ਅਮਰੀਕਾ ਅਤੇ ਯੂਰਪ ਤੋਂ ਲਏ ਹਨ, ਜੇਕਰ ਇਹ ਯੂਰਪ ਅਤੇ ਅਮਰੀਕਾ ਵਿਚ ਫੇਲ੍ਹ ਹੋ ਚੁੱਕੇ ਹਨ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਨਹੀਂ ਹੁੰਦਾ ਜਾਂ ਕਿਸਾਨ ਖੇਤੀ ਤੋਂ ਬਾਹਰ ਹੋ ਜਾਂਦੇ ਹਨ ਤਾਂ ਇਹ ਭਾਰਤ ਵਿਚ ਕਿਸ ਤਰ੍ਹਾਂ ਠੀਕ ਰਹੇਗਾ? ਇਹ ਵੇਖਣਾ ਜ਼ਰੂਰੀ ਹੈ। ਅਮਰੀਕਾ ਯੂਰਪ ਵਿਚ ਤਾਂ ਵੱਡਾ ਕਿਸਾਨ ਹੈ, ਜਿਵੇਂ ਅਮਰੀਕਾ ਵਿਚ 444 ਏਕੜ ਦੀ ਐਵਰੇਜ ਲੈਂਡ ਹੋਲਡਿੰਗ ਸਾਈਜ਼ ਹੈ, ਹਿੰਦੁਸਤਾਨ ਵਿਚ ਤਾਂ 86 ਫ਼ੀਸਦੀ ਕਿਸਾਨ ਜਿਸ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ, ਜੋ ਛੋਟਾ ਕਿਸਾਨ ਹੈ। ਉਸ ਕਿਸਾਨ ਵਾਸਤੇ ਅਮਰੀਕਾ ਯੂਰਪ ਦਾ ਮਾਡਲ ਉਥੋਂ ਦੇ ਵੱਡੇ ਕਿਸਾਨਾਂ ਲਈ ਲਾਹੇਵੰਦ ਸਾਬਤ ਨਹੀਂ ਹੋਇਆ ਤਾਂ ਉਹ ਹਿੰਦੁਸਤਾਨ ਦੇ ਛੋਟੇ ਕਿਸਾਨ ਵਾਸਤੇ ਲਾਹੇਵੰਦ ਕਿਵੇਂ ਸਾਬਤ ਹੋ ਸਕੇਗਾ? ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਅਤੇ ਸਮਝਾਉਣ ਦੀ ਵੀ ਜ਼ਰੂਰਤ ਹੈ। ਪਰ ਮੇਰੇ ਹਿਸਾਬ ਨਾਲ ਸਰਕਾਰ ਨੂੰ ਜੋ ਦੋ ਤਿੰਨ ਕਦਮ ਚੁੱਕਣੇ ਚਾਹੀਦੇ ਹਨ ਉਨ੍ਹਾਂ ਵਿਚ ਪਹਿਲਾ ਕਿ ਸਾਡੇ ਦੇਸ਼ ਵਿਚ 7000 ਪੀਐਮਸੀ ਦੀਆਂ ਮੰਡੀਆਂ ਹਨ ਅਤੇ ਸਾਨੂੰ ਜ਼ਰੂਰਤ ਹੈ 42 ਹਜ਼ਾਰ ਮੰਡੀਆਂ ਦੀ। ਜੇਕਰ ਅਸੀਂ 5 ਕਿਲੋਮੀਟਰ ਦੇ ਦਾਇਰੇ ਵਿਚ ਮੰਡੀ ਬਣਾਉਂਦੇ ਹਾਂ ਤਾਂ 43 ਹਜ਼ਾਰ ਮੰਡੀਆਂ ਦਾ ਜਾਲ ਦੇਸ਼ ਵਿਚ ਫੈਲਣਾ ਚਾਹੀਦਾ ਹੈ। ਜਦੋਂ ਮੰਡੀਆਂ ਦਾ ਜਾਲ ਵਿਛ ਜਾਏਗਾ ਤਾਂ ਜਿਹੜੀਆਂ 23 ਫ਼ਸਲਾਂ ਉਤੇ ਸਰਕਾਰ ਹਰ ਸਾਲ ਐਮਐਸਪੀ ਐਲਾਨ ਕਰਦੀ ਹੈ, ਖ਼ਰੀਦਦੀ 2 ਫ਼ਸਲਾਂ ਹੀ ਹੈ। ਇਸ ਬਾਕੀ ਰਹੀਆਂ ਫਸਲਾਂ ਤੇ ਐਮਐਸਪੀ ਦਾ ਮਤਲਬ ਨਹੀਂ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਐਮਐਸਪੀ ਲੀਗਲ ਕਾਨੂੰਨ ਬਣਾ ਦੇਵੇ ਜਿਸ ਨਾਲ ਤੈਅ ਰੇਟ ਤੋਂ ਕਿਸਾਨਾਂ ਦੀ ਫ਼ਸਲ ਦੀ ਖਰੀਦ ਨਹੀਂ ਹੋਵੇਗੀ। ਇਸ ਸਿੱਧਾ ਕਿੰਨਾ ਫਾਇਦੇ ਉਹ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਅਕਤੂਬਰ ਨਵੰਬਰ ਵਿਚ ਸਰਕਾਰ ਦੇ ਅਪਣੇ ਪੋਰਟਲ ਵਿਚ ਕਿਹਾ ਗਿਆ ਹੈ ਕਿ ਕਿੰਨੀ ਫਸਲ ਕਿਸਾਨਾਂ ਨੇ ਵੇਚੀ ਹੈ, ਉਸ ਵਿਚ ਜੇਕਰ ਕਿਸਾਨਾਂ ਨੂੰ ਐਮਐਸਪੀ ਕਿਸਾਨਾਂ ਨੂੰ ਮਿਲ ਗਿਆ ਹੁੰਦਾ ਤਾਂ ਇਨ੍ਹਾਂ ਦੋ ਮਹੀਨਿਆਂ ਵਿਚ ਕਿਸਾਨਾਂ ਨੂੰ 1900 ਕਰੋੜ ਰੁਪਏ ਦਾ ਫ਼ਾਇਦਾ ਹੋਣਾ ਸੀ। ਹੁਣ ਤੁਸੀਂ ਆਪ ਹੀ ਵੇਖ ਲਵੋ ਕਿ ਕਿਸਾਨ ਪੂਰੇ ਇਕ ਸਾਲ



ਵਿਚ ਕਿੰਨਾ ਨੁਕਸਾਨ ਬਰਦਾਸ਼ਤ ਕਰਦੇ ਹਨ। ਇਸ ਕਰ ਕੇ ਐਮਐਸਪੀ ਨੂੰ ਕਾਨੂੰਨੀ ਅਧਿਕਾਰ ਬਣਾ ਦਿਤਾ ਜਾਣਾ ਚਾਹੀਦਾ ਹੈ। ਜਿਸ ਨਾਲ ਤੈਅ ਕੀਤੇ ਰੇਟ ਤੋਂ ਘੱਟ ਖ਼ਰੀਦ ਨਹੀਂ ਹੋ ਸਕੇਗੀ। ਤੀਜਾ ਕਦਮ ਇਹ ਹੈ ਕਿ ਜੋ ਅਮੂਲ ਡੇਅਰੀ ਹੈ ਜੋ ਕੋਆਪਰੇਟਿਵ ਡੇਅਰੀ ਹੈ ਜਿਸ ਬਾਰੇ ਤੁਸੀਂ ਸਭ ਜਾਣਦੇ ਹੀ ਹੋ। ਜੇਕਰ ਅਸੀਂ 100 ਰੁਪਏ ਵਿਚ ਅਮੂਲ ਦਾ ਦੁੱਧ ਲੈਂਦੇ ਹਾਂ ਤਾਂ ਅਮੂਲ ਦਾ ਕਹਿਣਾ ਹੈ ਕਿ ਇਸ ਵਿਚੋਂ 70 ਰੁਪਏ ਕਿਸਾਨਾਂ ਨੂੰ ਜਾਂਦਾ ਹੈ। ਇਹੀ ਚੀਜ਼ ਚਾਹੀਦੀ ਹੈ ਕਿਉਂਕਿ ਜੇ 100 ਵਿਚੋਂ 70 ਯਾਨੀ 70 ਫ਼ੀਸਦੀ ਕਿਸਾਨਾਂ ਦੀ ਆਮਦਨ ਹੁੰਦੀ ਹੈ ਤਾਂ ਇਸ ਤੋਂ ਵੱਡੀ ਸਕੀਮ ਕੀ ਹੋ ਸਕਦੀ ਹੈ ਜਾਂ ਇਸ ਤੋਂ ਵੱਡੀ ਮਾਰਕੀਟ ਕੀ ਹੋ ਸਕਦੀ ਹੈ?

ਸਵਾਲ : ਪ੍ਰਧਾਨ ਮੰਤਰੀ ਤਾਂ ਵਾਰ ਵਾਰ ਇਹੀ ਕਹਿੰਦੇ ਹਨ ਕਿ ਮੇਰਾ ਟੀਚਾ ਤਾਂ ਕਿਸਾਨਾਂ ਦੀ ਆਮਦਨ ਨੂੰ ਦੁੱਗਣੀ ਤਿੱਗਣੀ ਕਰਨ ਦਾ ਹੈ ਤਾਂ ਜੋ ਉਹ ਖ਼ੁਸ਼ਹਾਲ ਹੋ ਜਾਣ। ਪਰ ਕਿਸਾਨ ਮੰਨ ਨਹੀਂ ਰਹੇ ਰਪੀਲ ਕਰਨ ਤੋਂ ਬਿਨਾਂ ਥੱਲੇ ਨਹੀਂ ਆ ਰਹੇ?

ਜਵਾਬ : ਅਮਰੀਕਾ ਵਿਚ ਜੇਕਰ ਖੇਤੀਬਾੜੀ ਵਿਚ ਮਾਰਕਿਟ ਇਕਾਨਮੀ ਹੈ। ਉਥੇ ਕਿਸਾਨ ਮਾਰਕਿਟ ਉਤੇ ਨਿਰਭਰ ਹੈ। ਉਥੇ ਜੇਕਰ ਖ਼ਰੀਦਦਾਰ ਦੀ ਜੇਬ ਇਕ ਡਾਲਰ ਫੂਡ ਤੇ ਖ਼ਰਚ ਹੁੰਦਾ ਹੈ ਤਾਂ ਉਸ ਵਿਚੋਂ ਕੇਵਲ 8 ਫ਼ੀਸਦੀ ਕਿਸਾਨ ਨੂੰ ਮਿਲਦਾ ਹੈ। ਇਸੇ ਤਰ੍ਹਾਂ ਭਾਰਤ ਵਿਚ ਜੇਕਰ ਅਮੂਲ ਵਿਚੋਂ 70 ਫ਼ੀਸਦੀ ਮਿਲਦਾ ਹੈ ਤਾਂ ਫਿਰ 70 ਫ਼ੀਸਦੀ ਵਾਲਾ ਮਾਡਲ ਅਸੀਂ ਫੂਡ, ਫ਼ਰੂਟ ਅਤੇ ਸਬਜ਼ੀਆਂ ਵਿਚ ਵੀ ਲਾਗੂ ਕਰ ਸਕਦੇ ਹਾਂ। ਇਹ ਸਾਡੇ ਦੇਸ਼ ਦੀ ਪਾਲਿਸੀ ਦਾ ਸਭ ਤੋਂ ਵੱਡਾ ਥੰਮ ਹੋਣਾ ਚਾਹੀਦਾ ਹੈ। ਸੋ ਜੇਕਰ ਅਸੀਂ ਅਜਿਹੇ ਸਹੀ ਕਦਮ ਚੁਕ ਲੈਂਦੇ ਹਾਂ ਤਾਂ ਕਿਸਾਨ ਵੀ ਖ਼ੁਸ਼ਹਾਲ ਅਤੇ ਦੇਸ਼ ਦਾ ਜੋ ਨਾਅਰਾ ਹੈ ਕਿ **ਸਭ ਕਾ ਸਾਥ ਸਭ ਦਾ ਵਿਕਾਸ** ਉਹ ਵੀ ਪੂਰਾ ਹੋ ਜਾਵੇਗਾ ਅਤੇ ਆਤਮ ਨਿਰਭਰ ਭਾਰਤ ਵੀ ਬਣ ਜਾਏਗਾ। ਜੇਕਰ ਵੇਖਿਆ ਜਾਵੇ ਕਿ ਬਿਹਾਰ ਦਾ ਕਿਸਾਨ, ਉਹ ਵੀ ਬਹੁਤ ਮਿਹਨਤ ਕਰਦਾ ਹੈ। ਹੁਣ ਵੇਖੋ ਜਦੋਂ ਝੋਨੇ ਦਾ ਸੀਜ਼ਨ ਖ਼ਤਮ ਹੋਇਆ ਹੈ ਇਸ ਵਿਚੋਂ 50 ਲੱਖ ਟਨ ਅਨਾਜ ਬਿਹਾਰ ਅਤੇ ਯੂਪੀ ਤੋਂ ਆ ਕੇ ਵਿਕਦਾ ਹੈ। ਇਹ ਪੰਜਾਬ ਵਿਚ ਕਿਉਂ ਵਿਕਦਾ ਹੈ? ਕਿਉਂਕਿ ਬਿਹਾਰ ਅਤੇ ਯੂ.ਪੀ. ਵਿੱਚ ਮਸਾਂ 1000-1200 ਰੁਪਏ ਪ੍ਰਤੀ ਕੁਇੰਟਲ ਰੇਟ ਮਿਲਦਾ ਹੈ ਪਰ ਪੰਜਾਬ ਵਿਚ ਇਹ ਭਾਅ 1888 ਰੁਪਏ ਹੈ ਕਿਉਂਕਿ ਪੰਜਾਬ ਐਮਐਸਪੀ ਕਿਸਾਨਾਂ ਨੂੰ ਮਿਲਦਾ ਹੈ। ਜੇਕਰ ਪੰਜਾਬ ਵਾਲਾ ਸਿਸਟਮ ਬਿਹਾਰ ਵਿਚ ਬਣਾ ਦਿਤਾ ਜਾਵੇ ਤਾਂ ਉਨ੍ਹਾਂ ਨੂੰ ਅਪਣਾ ਅਨਾਜ ਪੰਜਾਬ ਵਿਚ ਵੇਚਣ ਦੀ ਲੋੜ ਨਹੀਂ ਪਵੇਗੀ।

---

# ਕਿਸਾਨ ਅੰਦੋਲਨ ਬਾਰੇ ਚਰਚਾ 'ਚ ਜੱਟ ਦੀ 'ਭੇਲੀ ਅਤੇ ਗੰਨੇ' ਵਾਲੀ ਗੱਲ



## ਸੇਵਕ ਸਿੰਘ

**ਕਿਸਾਨ ਅਤੇ ਕਾਨੂੰਨਾਂ ਦਾ ਹੱਲ: ਗੰਨਾ ਅਤੇ ਭੇਲੀ**

ਤਾਇਆ ਭਾਨਾ ਕਹਿੰਦਾ ਹੁੰਦਾ ਸੀ ਸਭ ਤੋਂ 'ਪਹਿਲਾ ਸਿਆਣਾ ਬੰਦਾ ਉਹ ਸੀ ਜੀਹਨੇ ਜਮੀਨ ਵਾਹ ਕੇ ਫਸਲ ਬੀਜੀ ਤੇ ਆਖਰੀ ਸਿਆਣਾ ਬੰਦਾ ਵੀ ਓਹੀ ਹੋਊ ਜਿਹੜਾ ਅਖੀਰਲੀ ਫਸਲ ਬੀਜੂ ਓਦੋਂ ਬਾਅਦ ਲੋਕ ਭੁਖ ਨਾਲ ਮਰਨਗੇ'।

ਇਹ ਸਰਕਾਰ ਵਪਾਰੀਆਂ ਦੇ ਰੁੰਗੇ ਤੇ ਪਲਣ ਵਾਲੇ ਵਿਹਲਭਗਤਾਂ ਦੀ ਹੈ, ਜੋ ਭੁਲੇਖੇ ਵੱਸ ਕਿਸਾਨਾਂ ਵਾਲੀ ਜਿੱਦ ਕਰ ਰਹੀ ਹੈ। ਲਗਦਾ ਏ ਇਹਨੇ 3, 5 ਕਰਦਿਆਂ ਗੰਨੇ ਨਹੀਂ ਦੇਣੇ ਤੇ ਕਿਸਾਨ ਬਣਨ ਦੇ ਚੱਕਰ ਵਿਚ ਸਵਾਮੀਨਾਥਨ ਵਾਲੀ ਪੂਰੀ ਭੇਲੀ ਹੀ ਦੇਊਗੀ ਜੇ ਗੰਨੇ ਨਹੀਂ ਦੇਣੇ ਤਾਂ ਅੜਾ-ਝੜੀ ਵਿਚ ਭੇਲੀ ਭਨ੍ਹਾ ਜਰੂਰ ਲਉ ਲਗਦੈ ਭੋਰਾ ਭੋਰਾ ਹੋਰਾਂ ਨੂੰ ਵੀ ਮਿਲੂ। ਪਿਛਲੇ 6 ਸਾਲਾਂ ਤੋਂ ਜਿਹੜੇ ਲੋਕਾਂ ਨੇ 1, 2 ਜਾਂ 3 ਗੰਨੇ ਮੰਗੇ ਹਨ ਸਰਕਾਰ ਨੇ ਨਹੀਂ ਦਿੱਤੇ। ਏਹਨਾਂ ਤੋਂ ਇਸ ਵਾਰ ਨਹਿਰੂ ਵਾਂਗ 'ਅੰਦਾਜੇ ਕਾ ਗਲਤੀ' ਹੋ ਗਿਆ ਤਾਂ ਕਰਕੇ ਵਪਾਰੀਆਂ ਤੋਂ ਰੁੰਗਾ ਖਾਣ ਵਾਲੇ ਨਕਲੀ ਕਿਸਾਨ ਦਾ ਅਸਲੀ ਕਿਸਾਨਾਂ ਨਾਲ ਵਾਹ ਪੈ ਗਿਆ। ਅਸਲੀ ਕਿਸਾਨਾਂ ਦਾ ਕੰਮ ਗੰਨੇ ਖੋਹ ਕੇ ਸੁਟਣ ਨਾਲ ਮੁਕਣਾ ਨਹੀਂ ਹੈ ਸਗੋਂ ਨਕਲੀ ਕਿਸਾਨਾਂ ਤੋਂ ਆਪਣੀ ਪੈਲੀ ਛੁਡਾਉਣੀ ਹੀ ਪੈਣੀ ਹੈ ਕਿਉਂਕਿ ਪਰਚੀਆਂ ਨਾਲ ਬਣੀ ਸਰਕਾਰ ਨੂੰ ਹੁਣ ਰੁੰਗਾ ਛੋਟੀਆਂ ਹੱਟੀਆਂ ਅਤੇ ਪੈਲੀਆਂ ਤੇ ਕਬਜੇ ਕਰਾਉਣਾ ਦਾ ਮਿਲਣਾ ਹੈ ਸ਼ਰਕਾਰੀ ਮਹਿਕਮੇ ਵੇਚਣ ਦਾ ਰੁੰਗਾ ਤਾਂ ਪਹਿਲਾਂ ਈ ਖਾ ਗਏ ਨੇ। ਜਿਹੜੀ ਸਰਕਾਰ ਸਰਕਾਰੀ ਮਹਿਕਮੇ ਵੇਚਣ ਦਾ ਰੁੰਗਾ ਖਾਂਦੀ ਹੋਵੇ ਓਹਨਾਂ ਦਾ ਕੀ ਨੁਕਸਾਨ ਹੋਜੂ, ਨੁਕਸਾਨ ਦਾ ਡਰ ਵਪਾਰੀ ਨੂੰ ਹੁੰਦਾ ਏ ਜਾਂ ਉਹਨੂੰ ਹੁੰਦਾ ਹੈ ਜੀਹਦੀ ਕੋਈ ਇਜਤ ਹੋਵੇ। ਤਾਏ ਦਾ ਯਕੀਨ ਸੀ ਕਿ ਅਣਖ ਇਜਤ ਆਲੇ ਲੋਕ ਰੁੰਗਾ ਤੇ ਦਲਾਲੀ ਨਹੀਂ ਖਾਂਦੇ ਹੁੰਦੇ। ਕਿਸਾਨ ਫਸਲਾਂ ਦੇ ਫੈਸਲੇ ਹੀ ਕਿਉਂ ਕਰੇ? ਬਾਕੀ ਜਿੰਦਗੀ ਦੇ ਫੈਸਲੇ ਵਪਾਰੀ ਜਾਂ ਓਹਨਾਂ ਦੇ ਰੁੰਗੇ ਝੁੰਗੇ ਤੇ ਪਲਣ ਵਾਲੇ ਕਰਨਗੇ ਤਾਂ ਲੋਕਾਈ ਨੂੰ ਫਿਰ ਮੁਸੀਬਤ ਪੈਦਾ ਕਰਨਗੇ, ਜੋ ਮੁੜ ਕਿਸਾਨਾਂ ਲਈ ਨਵੀਂ ਮੁਸੀਬਤ ਬਣਨਗੇ। ਵਪਾਰੀ ਜੋ

**ਧੁੰਦ ਚਰਚਾ**

ਲੁਟਦਾ ਹੈ ਉਹਦੇ ਕੋਲ ਫੈਸਲੇ ਕਰਨ ਦਾ ਹੱਕ ਹੀ ਕਿਉਂ ਰਹੇ? ਜੋ ਝੂਠ ਬੋਲ ਕੇ ਅਤੇ ਰੁੰਗੇ ਖਾ ਕੇ ਗੱਦੀ ਤੱਕ ਪਹੁੰਚਦਾ ਹੈ ਉਹ ਸੱਚ ਦਾ ਨਿਆਂ ਕਿਵੇਂ ਕਰੇਗਾ? ਮੋਟਾ ਸਵਾਲ ਹੈ ਕਿ ਰਾਜ ਕਰਨ ਦਾ ਹੱਕ ਲੁਟੇਰੇ ਅਤੇ ਝੂਠੇ ਕੋਲ ਕਿਉਂ ਹੋਵੇ? ਰਾਜ ਕਰਨ ਦਾ ਹੱਕ ਹੀ ਓਹਨਾਂ ਕੋਲ ਹੋਣਾ ਚਾਹੀਦਾ ਹੈ ਜੋ ਘਾਟਾ ਝਲਣ ਦੇ ਸਮਰਥ ਅਤੇ ਆਦੀ ਹਨ। ਜੋ ਘਾਟਾ ਨਹੀਂ ਝਲ ਸਕਦਾ ਉਹ ਰਾਜ ਕਰਨ ਦੇ ਸਮਰਥ ਨਹੀਂ ਹੈ। ਰਾਜ ਕਰਨ ਦਾ ਅਸਲ ਹੱਕ ਓਹਨਾਂ ਕੋਲ ਹੋਣਾ ਚਾਹੀਦਾ ਹੈ ਜੋ ਆਪ ਕਮਾ ਕੇ ਵੰਡਣ ਦੇ ਆਦੀ ਹਨ। ਰਾਜ ਕਰਨ ਦਾ ਅਸਲ ਮਤਲਬ ਲੋਕਾਂ ਦੀ ਪਾਲਣਾ ਕਰਨਾ ਹੁੰਦਾ ਹੈ ਵਪਾਰੀ ਤਾਂ ਸਿਰਫ ਆਪਣੀ ਪਾਲਣਾ ਕਰਦਾ ਹੈ। ਜਿਹੜੇ ਲੋਕ ਹਰ ਖੇਤਰ ਵਿਚ ਵਪਾਰੀ ਦੇ ਦਾਖਲੇ ਨੂੰ ਤਰੱਕੀ ਵਜੋਂ ਵੇਖਦੇ ਹਨ ਉਹਨਾਂ ਕੋਲੋਂ ਇਕੋ ਜੁਆਬ ਮੰਗਣਾ ਚਾਹੀਦਾ ਹੈ ਕਿ ਆਪਣੇ ਬਾਰੇ ਸੋਚਣ ਵਾਲਾ ਅਤੇ ਲਾਹੇ ਖਾਤਰ ਜੀਣ ਵਾਲਾ ਬੰਦਾ ਕਿਸੇ ਦੇਸ਼ ਜਾਂ ਮਨੁਖਤਾ ਦਾ ਭਲਾ ਕਿਵੇਂ ਕਰ ਸਕਦਾ ਹੈ? ਉਹਦਾ ਕੁੱਲ ਵਿਕਾਸ ਜਾਲ ਵਿਛਾਉਣਾ ਅਤੇ ਚੋਗਾ ਪਾਉਣਾ ਤੋਂ ਵੱਧ ਕੁਝ ਨਹੀਂ ਹੋ ਸਕਦਾ ਹੈ। ਤਾਏ ਦਾ ਯਕੀਨ ਸੀ ਕਿ ਜਿਹੜਾ ਬੰਦਾ ਠੱਗੀ ਚੋਰੀ ਧੋਖਾ ਕਰਦਾ ਏ ਉਹ ਕਾਹਦਾ ਸਿਆਣਾ ਏ ਜਦੋਂ ਕੁਛ ਨਾਲ ਈ ਨਹੀਂ ਜਾਣਾ।

ਤਾਏ ਦੇ ਹਿਸਾਬ ਨਾਲ ਇਹ ਗੱਲ 'ਮੰਗ ਖਾਣੇ ਤੇ ਲੁਟਣ ਆਲੇ ਲੋਕਾਂ ਨੇ ਬਣਾਈ ਐ ਕਿ ਧਰਤੀ ਪੱਟ ਲੋਕ ਕਮਲੇ ਹੁੰਦੇ ਨੇ'। ਜਿਹੜਾ ਖੇਤੀ ਕਰੂ ਵਾੜ ਵੀ ਉਹੀ ਕਰੂ। ਪੁੱਤਾਂ ਵਾਂਗ ਪਾਲੀ ਫਸਲ ਦਾ ਫਿਕਰ ਵਪਾਰੀ ਅਤੇ ਰੁੰਗੇ ਖਾਣ ਵਾਲੇ ਨੂੰ ਕਿਉਂ ਹੋਊ, ਇਹ ਤਾਂ ਫਸਲਾਂ ਵਾਲੇ ਨੂੰ ਆਪ ਈ ਹੱਲ ਕਰਨਾ ਪਊ? ਇਹ ਹੱਲ ਨਾ ਆਪ ਮਰਨ ਵਿਚ ਹੈ ਅਤੇ ਨਾ ਦੂਜਿਆਂ ਨੂੰ ਮਾਰਨ ਵਿਚ ਐ ਜ਼ਿੰਦਗੀ ਇਕੋ ਵਾਰ ਮਰ ਕੇ ਵੀ ਨਹੀਂ ਚਲਦੀ ਅਤੇ ਰੋਜ ਮਰ ਮਰ ਕੇ ਵੀ ਨਹੀਂ ਚਲਦੀ। ਹੁਣ ਪਹਿਲੇ ਅਤੇ ਆਖਰੀ ਸਿਆਣਿਆਂ ਦੀ ਪਰਖ ਏਦਾਂ ਈ ਹੋਣੀ ਹੈ ਕਿ ਉਹ ਦੁਨੀਆ ਲਈ ਕਿਹੜਾ ਰਾਹ ਕਢਦੇ ਹਨ।

ਰੌਲਾ ਗੰਨਿਆਂ ਦਾ ਨਹੀਂ, ਭੇਲੀ ਦਾ ਏ। ਜਿਹੜੇ ਗੰਨਾ ਦਿੰਦੇ ਨਹੀਂ ਓਹਨਾਂ ਨੂੰ ਐਵੇਂ ਗੰਨੇ ਮਿਲਣੇ ਵੀ ਨਹੀਂ ਭੇਲੀ ਦੇਣ ਆਲਿਆਂ ਨੂੰ ਭੇਲੀ ਲੈਣ ਦੀ ਗੱਲ ਕਰਨੀ ਪਊ ਤਾਂ ਹੀ ਓਹਨਾਂ ਦੀ ਗੱਲ ਬਣੂ। ਭੇਲੀ ਭੁਰਿਆਂ ਵੀ 3 ਗੰਨਿਆਂ ਤੋਂ ਵੱਧ ਮਿਲੂਗਾ।

# ਸ਼ਹੀਦ ਜਸਵੰਤ ਸਿੰਘ ਖਾਲੜਾ ਬਾਰੇ ਅਜਮੇਰ ਸਿੰਘ ਵਲੋਂ ਲਿਖੀ ਕਿਤਾਬ ਕਿਸਾਨ ਮੋਰਚੇ ਵਿਖੇ ਰਿਲੀਜ

## ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਕੀਤਾ ਸਮਾਗਮ

**ਸਿੰਘੂ ਬਾਰਡਰ, ਨਵੀਂ ਦਿੱਲੀ:** ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਜਾਨ ਕੁਰਬਾਨ ਕਰਨ ਵਾਲੇ ਸਰਦਾਰ ਜਸਵੰਤ ਸਿੰਘ ਖਾਲੜਾ ਦੇ ਜੀਵਨ ਸਬੰਧੀ ਸਿੱਖ ਵਿਦਵਾਨ ਅਜਮੇਰ ਸਿੰਘ ਵਲੋਂ ਲਿਖੀ ਕਿਤਾਬ "ਸ਼ਹੀਦ ਜਸਵੰਤ ਸਿੰਘ ਖਾਲੜਾ ਸੋਚ ਸੰਘਰਸ਼ ਤੇ ਸ਼ਹਾਦਤ" ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਬੀਤੇ ਦਿਨੀ ਇੱਥੇ ਕੀਤੇ ਸਮਾਗਮ ਦੌਰਾਨ ਰਿਲੀਜ ਕੀਤੀ।

ਕੌਮਾਂਤਰੀ ਪ੍ਰਸਿੱਧੀ ਵਾਲੀ ਖਾਲਸਾ ਏਡ ਸੰਸਥਾ ਵਲੋਂ ਕਿਸਾਨ ਅੰਦੋਲਨ ਵਿਖੇ ਲਾਏ ਸਟਾਲ ਵਿਖੇ ਕੀਤੇ ਇੱਕ ਸੰਖੇਪ ਪਰ ਪ੍ਰਭਾਵਸਾਲੀ ਸਮਾਗਮ ਦੌਰਾਨ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦੀ ਭਾਵਨਾ ਨੂੰ ਰੂਪਮਾਨ ਕਰਦਿਆਂ ਕਿਤਾਬ ਰਿਲੀਜ਼ ਕਰਨ ਦੀ ਪ੍ਰਚਲਤ ਰਵਾਇਤ ਤੋਂ ਹਟ ਕੇਹਰਿਆਣਵੀ ਹਿੰਦੂ ਕਿਸਾਨ, ਸਿੱਖ, ਮੁਸਲਮਾਨ, ਬੀਬੀਅਤੇ ਨੌਜਵਾਨ ਵਲੋਂ ਰਿਲੀਜ਼ ਕੀਤੀ ਗਈ। ਇਨ੍ਹਾਂ ਪੰਜ ਜਣਿਆਂ ਦੀ ਚੋਣ ਕਿਸਾਨ ਮੋਰਚੇ ਵਿੱਚ ਮੌਕੇ ਉੱਤੇ ਲੋਕ ਸਮੂਹ ਵਿਚੋਂ ਹੀ ਕੀਤੀ ਗਈ।

ਵਿਲੱਖਣ ਅੰਦਾਜ ਦੀ ਪੰਜਾਬੀ ਗਾਇਕੀ ਵਾਲੇ ਕਲਾਕਾਰ ਰੱਬੀ ਸੇਰਗਿੱਲ, ਕਿਸਾਨ ਮੋਰਚਾ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਲੱਖਾ ਸਿਧਾਣਾ, ਫਿਲਮੀ ਅਦਾਕਾਰ ਤੇ ਸੰਭੂ ਕਿਸਾਨ ਮੋਰਚਾ ਦੇ ਸੰਚਾਲਕ ਦੀਪ ਸਿੱਧੂ ਤੋਂ ਇਲਾਵਾ ਖਾਲਸਾ ਏਡ ਦੇ ਤਜਿੰਦਰਪਾਲ ਸਿੰਘ ਪ੍ਰਿੰਸ ਅਤੇ ਮੁਸਲਿਮ ਵਕੀਲ ਮੋਬਿਨ ਫਾਰੂਕੀ ਕਿਤਾਬ ਰਿਲੀਜ ਸਮਾਗਮ ਦੇ ਮੋਹਰੀਆਂ 'ਚੋਂ ਸਨ।



ਕਿਸਾਨ ਮੋਰਚਾ ਵਿਖੇ "ਸ਼ਹੀਦ ਜਸਵੰਤ ਸਿੰਘ ਖਾਲੜਾ ਸੋਚ ਸੰਘਰਸ਼ ਤੇ ਸ਼ਹਾਦਤ" ਕਿਤਾਬ ਰਿਲੀਜ ਮੌਕੇ ਦੀਪ ਸਿੱਧੂ, ਲੇਖਕ ਅਜਮੇਰ ਸਿੰਘ, ਰੱਬੀ ਸੇਰਗਿੱਲ, ਲੱਖਾ ਸਿਧਾਣਾ, ਡਾ. ਕੰਵਲਜੀਤ ਸਿੰਘ ਤੇ ਮੋਬਿਨ ਫਾਰੂਕੀ।

ਸ਼ਹੀਦ ਭਾਈ ਖਾਲੜਾ ਦੀ ਜੀਵਨੀ ਦੇ ਵਿਭਿੰਨ ਮਹੱਤਵਪੂਰਨ ਪਹਿਲੂਆਂ ਨੂੰ ਉਜਾਗਰ ਕਰਦੀ ਇਸ ਕਿਤਾਬ ਨੂੰ ਰਿਲੀਜ ਕਰਨ ਲਈ ਮਨੁੱਖੀ ਹੱਕਾਂ ਲਈ ਲੜੇ ਜਾ ਰਹੇ ਮੌਜੂਦਾ ਦੌਰ ਦੇ ਵੱਡੇ ਅਤੇ ਮਹੱਤਵ ਪੂਰਨ ਸੰਘਰਸ਼ ਕਿਸਾਨ ਮੋਰਚਾ ਸਿੰਘੂ ਬਾਰਡਰ ਨੂੰ ਚੁਣਿਆ ਜਾਣਾ ਮਹੱਤਵਪੂਰਨ ਹੈ।

ਇਸ ਮੌਕੇ ਬੋਲਦਿਆਂ ਸਿੱਖ ਚਿੰਤਕ ਡਾ ਕੰਵਲਜੀਤ ਸਿੰਘ ਨੇ ਸਿੱਖ ਸ਼ਹਾਦਤ ਦੇ ਦਾਰਸ਼ਨਿਕ ਪੱਖ ਤੇ ਚਾਨਣਾ ਪਾਉਦਿਆਂ ਕਿਹਾ ਕਿ ਸਿੱਖ ਸ਼ਹੀਦ ਪ੍ਰਚੰਡ ਰੂਹਾਨੀ ਪ੍ਰਤੀਤੀ ਸੱਤਿਆ ਨਾਲ ਸ਼ਹਾਦਤ ਨੂੰ ਸੁਚੇਤ ਤੌਰ ਤੇ ਚੁਣਦਾ ਹੈ, ਇਸ ਜਾਗ੍ਰਿਤੀ ਨਾਲ ਸਰਸ਼ਾਰ ਤਾਂ ਹੋਇਆ ਜਾ ਸਕਦਾ ਹੈ ਪਰ ਕੋਈ ਦੁਨਿਆਵੀ ਵਿਚਾਰ ਇਸਨੂੰ ਭਰਮਾ ਨਹੀਂ ਸਕਦਾ ।

ਕਿਤਾਬ ਦੇ ਲੇਖਕ ਸਰਦਾਰ ਅਜਮੇਰ ਸਿੰਘ ਨੇ ਸ਼ਹੀਦ ਜਸਵੰਤ ਸਿੰਘ ਦੀ ਸ਼ਹਾਦਤ ਦੀ ਅਜੋਕੇ ਦੌਰ ਵਿਚ ਪ੍ਰਸੰਗਿਕਤਾ ਦਰਸਾਉਂਦੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਨੇ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਿਆ ਸਿੱਖੀ ਦੀ ਗੁਰੂ ਅਰਜਨ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਭਾਈ ਮਨੀ ਸਿੰਘ ਦੁਆਰਾ ਸਥਾਪਤ ਰਵਾਇਤ ਨੂੰ ਸ਼ਾਨਦਾਰ ਤਰੀਕੇ ਨਾਲ ਨਿਭਾਇਆ। ਉਹਨਾਂ ਕਿਹਾ ਕਿ ਖਾਲੜਾ ਸਾਹਿਬ ਨੇ ਕੇਵਲ ਮਨੁੱਖੀ ਹੱਕਾਂ ਦੀ ਉਲੰਘਣਾ ਵਿਰੁੱਧ ਉਠਣ ਵਾਲੀ ਅਵਾਜ਼ ਨੂੰ ਜੁਲਮ ਨਾਲ ਬੰਦ ਕਰਨ ਦੀ ਕਵਾਇਦ ਵਜੋਂ ਸੀਮਤ ਕਰਕੇ ਨਹੀਂ ਵੇਖਿਆ ਬਲਕਿ ਜਾਲਮ ਵਲੋਂ ਇਸ ਆਵਾਜ਼ ਨੂੰ ਝੂਠ ਬੋਲ ਕੇ ਬੰਦ ਕਰਨ ਦੀ ਕਪਟ ਭਰੀ ਚਾਲ ਵਜੋਂ ਵੀ ਵੇਖਿਆ। ਜਿੱਥੇ ਉਹਨਾਂ ਨੇ ਜਾਲਮ ਨੂੰ ਵੰਗਾਰਿਆ ਉਥੇ ਉਸਦੇ ਕਪਟ ਨੂੰ ਵੀ ਬੇਨਕਾਬ ਕੀਤਾ।

---

# ਅਸੀਂ ਘਰੋਂ ਐਸੇ ਨਿਕਲੇ, ਸੱਚੀਂ ਘਰ ਪਰਤ ਆਏ

## ਮੋਰਚੇ ਵਿੱਚ ਵਸੇ ਪਿੰਡ ਵਿਚਲੇ ਕਿਸਾਨੀ ਰੰਗ ਨੂੰ ਉਭਾਰਦੀਆਂ ਕੁੱਝ ਯਾਦਗਾਰੀ ਫੋਟੋਆਂ

**ਇਸ ਸੰਘਰਸ ਨੇ ਕਿੰਨੀਆਂ ਅਣਜਾਣ ਰੂਹਾਂ ਨੂੰ ਅਦੁਤੀ ਕਲਾ ਪ੍ਰਦਾਨ ਕੀਤੀ ਕਿ ਉਹ ਸਭ ਇਕ ਦੇ ਹੋ ਗਏ। ਬਾਬੇ ਨਾਨਕ ਦੀਆਂ ਪੈੜਾਂ ਦੱਬੀ ਕਿਸਾਨੀ ਸੰਘਰਸ ਵਿਚ ਤੁਰ ਰਹੇ ਇਹ ਲੋਕ ਅਚਨਚੇਤ ਹੀ ਇਕ ਦੂਜੇ ਵਿੱਚ ਸਮਾ ਰਹੇ ਹਨ ।**

**- ਬਲਜੀਤ ਖਾਨ ਮੋਗਾ**

ਜਿੱਥੇ-ਜਿੱਥੇ ਤੁਸੀਂ ਤੰਬੂ ਲਾਏ ਹੋਏ ਹਨ ਤੇ ਟਰਾਲੀਆਂ ਖਲ੍ਹਿਆਰੀਆਂ ਹੋਈਆਂ ਹਨ, ਥੋਡਾ ਉਹਨਾਂ ਥਾਵਾਂ ਨਾਲ ਮੋਹ ਪੈ ਜਾਣਾ ਏ, ਜਦੋਂ ਓਥੋਂ ਵਾਪਸ ਤੁਰੇ ਮਨ ਉਦਾਸ ਹੋਵੇਗਾ, ਰੋਣ ਵੀ ਆਵੇਗਾ। ਬੇਸ਼ੱਕ ਉਹ ਚੁੱਲ੍ਹੇ ਤੇ ਚੁਰਾਂ ਆਰਜੀ ਹਨ ਪਰ ਤੁਰਨ ਲੱਗਿਆਂ ਉਹਨਾਂ ਨੂੰ ਢਾਹੁਣਾ ਬੜਾ ਔਖਾ ਹੋਵੇਗਾ। ਤੁਹਾਡਾ ਮਨ ਹੋਰ ਕੁਝ ਦਿਨ ਰੁਕਣ ਨੂੰ ਕਰੇਗਾ, ਸੋਚੋਂਗੇ ਇਹ ਮੇਲਾ ਵਿੱਝੜ ਕਿਉਂ ਚੱਲਿਆ। ਅਜਿਹੀਆਂ ਘੜੀਆਂ ਸਦੀਆਂ ਬਾਅਦ ਕਦੇ ਆਉਂਦੀਆਂ ਨੇ। ਤੁਸੀਂ ਵੱਡਭਾਗੇ ਹੋਂ ਕਿ ਤੁਸੀਂ ਸਿਰਫ ਇਹਨਾਂ ਇਤਿਹਾਸਕ ਪਲਾਂ ਦੇ ਗਵਾਹ ਹੀ ਨਹੀਂ ਬਣੇ ਸਗੋਂ ਪੂਰੇ ਸਰਗਰਮ ਪਾਤਰ ਬਣ ਵਿੱਚਰੇ ਹੋਂ। ਵਧਾਈ ਹੋਵੇ ਥੋਨੂੰ!

ਬਰਲਿਨ ਦੀ ਕੰਧ ਵਾਂਗ ਸ਼ਾਇਦ ਕੋਈ ਕੰਕਰ-ਰੋੜੀ ਯਾਦ-ਨਿਸ਼ਾਨੀ ਵਜੋਂ ਝੋਲੇ 'ਚ ਪਾ ਕੇ ਪਿੰਡ ਪਰਤੋਂ ਅਤੇ ਇਹ ਵੀ ਹੋ ਸਕਦਾ ਏ ਕੋਈ ਤੁਹਾਡੀ ਪੈੜ ਦੀ ਮਿੱਟੀ ਨੂੰ ਕਿਸੇ ਸੁੱਚੇ ਲੀੜੇ ਦੀ ਟਾਕੀ ਵਿੱਚ ਬੰਨ੍ਹ ਕੇ ਸਦਾ ਲਈ ਸਾਂਭ ਲਵੇ।

ਤੁਹਾਡੇ ਵਾਪਸ ਘਰੀਂ ਤੁਰਨ ਮਗਰੋਂ ਦਿੱਲੀ ਦੇ ਬਾਰਡਰਾਂ ਨੇੜਲੀਆਂ ਇਹ ਗਲੀਆਂ ਸੁੰਞੀਆਂ ਹੋ ਜਾਣੀਆਂ ਨੇ। ਓਏ, ਤੁਸੀਂ ਦਿਲ ਜਿੱਤ ਲਏ ਹਨ, ਤੁਸੀਂ ਸਿਕੰਦਰ ਬਾਦਸ਼ਾਹ ਨੂੰ ਕਿਤੇ ਪਿਛਾਂਹ ਛੱਡ ਦਿੱਤਾ ਏ!

ਥੋਡਾ ਕਿੱਸਿਆਂ, ਕਹਾਣੀਆਂ, ਕਿਤਾਬਾਂ 'ਚ ਜਿਕਰ ਹੋਵੇਗਾ। ਤੁਸੀਂ ਵੀਹ ਸੌ ਵੀਹ ਨੂੰ ਦਿਲਾਂ-ਦਿਮਾਗਾਂ ਦੀਆਂ ਕੰਧਾਂ 'ਤੇ ਡੂੰਘਾ ਕੁਰੇਦ ਦਿੱਤਾ ਏ। ਥੋਨੂੰ ਦਸਾਂ 'ਚੋਂ ਸੌ ਨੰਬਰ ਦੇਣ ਨੂੰ ਜੀਅ ਕਰਦਾ ਏ।

ਨਾ ਤਾਂ ਐਤਕੀਂ ਵਰਗਾ ਛੇਤੀ ਕਿਤੇ ਪਹਿਲੇ ਪਾਤਸ਼ਾਹ ਦਾ ਗੁਰਪੁਰਬ ਆਉਣਾ ਏ ਨਾ ਹੀ ਐਤਕੀਂ ਵਰਗਾ ਨਵਾਂ ਸਾਲ ਚੜ੍ਹਣਾ ਏ।

ਥੋਨੂੰ ਇੱਥੋਂ ਨੇੜਲੇ ਗਲੀ-ਮੁਹਲਿਆਂ ਦੇ ਅਨਾਥ ਤੇ ਗਰੀਬ ਬੱਚੇ ਸਾਰੀ ਉਮਰ ਯਾਦ ਰੱਖਣਗੇ ਜਿੰਨ੍ਹਾਂ ਨੂੰ ਤੁਸੀਂ ਸਾਦ-ਮੁਰਾਦੀ, ਸੁਚੱਜੀ ਜਿੰਦਗੀ ਦੇ ਦਰਸ਼ਨ ਕਰਵਾਏ ਹਨ। ਜਿਉਣ-ਜੋਗਿਉ, ਥੋਡੀਆਂ ਉਡੀਕਾਂ ਹੋਣਗੀਆਂ!

ਉਮੀਦ ਕਰਦਾ ਹਾਂ, ਕਈਆਂ ਨਾਲ ਹੋਈਆਂ ਨਵੀਆਂ ਵਾਕਫੀਅਤਾਂ ਤਾਅ-ਉਮਰ ਨਿਭਣਗੀਆਂ।

ਸਾਲਾਂ ਬਾਅਦ ਉਹਨਾਂ ਰਾਹਾਂ ਉੱਤੋਂ ਦੀ ਜਦੋਂ ਕਦੇ ਗੇੜਾ ਲੱਗੇਗਾ ਤਾਂ ਅਣਗਿਣਤ ਯਾਦਾਂ ਹਾਜਰੀ ਲਵਾਉਣ ਆ ਬਹੁੜਨਗੀਆਂ, ਮਨ ਪਿਛਲ-ਝਾਤ ਮਾਰੇਗਾ, ਕਦੇ ਇਹਨਾਂ ਸੜਕਾਂ 'ਤੇ ਭੁੰਜੇ ਸੁੱਤੇ ਸਾਂ, ਰੋਟੀਆਂ ਪਕਾਈਆਂ ਤੇ ਖਾਧੀਆਂ ਸਨ, ਨਾਹਰੇ ਲਾਏ ਅਤੇ ਪੋਹ ਦੀਆਂ ਠੰਢੀਆਂ ਰਾਤਾਂ ਨੂੰ ਤੰਗੀਆਂ ਝੱਲੀਆਂ ਸਨ, ਮਾਣ ਹੋਵੇਗਾ, ਜਿਵੇਂ ਸਾਬਕਾ ਵਿਦਿਆਰਥੀ ਦਾ ਮਨ ਆਪਣੇ ਸਕੂਲ ਜਾਂ ਕਾਲਜ ਦੀ ਇਮਾਰਤ ਨੂੰ ਨਤਮਸਤਕ ਹੋਣ ਨੂੰ ਕਰਦਾ ਏ ਤੁਹਾਡਾ ਵੀ ਕਰੇਗਾ, ਖੇੜਾ ਅਤੇ ਵੈਰਾਗ ਇੱਕੋ ਵੇਲੇ ਤੁਹਾਡੀ ਰੂਹ ਨੂੰ ਕਲਾਵੇ 'ਚ ਲੈ ਲੈਣਗੇ।

ਸਾਡਾ ਵੀ ਦੂਰ ਬੈਠਿਆਂ ਦਾ ਮਨ ਵਾਰ-ਵਾਰ ਵੈਰਾਗ 'ਚ ਡੁੱਬ ਜਾਂਦਾ ਏ, ਭੁਲੇਖਾ ਪੈਂਦਾ ਏ, ਥੋਡੇ 'ਚ ਕੋਈ ਹੋਰ ਬਿਰਾਜਮਾਨ ਏ।

ਚੜ੍ਹਦੀ ਕਲਾ ਕੀ ਹੁੰਦੀ ਏ, ਕੀ ਚੜ੍ਹਦੀ ਕਲਾ ਖੁਸ਼ੀ ਹੁੰਦੀ ਏ?

ਨਹੀਂ.. ਗਮੀ 'ਚ ਵੀ ਹੌਂਸਲੇ ਦਾ ਜਜਬਾ ਹੁੰਦੀ ਏ, ਜਿੰਦਗੀ ਅਤੇ ਮੌਤ ਤੋਂ ਪਾਰ ਦੇਖਣ ਦੀ ਦੂਰ-ਦ੍ਰਿਸ਼ਟੀ ਹੁੰਦੀ ਏ ਜੋ ਹੋਕਾ ਦਿੰਦੀ ਏ, ਲੋਕੋ, ਗਵਾਇਆ ਕੁਝ ਵੀ ਨਹੀਂ।

ਆਪਣੀਆਂ ਜਿੱਤਾਂ ਅਤੇ ਪ੍ਰਾਪਤੀਆਂ ਨੂੰ ਆਪਣੇ ਵੱਡੇ-ਵਡੇਰਿਆਂ ਦੇ ਨਾਂ ਲਿਖ ਦੇਣਾ ਹੀ ਗੁਰੂ ਵਾਲੇ ਹੋਣਾ ਹੁੰਦਾ ਏ!

ਇਸ ਵਾਰ ਅਸੀਂ ਘਰੋਂ ਐਸੇ ਨਿਕਲੇ ਕਿ ਸੱਚੀਂ ਘਰ ਪਰਤ ਆਏ ਹਾਂ। ਪਛਾਣ ਹੋ ਗਈ ਆਪਣੇ ਤੇ ਗੈਰ ਦੀ! ਨੇਤਾਵਾਂ ਨੂੰ ਤੁਸੀਂ ਸਿਰ ਤੋਂ ਪੈਰਾਂ ਤਾਈਂ ਨੰਗਾ ਕਰ ਦਿੱਤਾ ਏ, ਜੁਅਰਤ ਨਹੀਂ ਉਹਨਾਂ 'ਚ ਥੋਡੇ ਨਾਲ ਅੱਖ 'ਚ ਅੱਖ ਪਾ ਕੇ ਗੱਲ ਕਰਨ ਦੀ, ਅੱਗੇ ਤੋਂ ਵੀ ਉਹਨਾਂ ਨੂੰ ਮੂੰਹ ਨਾ ਲਾਇਓ।

ਆਹਾ, ਸਾਨੂੰ ਸਭ ਸਮੱਸਿਆਵਾਂ ਦੀ ਕੁੰਜੀ ਲੱਭ ਗਈ ਏ!

ਇਹਨੂੰ ਚਾਹੇ ਅੰਦੋਲਨ ਕਹਿ ਲਵੋ, ਚਾਹੇ ਮੋਰਚਾ, ਚਾਹੇ ਸੰਘਰਸ਼, ਚਾਹੇ ਲੜਾਈ, ਚਾਹੇ ਧਰਨਾ, ਚਾਹੇ ਏਕਾ!!

ਤੁਸੀਂ ਜਿਉਂਦੇ-ਵਸਦੇ ਰਹੋ, ਸ਼ਾਦ ਰਹੋ, ਆਬਾਦ ਰਹੋ!

ਆਉ ਇੱਕੋ ਸਾਹੇ ਆਖੀਏ, ਇਨਕਲਾਬ ਜ਼ਿੰਦਾਬਾਦ, ਜੈ ਜਵਾਨ ਜੈ ਕਿਸਾਨ, ਜੋ ਬੋਲੇ ਸੋ ਨਿਹਾਲ, ਸਾਸਰੀਆ ਕਾਲ!

ਬਲਜੀਤ ਖਾਨ ਸਪੁਤਰ ਜਨਾਬ ਬਿੱਲੂ ਖਾਨ, ਤੇਈ ਦਸੰਬਰ, ਵੀਹ ਸੌ ਵੀਹ।

# ਸਿੱਖ ਪੰਚਾਇਤ ਫਰੀਮੌਂਟ ਵਲੋਂ ਕਿਸਾਨਾਂ ਦੀ ਸਹੂਲਤ ਲਈ ਟੌਇਲਟਸ ਤੇ ਗੀਜਰ ਭੇਟ

**ਟਿਕਰੀ ਬਾਰਡਰ (ਨਵੀਂ ਦਿੱਲੀ):** ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਚੋਖੀ ਸਿੱਖ ਵਸੋਂ ਵਾਲੇ ਬੇ ਏਰੀਆ ਦੀ ਸਮਾਜ ਸੇਵੀ ਜਥੇਬੰਦੀ ਸਿੱਖ ਪੰਚਾਇਤ ਫਰੀਮੌਂਟ ਵਲੋਂ ਅੰਦੋਲਨਕਾਰੀ ਕਿਸਾਨਾਂ ਦੀ ਸਹੂਲਤ ਲਈ ਟੈਂਟ, ਟਾਇਲਟਸ ਅਤੇ ਗੀਜਰ ਮੁਹੱਈਆ ਕਰਵਾਏ ਗਏ ਹਨ। ਸਿੱਖ ਪੰਚਾਇਤ ਦਾ ਕਹਿਣਾ ਹੈ ਕਿ ਧਰਨਾਕਾਰੀ ਕਿਸਾਨਾਂ ਨੂੰ ਟੱਟੀ ਪਿਸ਼ਾਬ ਜਾਣ ਲਈ ਬਹੁਤ ਮੁਸ਼ਕਲਾਂ ਨੂੰ ਧਿਆਨ ਵਿੱਚ ਰਖਦਿਆਂ 200 ਮੋਬਾਇਲ ਟੋਇਲਟਸ ਤੋਂ ਇਲਾਵਾ ਗਰਮ ਪਾਣੀ ਵਾਲੇ ਗੀਜ਼ਰ ਵੀ ਦਿੱਤੇ ਗਏ ਹਨ।

ਸਿੱਖ ਪੰਚਾਇਤ ਫਰੀਮੌਂਟ ਦੇ ਹੁਸ਼ਿਆਰਪੁਰ ਰਹਿੰਦੇ ਕੋਆਰਡੀਨੇਟਰ ਐਸ ਪੀ ਸਿੰਘ ਖਾਲਸਾ ਨੇ ਦਸਿਆ ਕਿ ਅੰਦਾਜ਼ਨ 400 ਗੀਜਰ ਟਿਕਰੀ ਤੇ ਸਿੰਘੂ ਬਾਰਡਰ ਤੋਂ ਇਲਾਵਾ ਹੋਰਨਾਂ ਥਾਵਾਂ ਉੱਤੇ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਅਪਣੀਆਂ ਮੰਗਾਂ ਮਨਵਾਉਣ ਲਈ ਇੰਨੀ ਭਾਰੀ ਠੰਢ ਵਿੱਚ ਖੁਲ੍ਹੇ ਅਸਮਾਨ ਥੱਲੇ ਬੈਠਣ ਲਈ ਮਜਬੂਰ ਆਪਣੇ ਕਿਸਾਨ ਭਰਾਵਾਂ ਦੀਆਂ ਲੋੜਾਂ ਵਾਸਤੇ ਅਸੀਂ ਲਗਾਤਾਰ ਮਦਦ ਦਾ ਯਤਨ ਕਰਾਂਗੇ।








*ਸਿੱਖ ਪੰਚਾਇਤ ਵੱਲੋਂ ਭੇਂਟ ਕੀਤੇ ਗੀਜ਼ਰ ਅਤੇ ਟਾਇਲਟ*

## ਕਿਸਾਨਾਂ ਨੂੰ ਸਰਧਾਂਜਲੀ

**ਫਰੀਮੌਂਟ (ਕੈਲੇਫੋਰਨੀਆ):** ਭਾਰਤ ਵਿਚ ਚੱਲੇ ਰਹੇ ਕਿਸਾਨੀ ਸੰਘਰਸ ਵਿੱਚ ਆਪਣੀਆਂ ਕੀਮਤੀ ਜਾਨਾਂ ਕਿਸਾਨੀ ਸੰਘਰਸ ਦੇ ਲੇਖੇ ਲਾਉਣ ਵਾਲਿਆਂ ਨੂੰ ਸਤਿਗੁਰੂ ਆਪਣੇ ਚਰਨਾਂ ਵਿੱਚ ਨਿਵਾਸ ਬਖਸਣ ਅਤੇ ਪਿੱਛੇ ਪਰਿਵਾਰਾਂ ਨੂੰ ਭਾਣਾ ਮੰਨਣ ਅਤੇ ਚੜ੍ਹਦੀ ਕਲਾ ਦਾ ਬਲ ਬਖਸਣ ।ਦਿੱਲੀ ਨੇ ਹਮੇਸਾ ਪੰਜਾਬ ਦਾ ਸਬਰ ਪਰਖਿਆ ਹੈ ਅਤੇ ਹਮੇਸਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ। ਅੱਜ ਲਗਭਗ ਇੱਕ ਮਹੀਨੇ ਤੋ ਪੰਜਾਬ ਅਤੇ ਹੋਰਨਾਂ ਸਟੇਟਾਂ ਦੇ ਕਿਸਾਨ ਪੋਹ ਦੀਆਂ ਠੰਡੀਆਂ ਰਾਤਾਂ ਬਾਹਰ ਖੁੱਲ੍ਹੇ ਅਸਮਾਨ ਥੱਲੇ ਕੱਟ ਰਹੇ ਪਰ ਉਹਨਾਂ ਦੇ ਜਜਬਿਆਂ ਨੂੰ ਸਲਾਮ ਹੈ ਜਿਹੜੇ ਘਰ ਬਾਰ ਛੱਡ ਆਪਣੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ ਨੂੰ ਦੇਖਦੇ ਹੋਏ ਕੇਂਦਰ ਵੱਲੋਂ ਪਾਸ ਕੀਤੇ ਕਿਸਾਨ ਮਾਰੂ ਬਿੱਲਾਂ ਨੂੰ ਰੱਦ ਕਰਾਉਣ ਲਈ ਹਰ ਪਲ ਯਤਨਸੀਲ ਹਨ। ਸਿੱਖ ਪੰਚਾਇਤ ਆਪਣਾ ਫਰਜ ਸਮਝਦੇ ਹੋਇਆਂ ਅਤੇ ਮੋਰਚੇ ਦੀਆਂ ਮੁੱਖ ਲੌੜਾਂ ਨੂੰ ਮਹਿਸੂਸ ਕਰਦਿਆਂ ਪਿਛਲੇ ਦਿਨਾ ਤੋਂ ਲਗਾਤਾਰ ਬਾਥਰੂਮਾਂ,ਗਰਮ ਪਾਣੀ ਦੀ ਵਿਵਸਥਾ ਲਈ ਯਤਨਸੀਲ ਹੈ।ਇਹ ਵਿਵਸਥਾ ਪਹਿਲਾਂ ਸਿੰਘੂ ਬਾਰਡਰ, ਟਿਕਰੀ ਬਾਰਡਰ ਅਤੇ ਕਰ ਗਾਜੀਪੁਰ ਬਾਰਡਰ ਵੀ ਦਿੱਤੀ ਜਾ ਰਹੀ ਹੈ।

## ਬਦਾਮਾਂ ਦਾ ਲੰਗਰ : ਅਮਰੀਕਾ ਰਹਿੰਦੇ ਟੁੱਟ ਭਰਾਵਾਂ ਵਲੋਂ 30 ਕੁਇੰਟਲ ਬਦਾਮ ਕਿਸਾਨਾਂ ਲਈ ਦਿੱਲੀ ਭੇਜੇ







ਅਮਰੀਕਾ 'ਚ ਵਸਦੇ ਟੁੱਟ ਭਰਾਵਾਂ ਨੇ ਦਿੱਲੀ ਵਿਚ ਚੱਲ ਰਹੇ ਕਿਸਾਨ ਸੰਘਰਸ ਲਈ 30 ਕੁਇੰਟਲ ਬਦਾਮਾਂ ਦੀ ਸੇਵਾ ਕੀਤੀ ਹੈ। ਜਲੰਧਰ ਦੇ ਪਿੰਡ ਪਰਾਗਪੁਰ ਦਾ ਪਿਛੋਕੜ ਰੱਖਦੇ ਟੁੱਟ ਭਰਾਵਾਂ ਕੋਲ ਅਮਰੀਕਾ ਵਿਚ 3000 ਏਕੜ ਬਦਾਮਾਂ ਦੇ ਖੇਤ ਦੱਸੇ ਜਾਂਦੇ ਹਨ। ਖੇਤੀ ਤੋਂ ਬਿਨਾ ਇਨ੍ਹਾਂ ਦਾ ਟਰਾਂਸਪੋਰਟ, ਜਾਇਦਾਦ ਦਾ ਕੰਮ ਕਈ ਦੇਸਾਂ ਵਿਚ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਸਫਾਈ ਲਈ ਕਈ ਕਰੋੜ ਰੁਪਏ ਦਾ ਫਿਲਟਰ ਪਲਾਟ ਉਨ੍ਹਾਂ ਅਮਰੀਕਾ 'ਚੋਂ ਟੀਮ ਲਿਜਾ ਕੇ ਲਗਾਇਆ। ਪਰਾਗਪੁਰ ਵਿਚ ਰਣਜੀਤ ਟੁੱਟ ਹੋਰਾਂ ਦੇ ਗੁਡਾਊਨ ਵਿਚੋਂ ਬਾਦਾਮਾਂ ਦੇ ਥੈਲੇ ਕਿਸਾਨਾਂ ਦੀ ਸੇਵਾ ਵਿਚ ਭੇਜੇ ਗਏ।

**ਵੇਰਵਾ: ਗੌਤਮ ਰਿਸੀ**

## ਸੈਨਫਰਾਂਸਿਸਕੋ ਵਿੱਚ ਕੀਤੀ ਕਿਸਾਨ ਰੈਲੀ ਦੌਰਾਨ ਪੰਜਾਬੀਆਂ ਦੀ ਚੜ੍ਹਦੀ ਕਲਾ ਦੇ ਕੁੱਝ ਤਸਵੀਰਾਂ ਦੀ ਜ਼ੁਬਾਨੀ










# ਕਿਸਾਨ ਅੰਦੋਲਨ ਦੀ ਪੰਜਾਬ ਤੋਂ ਸ਼ੁਰੂਆਤ, ਚੜ੍ਹਤ ਅਤੇ ਸਿਖਰ



**ਹਰਜੇਸਵਰ ਪਾਲ ਸਿੰਘ,**
**ਸੰਪਰਕ : 8476 63003**
***ਲੇਖਕ ਸਰਗਰਮ ਰਾਜਸੀ ਬੁੱਧੀਜੀਵੀ ਤੇ ਇਤਿਹਾਸ ਦਾ ਅਧਿਆਪਕ ਹੈ**

ਜਦੋਂ ਮੋਦੀ ਸਰਕਾਰ ਨੇ ਕੋਵਿਡ ਮਹਾਂਮਾਰੀ ਦੇ ਸਿਖਰ 'ਤੇ 5 ਜੂਨ ਨੂੰ ਤਿੰਨ ਖੇਤੀ ਆਰਡੀਨੈਂਸਾਂ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ, ਤਾਂ ਪੰਜਾਬ ਵਿੱਚ ਇਸ ਦੇ ਵਿਰੋਧ ਦੀ ਹੱਦ, ਫੈਲਾਅ ਅਤੇ ਤੇਜ ਧਾਰ ਇੰਨੀ ਵੱਡੀ ਹੋਏਗੀ ਤੇ ਜੋ ਬਾਅਦ ਵਿਚ ਪੂਰੇ ਦੇਸ ਵਿਚ ਫੈਲ ਜਾਵੇਗੀ ਅਤੇ ਸਾਰੇ ਸੰਸਾਰ ਵਿਚ ਵਿਆਪਕ ਦਿਲਚਸਪੀ ਪੈਦਾ ਕਰੇਗੀ, ਕਿਸੇ ਨੇ ਸੁਫਨੇ ਵਿੱਚ ਵੀ ਨਹੀਂ ਸੋਚਿਆ ਹੋਣਾ।

ਕੁਝ ਹੱਦ ਤੱਕ 'ਪੰਜਾਬੀ ਟ੍ਰਿਬਿਊਨ' ਵਰਗੇ ਅਖਬਾਰਾਂ, ਪੱਤਰਕਾਰਾਂ, ਖੇਤੀ ਮਾਹਰਾਂ ਅਤੇ ਕਿਸਾਨ ਨੇਤਾਵਾਂ ਦੀ ਅਗਵਾਈ ਵਿੱਚ ਬੌਧਿਕ ਅੰਦੋਲਨ ਵਜੋਂ ਸੁਰੂ ਹੋਈ ਇਹ ਲਹਿਰ ਸਾਰੇ ਰਾਜ ਵਿੱਚ ਤੇਜੀ ਨਾਲ ਫੈਲ ਗਈ। 26 ਨਵੰਬਰ ਨੂੰ, ਹਰਿਆਣੇ ਦੇ ਕਿਸਾਨਾਂ ਦੀ ਵਿਆਪਕ ਸਮੂਲੀਅਤ ਬੈਰੀਕੇਡਾਂ ਅਤੇ ਪਾਣੀ ਦੀਆਂ ਤੋਪਾਂ ਨੂੰ ਨੱਥ ਪਾਕੇ "ਦਿੱਲੀ ਚੱਲੋ" ਦੇ ਪੜਾਅ ਤੋਂ ਸੁਰੂ ਹੋਈ । ਇਸ ਤੋਂ ਬਾਅਦ ਤਾਂ ਜਿਹੜੀ ਹਮਾਇਤ ਸਮਰਥਨ ਅਤੇ ਸ਼ਕਤੀ ਇਸ ਨੂੰ ਦੇਸਾਂ ਵਿਦੇਸਾਂ ਵਿੱਚੋਂ ਮਿਲੀ ਬੇਮਿਸਾਲ ਹੈ।

ਇਸ ਅੰਦੋਲਨ ਦਾ ਨਤੀਜਾ ਜੋ ਵੀ ਹੋਵੇ, ਇਕ ਗੱਲ ਸਪੱਸ਼ਟ ਹੈ, ਤਾਨਾਸਾਹੀ ਰਾਜ ਅਤੇ ਲੰਗੋਟੀਏ ਸਰਮਾਏਦਾਰਾਂ ਖਿਲਾਫ ਹੋਇਆ ਵਿਰੋਧ ਇਕਲੌਤਾ ਤੇ ਵਿਲੱਖਣ ਅਤੇ ਜੀਵਿਤ ਯਾਦਾਂ ਦੇ ਕਿਸੇ ਹੋਰ ਵਿਰੋਧ ਚੋਂ ਨਿਵੇਕਲਾ ਹੈ। ਪੱਛਵੀਂ ਮੀਡੀਆ ਤਾਂ ਇਸ ਨੂੰ ਪਹਿਲਾਂ ਹੀ

ਪੰਜਾਬ ਅਤੇ ਦੁਨੀਆ ਦੇ ਸਾਰੇ ਪੰਜਾਬੀਆਂ ਵਿਚ ਇਸ ਨੇ ਲਾਸਾਨੀ ਸਾਂਝ ਪੈਦਾ ਕੀਤੀ ਹੈ ਅਤੇ ਅਥਾਹ ਸਮਰਥਨ ਪ੍ਰਾਪਤ ਕੀਤਾ ਹੈ। ਧਰਨਿਆਂ 'ਚ ਜਾਂ ਟਰਾਲੀਆਂ ਵਿਚ ਬੈਠੇ ਬਜੁਰਗ, ਬੈਰੀਕੇਡ(ਰੋਕਾਂ) ਤੋ ਨੌਜਵਾਨਾਂ ਦੇ ਜੌਹਰ, ਬੱਚਿਆਂ ਦੀ ਮੋਦੀ ਵਿਰੋਧੀ ਨਾਅਰੇਬਾਜੀ, ਦਿੱਲੀ 'ਚ ਠੰਡ ਨੂੰ ਟਿੱਚ ਸਮਝਦੀਆਂ ਮਾਵਾਂ, ਕੱਪੜੇ ਵੰਡਦੇ ਪੁੱਗਤ ਵਾਲੇ, ਕਾਰ ਰੈਲੀਆਂ ਕੱਢਦੇ ਪ੍ਰਵਾਸੀ ਭਾਰਤੀ, ਸਾਈਕਲਾਂ ਅਤੇ ਪੈਦਲ ਨਿਕਲੇ ਬੇਜਮੀਨੇ, ਇਨਕਲਾਬੀ ਗੀਤ ਗਾਉਂਦੇ ਗਾਇਕ, ਸਰਕਾਰੀ ਪ੍ਰਚਾਰ ਦਾ ਵਿਰੋਧ ਕਰਦੇ ਬੁੱਧੀਜੀਵੀ, ਟੀ ਵੀ ਨਾਲ ਜੁੜੇ ਅੰਬਾਨੀ/ਅਡਾਨੀ ਨੂੰ ਲਗਹਨਤਾਂ ਪਾਉਂਦੇ ਆਮ ਲੋਕ। ਲਗਦਾ ਹੈ ਜਿਵੇਂ ਸਮੁੱਚੇ ਪੰਜਾਬੀ ਭਾਈਚਾਰੇ ਦੀ ਸਮੂਹਿਕ ਜਮੀਰ ਇਸ ਅੰਦੋਲਨ ਨਾਲ ਘੁਲਮਿਲ ਗਈ ਹੋਵੇ ਤੇ ਪੂਰੀ"ਪੰਜਾਬੀ ਕੌਮ" ਇਸ ਮੁੱਦੇ ਉੱਤੇ ਲਾਮਬੰਦ ਹੋ ਗਈ ਹੋਵੇ ।

ਪੰਜਾਬੀਆਂ ਅੰਦਰ ਇਸ ਲਹਿਰ ਦੇ ਫੈਲਾਅ, ਡੂੰਘਾਈ ਅਤੇ ਗੂੜ੍ਹਤਾ ਨੂੰ ਕਿਵੇਂ ਸਮਝਿਆ ਜਾਵੇ ?

ਪੰਜਾਬ ਦੇ ਇਤਿਹਾਸ ਤੇ ਸਭਿਆਚਾਰ, ਖਾਸ ਕਰਕੇ ਇਸ ਦੀ ਸਿੱਖ ਖਸਲਤ, ਇਸ ਦੇ ਇਤਿਹਾਸ ਵਿਚ ਮੂਹਰਲੀ ਤਾਕਤ ਰਹੀ ਹੈ । "ਸਰਬੱਤ ਦਾ ਭਲਾ" ਵਾਲਾ ਸਿੱਖ ਫਲਸਫਾ ਅਤੇ ਜੁਲਮ ਦੇ ਸਾਹਮਣੇ ਡਟਣਾ ਅਤੇ ਨਿਆਂ ਤੇ ਬਰਾਬਰੀ ਲਈ ਲੜਨਾ, ਅਰਦਾਸ, ਇਤਿਹਾਸ, ਨਾਇਕਾਂ ਤੇ ਲੋਕ ਸਭਿਆਚਾਰ ਰਾਹੀਂ ਲੋਕਾਂ ਦੀ ਸਮੂਹਕ ਜਮੀਰ ਬਣ ਗਿਆ ਹੈ। ਗੁਰੂਦੁਆਰੇ ਤੇ ਲੰਗਰ, ਜਿਹੀਆਂ ਸੰਸਥਾਵਾਂ, ਕੁਰਬਾਨੀ ਤੇ ਵਿਰੋਧ ਦੇ ਮੁਜੱਸਮੇ ਸਿੱਖ ਗੁਰੂ, ਬੰਦਾ ਸਿੰਘ ਬਹਾਦਰ, ਭਗਤ ਸਿੰਘ ਪੰਜਾਬੀ ਰੂਹ ਨੂੰ ਹਲੂਣਾ ਦਿੰਦੇ ਰਹਿੰਦੇ ਹਨ।ਇਸ ਇਤਿਹਾਸਕ ਯਾਦ ਦਾ ਪ੍ਰਸਾਰ ਮੁਜਾਹਰਿਆਂ, ਭਾਸਣਾਂ, ਨਾਅਰਿਆਂ ਅਤੇ ਗੀਤਾਂ ਵਿਚ ਵੇਖਿਆ ਜਾ ਸਕਦਾ ਹੈ। ਦਿੱਲੀ ਫਤਹਿ ਕਰਨ ਵਾਲੇ ਸਿੱਖ ਜਰਨੈਲ ਬਘੇਲ ਸਿੰਘ ਦੇ ਕਾਰਨਾਮਿਆਂ ਦੇ ਗੀਤ, "ਬੋਲੇ ਸੋ ਨਿਹਾਲ" ਦੇ ਜੈਕਾਰਿਆਂ , "ਸਿੱਖ ਇਤਿਹਾਸ ਅਤੇ ਚਿਹਰਿਆਂ" ਨਾਲ ਜੁੜੇ ਭਾਸਣ, ਨਿਹੰਗ ਜਥੇ ਤੇ ਕੇਸਰੀ ਝੰਡੇ,




ਸਾਰੇ ਲਹਿਰ ਨੂੰ "ਚੜ੍ਹਦੀ ਕਲਾ" ਦੀ ਭਾਵਨਾ ਨੂੰ ਵੜ੍ਹਾਵਾ ਦਿੰਦੇ ਹਨ।ਲੰਗਰਾਂ ਦੇ ਰੂਪ ਵਿਚ ਲਹਿਰ ਲਈ ਮਹੱਤਵਪੂਰਨ ਰਸਦ-ਪੂਰਤੀ ਸਹਾਇਤਾ ਅਤੇ ਦਵਾਈਆਂ, ਗਰਮ ਕੱਪੜੇ, ਗੁਰਦੁਆਰਿਆਂ ਅਤੇ 'ਖਾਲਸਾ ਏਡ' ਵਰਗੇ ਸਿੱਖ ਸੰਸਥਾਨ ਭੇਜ ਰਹੇ ਹਨ।

ਇਸ ਸਭਿਆਚਾਰ ਨੇ ਪੰਜਾਬ ਵਿਚ ਬਸਤੀਵਾਦੀ ਅਤੇ ਉੱਤਰ ਬਸਤੀਵਾਦੀ ਦੋਵੇਂ ਕਿਸਮ ਦੀਆਂ ਹਕੂਮਤਾਂ ਦੇ ਜੁਲਮ ਦੇ ਵਿਰੋਧ ਦੀ ਇਕ ਨਿਰੰਤਰ ਪਰੰਪਰਾ ਨੂੰ ਯਕੀਨੀ ਬਣਾਇਆ ਹੈ। ਪਗੜੀ ਸੰਭਾਲ ਜੱਟਾ, ਗਦਰ ਲਹਿਰ, ਰੌਲੈਟ ਸਤਿਆਗ੍ਰਹਿ, ਅਕਾਲੀ ਲਹਿਰ, ਮੁਜਾਹਰਾ ਲਹਿਰ, ਨਕਸਲਬਾੜੀ ਘੋਲ, ਧਰਮ ਯੁੱਧ ਮੋਰਚਾ, ਬੇਅਦਬੀ ਘੋਲ, ਚਿੱਟੀ ਮੱਖੀ ਅੰਦੋਲਨ ਤੇ 'ਆਪ' ਲਹਿਰ ਆਦਿ ਸਭ ਨੇ ਰਾਜ ਵਿਚ ਨਾਇਕਾਂ, ਨੇਤਾਵਾਂ, ਸਭਿਆਚਾਰ, ਸੰਗਠਨਾਂ ਅਤੇ ਕਾਰਕੁੰਨਾਂ ਦੀ ਵੱਡਮੁੱਲੀ ਫੌਜ ਪੈਦਾ ਕੀਤੀ ਹੈ ਜੋ ਰਿਲੇਅ ਦੌੜਾਕਾਂ ਵਾਂਗ ਸਹਿਜਤਾ ਨਾਲ ਭਵਿੱਖ ਦੇ ਅੰਦੋਲਨ ਦੀ ਸਰਗਰਮੀ ਨੂੰ ਅੱਗੇ ਤੋਰਦੇ ਹਨ।

ਸਾਲ 2014 ਤੋਂ ਮੋਦੀ ਹਕੂਮਤ ਦੇ ਤਾਨਾਸਾਹੀ, ਕੇਂਦਰੀਕਰਨ ਅਤੇ ਬਹੁਗਿਣਤੀ-ਵਾਦੀ ਰੁਝਾਨ ਨੇ ਸਿੱਖ ਬਹੁਗਿਣਤੀ ਵਾਲੇ ਪੰਜਾਬ ਵਿੱਚ ਗੰਭੀਰ ਚਿੰਤਾ ਅਤੇ ਵਿਰੋਧ ਪੈਦਾ ਕੀਤਾ ਹੈ। ਬੀਜੇਪੀ ਨੂੰ ਨਿਰੰਤਰ ਤੌਰ 'ਤੇ ਚੁਣਾਵੀ ਤੌਰ 'ਤੇ ਰੱਦ ਕੀਤਾ ਗਿਆ ਅਤੇ ਰਾਜ 'ਚ ਧਾਰਾ 370 ਅਤੇ ਸੀ ਏ ਏ ਦੇ ਖਿਲਾਫ ਜਨਤਕ ਅੰਦੋਲਨ ਵੀ ਹੋਏ ।

ਸਾਸਨ ਦਾ ਵਿਰੋਧ : "ਰਾਜਾਂ ਦੀ ਖੁਦਮੁਖਤਿਆਰੀ" ਦੀ ਮੁੜ ਪੁਕਾਰ ਵਜੋਂ ਉੱਭਰਿਆ। ਹੰਕਾਰ ਸਾਸਨ ਨੇ ਬਿਨਾਂ ਕਿਸੇ ਸਲਾਹ ਮਸਵਰੇ ਦੇ ਤਿੰਨ ਕਾਨੂੰਨਾਂ ਨੂੰ ਥੋਪੇ ਜਾਣ ਅਤੇ ਸੰਸਦ ਦੇ ਜਰੀਏ ਕੰਡਿਆਂ ਤੋਂ ਘੜੀਸਣ ਦੇ ਮਨਸੂਬੇ ਨੇ ਸੂਬੇ ਦੇ ਗੁੱਸੇ ਨੂੰ ਭੜਕਾਇਆ ਜਿਸ ਕਰ ਕੇ ਕਾਨੂੰਨਾਂ ਨੂੰ ਇਸਦੇ ਸੂਬਾਈ ਅਧਿਕਾਰਾਂ ਕੁਚਲਣ ਅਤੇ ਇਸਦੀ ਮਾਨਮੱਤੀ ਮੰਡੀਪ੍ਰਣਾਲੀ, ਐਮਐਸਪੀ ਦੀ ਢਾਲ ਖਤਮ ਕਰਨ ਦੀ ਕੋਝੀ ਚਾਲ ਵਜੋਂ ਵੇਖਿਆ ਗਿਆ।ਹੰਕਾਰੀ ਤੇ ਧ੍ਰੋਹੀ 'ਦਿੱਲੀਏ' ਅੰਦੋਲਨ ਦੌਰਾਨ ਆਏ ਲਗਭਗ ਹਰ ਗਾਣੇ ਦੀ ਧੁਨੀ ਹੈ।

ਨਾਬਰੀ ਦੀ ਇਹ ਪਰੰਪਰਾ ਪੰਜਾਬ ਦੇ ਪੇਂਡੂ ਜੱਟ ਸਿੱਖ ਕਿਸਾਨੀ ਖਾਸਕਰ ਮਾਲਵਾ ਅਤੇ ਮਾਝੇ ਵਿਚ ਬਹੁਤ ਹੈ ਜੋ ਇਹਨਾਂ ਵਿਚੋਂ ਬਹੁਤੇ ਅੰਦੋਲਨਾਂ ਦੇ ਮੁਹਰੀ ਹਨ। ਪੀਢੇ ਭਾਈਚਾਰਕ ਜੋੜ, ਸਵੈ-ਨਿਰਭਰਤਾ, ਧੜੇਬੰਦੀ, ਸਿਆਸੀ ਦਾਅਵੇਦਾਰੀ, ਸਭਿਆਚਾਰਕ ਇਕਸਾਰਤਾ ਪੇਂਡੂ ਜੱਟ ਸਿੱਖਾਂ ਦੀ ਖਾਸੀਅਤ ਹੈ।

70ਵਿਆਂ ਦੇ ਹਰੇ ਇਨਕਲਾਬ ਨੇ ਉਨ੍ਹਾਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਲਿਆਂਦਾ ਪਰ ਲਾਗਤ ਮੁੱਲ ਵਧਣ ਤੇ 90ਵਿਆਂ ਦੇ ਬਾਅਦ ਖੇਤੀ ਪੱਟੀ ਵਿਚ ਕਰਜਾ ਵਧਿਆ ਅਤੇ ਇਹ 'ਖੁਦਕੁਸੀਆਂ ਦੀ ਖੇਤੀ' ਬਣ ਗਈ ਹੈ। ਇਹ ਡਰ ਕਿ'ਪੰਜਾਬ ਦਾ ਮਾਣ' ਮੰਡੀਆਂ ਅਤੇ ਐਮਐਸਪੀ ਪ੍ਰਨਾਲੀ ਖਤਮ ਹੋ ਜਾਵੇਗੀ ਤੇ ਖੇਤੀਬਾੜੀ ਦੇ ਨਵੇਂ ਕਾਨੂੰਨਾਂ ਨਾਲ ਆਮਦਨੀ ਘਟੇਗੀ ਤੇ ਜਮੀਨਾਂ ਖੁੱਸ ਜਾਣਗੀਆਂ ਉਨ੍ਹਾਂ ਦੀਆਂ ਜੜ੍ਹਾਂ ਪੁੱਟਣ ਜਾਂ ਉਨ੍ਹਾਂ ਨੂੰ ਕਾਰਪੋਰੇਟਾਂ ਦੇ ਗੁਲਾਮ ਬਣਾਏ ਜਾਣ ਦੇ ਵਿਚਾਰ ਨੇ ਜੇਠ-ਹਾੜ੍ਹ ਦੀ ਗਰਮੀ 'ਚ ਕਿਸਾਨੀ ਦੇ ਗੁੱਸੇ ਦੇ ਭਾਂਬੜ ਨੂੰ ਚੰਗਿਆੜੀ ਲਾਉਣ ਦਾ ਕੰਮ ਕੀਤਾ। ਖੇਤ ਕਿਸਾਨ ਲਈ ਨਾ ਸਿਰਫ ਆਮਦਨੀ ਅਤੇ ਰੋਜੀ-ਰੋਟੀ ਦਾ ਸਾਧਨ ਹੈ, ਬਲਕਿ ਉਸ ਦੀ ਪਛਾਣ ਹੈ। ਖੇਤ ਉਸਨੂੰ ਆਪਣੀਆਂ ਜੜ੍ਹਾਂ, ਪਰੰਪਰਾਵਾਂ ਅਤੇ ਸੱਥਾਂ ਨਾਲ ਜੋੜਦੀ ਹੈ।ਇਹ ਉਸਨੂੰ ਜੀਵਨ ਦੀ ਕੁਦਰਤੀ ਸੁਰਤਾਲ ਦਾ ਹਿੱਸਾ ਬਣਾਉਂਦੀ ਹੈ। ਇਹ ਵਿਅਕਤੀ ਨੂੰ ਪਛਾਣ, ਵਿਸਵਾਸ, ਸੁਰੱਖਿਆ ਅਤੇ ਸੰਪਰਦਾਏ ਪ੍ਰਦਾਨ ਕਰਦਾ ਹੈ ਜੋ ਘਾਟੇ ਨਫੇ 'ਚ ਨਹੀਂ ਮਿਣਿਆ ਜਾ ਸਕਦੀ। ਕਿਸਾਨ ਮਰਦ ਤੇ ਔਰਤਾਂ ਨੇ ਆਪਣੇ ਇੰਟਰਵਿਊ ਵਿੱਚ "ਜਮੀਨ ਸਾਡੀ ਮਾਂ ਹੈ" ਕਿਹਾ। 'ਮਾਂ-ਹੀਣੇ' ਕੀਤੇ ਜਾਣਦੇ ਡਰ ਨੇ ਕਿਸਾਨਾਂ ਨੂੰ 'ਸਰਕਾਰ ਅਤੇ ਇਸਦੇ ਕਾਰਪੋਰੇਟੀ ਹਮਾਇਤੀਆਂ ਵੱਲੋਂ ਅਣਕਿਆਸੇ' ਗੁੱਸੇ ਤੇ ਰੋਹ ਨਾਲ ਲਾਲ ਪੀਲੇ ਕਰ ਦਿੱਤਾ।

ਗੈਰ-ਜਥੇਬੰਦ ਡਰ ਅਤੇ ਗੁੱਸਾ ਚਾਹ ਦੇ ਉਬਾਲੇ ਵਾਂਗ, ਥੋੜੇ ਚਿਰ ਬਾਅਦ ਮੱਠਾ ਪੈ ਜਾਂਦਾ ਹੈ। ਰਾਜ ਦਾ ਵਿਰੋਧ ਚੰਗੀ ਤਰ੍ਹਾਂ ਸਿਰਫ ਜਥੇਬੰਦ ਹੋ ਕੇ ਹੀ ਕੀਤਾ ਜਾ ਸਕਦਾ ਹੈ।ਸੁਭਾਗਵੱਸ ਪੰਜਾਬ ਵਿਚ ਬਹੁਤ ਸਾਰੀਆਂ ਖੇਤੀ ਯੂਨੀਅਨਾਂ ਵੱਡੇ ਪੱਧਰ 'ਤੇ ਮਾਝਾ ਮਾਲਵਾ ਖੇਤਰਾਂ ਵਿਚ 40 ਸਾਲਾਂ ਤੋਂ ਤਹਮਲ ਨਾਲ ਕੰਮ ਕਰ ਰਹੀਆਂ ਸਨ। ਬਹੁਤ ਜ਼ਿਆਦਾ ਧੜੇਬੰਦੀ ਦਾ ਸਿਕਾਰ, ਇਹਨਾਂ ਜ਼ਿਆਦਾਤਰ ਖੱਬੇਪੱਖੀ ਯੂਨੀਅਨਾਂ ਦੀ ਅਗਵਾਈ ਈਮਾਨਦਾਰ, ਸਮਰਪਿਤ ਨੇਤਾਵਾਂ ਕੋਲ ਹੈ ਅਤੇ ਸੂਬੇ ਦੇ ਵੱਡੇ ਹਿੱਸੇ ਵਿਚ ਅਨੁਸਾਸਿਤ ਕਾਡਰ ਇਨ੍ਹਾਂ ਦੇ ਨਾਲ ਹਨ। ਕੁਝ ਪ੍ਰਮੁੱਖ ਜੱਥੇਬੰਦੀਆਂ ਵਿੱਚ ਬੀ.ਕੇ.ਯੂ. (ਉਗਰਾਹਾਂ), ਬੀ.ਕੇ.ਯੂ. (ਰਾਜੇਵਾਲ), ਕਿਸਾਨ ਮਜਦੂਰ ਸੰਘਰਸ ਕਮੇਟੀ, ਕਿਰਤੀ ਕਿਸਾਨ ਯੂਨੀਅਨ, ਬੀ.ਕੇ.ਯੂ. (ਡਕੌਂਦਾ), ਬੀ.ਕੇ.ਯੂ (ਸਿੱਧੂਪੁਰ), ਬੀ.ਕੇ.ਯੂ. (ਕਾਦੀਆਂ) ਸ਼ਾਮਲ ਹਨ। ਇਹਨਾਂ ਯੂਨੀਅਨਾਂ ਨੇ ਬੁੱਧੀਜੀਵੀਆਂ ਦੀ ਸਹਾਇਤਾ ਨਾਲ ਕਿਸਾਨਾਂ ਨੂੰ ਜੂਨ ਤੋਂ ਹੀ ਜਾਗਰੂਕ ਅਤੇ ਲਾਮਬੰਦ ਕਰਨਾ ਸੁਰੂ ਕਰ ਦਿੱਤਾ ਸੀ । ਉਨ੍ਹਾਂ ਦੇ ਸਮਰਪਿਤ ਅਤੇ ਅਨੁਸਾਸਿਤ ਕਾਡਰ ਨੇ ਰੇਲਾਂ ਰੋਕੀਆਂ, ਮਾਲਾਂ ਅਤੇ ਭਾਜਪਾ ਨੇਤਾਵਾਂ ਦੇ ਘਿਰਾਓ ਕੀਤੇ ਤੇ ਟੋਲਪਲਾਜੇ ਖੋਲ੍ਹੇ ਅਤੇ ਦੁਸਹਿਰੇ ਮੌਕੇ ਮੋਦੀ ਅਤੇ ਕਾਰਪੋਰੇਟ ਦੇ ਪੁਤਲੇ ਸਾੜੇ। ਉਸੇ ਕੇਡਰ ਨੇ ਹੁਣ ਦਿੱਲੀ ਵਿਚ ਟਰਾਲੀ-ਕਿਲ੍ਹਾ ਸਥਾਪਿਤ ਕੀਤਾ ਹੈ ਅਤੇ ਦੂਜਿਆਂ ਨੇ ਆਪਣੇ ਇਲਾਕਿਆਂ ਵਿਚ ਧਰਨੇ ਅਤੇ ਜੀਓ ਅਤੇ ਰਿਲਾਇੰਸ ਦੇ ਬਾਈਕਾਟ ਦੀਆਂ ਕਾਲਾਂ ਨੂੰ ਲਾਗੂ ਕਰਨ ਵਿਚ ਰੁੱਝੇ ਹੋਏ ਹਨ।

ਜਿਸ ਤਰਾਂ ਉਹਨਾਂ ਨੇ ਸਿਆਸੀ ਲੀਡਰਸਪਿ ਅਤੇ ਭਾਈਵਾਲ ਪੂੰਜੀਵਾਦ ਨੂੰ ਨਿਸਾਨਾ ਬਣਾਉਂਦਿਆਂ ਇੱਕ ਸਪੱਸ਼ਟ, ਏਕਤਾ ਵਾਲਾ ਪ੍ਰੋਗਰਾਮ ਦਿੱਤਾ, ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਨੇੜਲੇ ਤਾਲਮੇਲ ਨਾਲ ਕੰਮ ਕੀਤਾ, ਵਧੇਰੇ ਜਮਹੂਰੀ ਅਤੇ ਲਚਕਦਾਰ ਪਹੁੰਚ ਅਪਣਾਈ, ਵਿਸਾਲ ਸਰੋਤ ਜੁਟਾਏ ਅਤੇ ਸਰਕਾਰ ਨਾਲ ਗੰਭੀਰ ਬਰਾਬਰੀ ਦਾ ਸੰਵਾਦ ਰਚਾਇਆ ਹੈ ,ਉਸ ਨਾਲ ਯੂਨੀਅਨ ਲੀਡਰਸ਼ਪਿ ਵਿੱਚ ਲੋਕਾਂ ਦਾ ਵਿਸ਼ਵਾਸ ਵਧਿਆ ਹੈ। ਅੰਦੋਲਨ ਦੀ ਗੈਰ-ਸਿਆਸੀ, ਕਿਸਾਨੀ ਮੁੱਦਿਆਂ 'ਤੇ ਕੇਂਦ੍ਰਿਤ, ਧਰਮ-ਨਿਰਪੱਖ ਅਤੇ ਏਕਤਾ ਵਾਲੀ ਪਹੁੰਚ ਨੇ ਇਸ ਦੇ ਦਾਇਰੇ ਨੂੰ ਹੋਰ ਵਧਾਇਆ ਹੈ।

ਬਲਬੀਰ ਸਿੰਘ ਰਾਜੇਵਾਲ, ਡਾ ਦਰਸਨਪਾਲ, ਜੋਗਿੰਦਰ ਸਿੰਘ ਉਗਰਾਹਾਂ, ਰੁਲਦੂ ਸਿੰਘ,ਜਗਜੀਤ ਸਿੰਘ ਡੱਲੇਵਾਲ, ਹਰਮੀਤ ਸਿੰਘ ਕਾਦੀਆਂ, ਰਾਜਿੰਦਰ ਸਿੰਘ ਆਦਿ ਕੁਝ ਯੂਨੀਅਨ ਆਗੂ ਹਨ ਜੋ ਇਸ ਅੰਦੋਲਨ ਦੌਰਾਨ ਉਭਰੇ ਹਨ। ਯੂਨੀਅਨਾਂ ਦੀ ਲੋਕਪ੍ਰਿਅਤਾ ਇਸ ਗੱਲ ਤੋਂ ਪ੍ਰਮਾਣਿਤ ਕੀਤੀ ਜਾ ਸਕਦੀ ਹੈ ਕਿ ਯੂਨੀਅਨ ਦੇ ਝੰਡੇ ਹਰੀਆਂ ਪੱਗਾਂ (ਕਿਸਾਨੀ ਪ੍ਰਤੀਕ) ਪੰਜਾਬ ਅਤੇ ਵਿਦੇਸਾਂ ਵਿਚ ਵਾਹਨਾਂ ਦੇ ਨਵੇਂ ਰੁਤਬੇ ਦਾ ਪ੍ਰਤੀਕ ਹਨ ਅਤੇ ਸਪਲਾਈ ਮੰਗ ਨਾਲੋਂ ਬਹੁਤ ਘੱਟ ਹੈ।

ਰਵਾਇਤੀ ਤੌਰ 'ਤੇ ਕਿਸਾਨ ਯੂਨੀਅਨਾਂ ਦੇ ਸਮਾਜਕ ਅਧਾਰ ਦਾ ਬਹੁਤ ਵੱਡਾ ਹਿੱਸਾ ਛੋਟੇ ਤੇ ਸੀਮਾਂਤ ਕਿਸਾਨੀ ਅਤੇ ਬਜੁਰਗ ਜਾਂ ਅੱਧਖੜ ਨੇਤਾ ਅਤੇ ਕਾਡਰ ਹਨ। ਯੂਥ ਅਤੇ ਔਰਤਾਂ ਯੂਨੀਅਨ ਦੀਆਂ ਗਤੀਵਿਧੀਆਂ ਵਿਚ ਭਾਗੀਦਾਰੀ ਸਪੱਸਟ ਤੌਰ ਤੇ ਘੱਟ ਹੈ ਤੇ ਵੱਡੇ ਜਮੀਂਦਾਰ, ਬੇਜਮੀਨੇ ਮਜਦੂਰ ਉਦਾਸੀਨ ਅਤੇ ਆੜ੍ਹਤੀਏ ਵਿਰੋਧੀ ਹੀ ਹੁੰਦੇ ਹਨ। ਜਦ ਕਿ ਇਸ ਵਾਰ ਸਥਿਤੀ ਵੱਖਰੀ ਹੈ, "ਮੋਦੀ ਸਰਕਾਰ" ਦੀ ਅਰੰਭਕ ਬਿਆਨਬਾਜੀ ਨੇ ਆੜ੍ਹਤੀਆਂ ਨੂੰ 'ਵਿਚੋਲੀਏ' ਕਰਾਰ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਨੂੰ ਖਤਮ ਕਰਨਾ ਹੈ। ਪੰਜਾਬ ਵਿਚ

ਇਹ ਜਿਆਦਾਤਰ ਹਿੰਦੂ ਹਨ ਅਤੇ ਛੋਟੇ ਮੰਡੀ-ਸਹਿਰਾਂ 'ਤੇ ਇਨ੍ਹਾਂ ਦਾ ਦਬਦਬਾ ਹੈ। ਅਜਿਹੇ ਰਾਜ ਵਿਚ, ਜਿਥੇ ਹਿੰਦੂਆਂ ਉੱਤੇ ਅਕਸਰ ਖਿੱਤੇ ਦੇ ਹਿੱਤਾਂ ਦੇ ਵਿਰੁੱਧ ਕੇਂਦਰ ਦਾ ਪੱਖ ਲੈਣ ਦਾ ਦੋਸ ਲਗਾਇਆ ਜਾਂਦਾ ਹੈ, ਆੜ੍ਹਤੀਆਂ ਦਾ ਸਮਰਥਨ ਅੰਦੋਲਨ ਨੂੰ ਵਿਆਪਕ ਬਣਾਉਣ ਵਿਚ ਅਹਿਮ ਬਣ ਗਿਆ। ਐਮਐਸਪੀ ਖਤਮ ਹੋਣ ਨਾਲ ਕਿਰਾਏ-ਵਾਲੀ-ਆਮਦਨੀ ਖੁੱਸਣ ਦੇ ਡਰੋਂ ਵੱਡੇ ਜ਼ਿਮੀਂਦਾਰ, ਠੇਕੇ ਤੇ ਜਮੀਨ ਦੇਣ ਵਾਲੇ ਨੌਕਰੀ ਪੇਸਾ ਤੇ ਆਮ ਲੋਕ ਵੀ ਸੁਰੂ ਤੋਂ ਹੀ ਅੰਦੋਲਨ ਵਿੱਚ ਸਾਮਲ ਹੋ ਗਏ।ਇਸ ਵਾਰ ਦੁਆਬੇ ਖੇਤਰ ਤੋਂ ਵੀ ਵੱਡੇ ਪੱਧਰ ਤੇ ਨੌਜਵਾਨ ਕਿਸਾਨੀ ਇਸ ਘੋਲ ਵਿੱਚ ਸਾਮਿਲ ਹੋਈ ।

ਯੂਨੀਅਨਾਂ ਦੇ ਜੂਨ ਤੋਂ ਸਤੰਬਰ ਦੇ ਬਾਅਦ ਦੇ ਪ੍ਰੋਗਰਾਮ ਵਿਚ ਕਾਰਪੋਰੇਟ ਮਾਲਾਂ ਅਤੇ ਟੋਲ ਪਲਾਜਿਆਂ ਦਾ ਬਾਈਕਾਟ ਕਰਨ ਨਾਲ ਸਹਿਰੀ ਅਤੇ ਮੱਧ ਵਰਗ ਵੀ ਅੰਦੋਲਨ ਦੀ ਮਦਤ ਵਿਚ ਆਣ ਖੜਿਆ ਹੋਇਆ ਹੈ। ਹਿੰਦੂ ਛੋਟੇ ਦੁਕਾਨਦਾਰ ਅਤੇ ਵਪਾਰੀ ਖਾਸਕਰ ਵੱਡੀਆਂ ਪ੍ਰਚੂਨ ਚੇਨਾਂ, ਜੀਐਸਟੀ ਅਤੇ ਨੋਟਬੰਦੀ ਨਾਲ ਪਹਿਲਾਂ ਹੀ ਰਗੜੇ 'ਚ ਆਏ ਹੋਏ ਸਨ ਅਤੇ ਇਸ ਨਾਲ ਖਾਦਾਂ, ਬੀਜਾਂ, ਸਰੀਆ, ਸੀਮੇਂਟ ਅਤੇ ਖਪਤਕਾਰ ਵਸਤਾਂ ਦੇ ਵਿਕ੍ਰੇਤਾ ਜੋ ਖੇਤੀਬਾੜੀ ਦੇ ਧੰਦੇ ਨਾਲ ਨਹੁੰ ਮਾਸ ਦਾ ਰਿਸਤਾ ਰੱਖਦੇ ਹਨ, ਉਹ ਆਸਾਨੀ ਨਾਲ ਸਮਝ ਸਕਦੇ ਸਨ ਕਿ ਖੇਤੀ ਖੇਤਰ ਨੂੰ ਹੋਇਆ ਕੋਈ ਵੀ ਨੁਕਸਾਨ ਅਸਿੱਧੇ ਤੌਰ ਤੇ ਉਨ੍ਹਾਂ ਦਾ ਹੀ ਨੁਕਸਾਨ ਹੋਵੇਗਾ। ਬੇਜਮੀਨੇ ਮਜਦੂਰ ਵੀ ਪੁਸਤੈਨੀ ਰਿਸਤਿਆਂ ਕਾਰਨ ਜਾਂ ਕਿਸਾਨਾਂ ਨਾਲ ਨੇੜਿਓਂ ਜੁੜੇ ਹੋਣ ਕਰਕੇ ਵੱਡੇ ਪੱਧਰ 'ਤੇ ਕਿਸਾਨ ਅੰਦੋਲਨ ਦਾ ਸਮਰਥਨ ਕਰ ਰਹੇ ਹਨ। ਜਮੀਨ ਪ੍ਰਾਪਤੀ ਸੰਘਰਸ ਕਮੇਟੀ, ਪੇਂਡੂ ਮਜਦੂਰ ਯੂਨੀਅਨ ਆਦਿ ਬਹੁਤ ਸਾਰੀਆਂ ਖੇਤ ਮਜਦੂਰ ਯੂਨੀਅਨਾਂ ਅੰਦੋਲਨ ਦੀ ਹਮਾਇਤ ਕਰ ਰਹੀਆਂ ਹਨ।

ਅੰਦੋਲਨ ਦੀ ਇਕ ਸਾਨਦਾਰ ਵਿਸੇਸਤਾ ਇਨ੍ਹਾਂ ਅੰਦੋਲਨਾਂ ਵਿਚ ਔਰਤਾਂ ਦਾ ਵੱਡੇ ਪੱਧਰ 'ਤੇ ਸਮਰਥਨ ਹੈ। ਉਹ ਅੰਦੋਲਨ ਦੌਰਾਨ ਸਾਰੀਆਂ ਰੈਲੀਆਂ, ਧਰਨੇ ਅਤੇ ਮਾਰਚਾਂ ਵਿਚ ਸਭ ਤੋਂ ਅੱਗੇ ਰਹੀਆਂ ਹਨ ਅਤੇ ਹੁਣ ਵੀ ਸਿੰਘੂ ਅਤੇ ਟਿੱਕਰੀ ਬਾ'ਡਰਾਂ ਤੇ ਸਿਆਲ ਦੀ ਠੰਡ ਚ ਡਟੀਆਂ ਹੋਈਆਂ ਹਨ। ਇਹਨਾਂ ਦੀ ਹਾਜਰੀ ਅੰਦੋਲਨ ਦਾ "ਨੈਤਿਕ ਕੇਂਦਰ " ਹੈ। ਬੀ.ਕੇ.ਯੂ. (ਉਗਰਾਹਾਂ) ਨੇ ਦਿਹਾਤੀ ਔਰਤਾਂ ਨੂੰ ਅੰਦੋਲਨ ਵਿਚ ਸਾਮਲ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੰਜਾਬੀ ਗਾਇਕਾਂ ਅਤੇ ਕਲਾਕਾਰਾਂ ਦੇ ਸਮਰਥਨ ਨੇ ਇਸ ਅੰਦੋਲਨ ਨੇ ਖਾਸ ਪ੍ਰੇਰਣਾ ਦਿੱਤੀ ਹੈ।ਕੰਵਰ ਗਰੇਵਾਲ, ਰਣਜੀਤ ਬਾਵਾ, ਜੱਸ ਬਾਜਵਾ, ਬੀਰ ਸਿੰਘ ਵਰਗੇ ਗਾਇਕਾਂ ਨੇ ਸੁਰੂ ਤੋਂ ਹੀ ਅੰਦੋਲਨ ਲਈ ਗਾਣੇ ਤਿਆਰ ਕੀਤੇ ਹਨ ਅਤੇ ਧਰਨਿਆਂ ਅਤੇ ਸਟੇਜਾਂ ਤੋਂ ਨੌਜਵਾਨਾਂ ਨੂੰ ਜੋੜਿਆ ਹੈ। ਪੇਂਡੂ ਅਤੇ ਖੇਤੀਬਾੜੀ ਦੇ ਪਿਛੋਕੜ ਤੋਂ ਹੋਣ ਵਾਲੇ, ਇਤਿਹਾਸ ਦੁਆਰਾ ਖਿੱਚੇ ਅਤੇ ਫੈਨ ਕਲੱਬਾਂ ਦੁਆਰਾ ਧੱਕੇ ਇਨ੍ਹਾਂ ਗਾਇਕਾਂ ਨੇ ਅੰਦੋਲਨ ਲਈ ਵਿਸਾਲ ਲਾਮਬੰਦੀ ਨੂੰ ਯਕੀਨੀ ਬਣਾਇਆ ਹੈ। ਕੰਵਰ ਗਰੇਵਾਲ ਵਰਗੇ "ਐਲਾਨ", "ਪੇਚਾ" ਅਤੇ "ਇਤਿਹਾਸ" ਲਗਭਗ ਅੰਦੋਲਨ ਦੇ ਮਾਨਕ-ਪ੍ਰਗੀਤ ਬਣ ਗਏ ਹਨ। ਅਸਲ ਵਿੱਚ ਬੱਬੂ ਮਾਨ ਤੋਂ ਦਿਲਜੀਤ ਦੋਸਾਂਝ ਤੱਕ ਅਤੇ ਸਿੱਧੂ ਮੂਸੇਵਾਲਾ ਤੋਂ ਲੈ ਕੇ ਅਮਰਿੰਦਰ ਗਿੱਲ ਤੱਕ ਦੇ ਪੰਜਾਬੀ ਇੰਡਸਟਰੀ ਦੇ ਨਾਮੀ ਕਲਾਕਾਰ ਕਿਸਾਨੀ ਨਾਲ ਖੜ੍ਹੇ ਹਨ।ਲੱਖਾ ਸਿਧਾਣਾ ਅਤੇ ਦੀਪ ਸਿੱਧੂ ਵਰਗੇ ਸੋਸਲ ਮੀਡੀਆ




ਪ੍ਰਭਾਵਵਾਨਾਂ ਨੇ ਵੀ ਅੰਦੋਲਨ ਲਈ ਨੌਜਵਾਨਾਂ ਦੀ ਹਮਾਇਤ ਜੋੜਨ ਵਿਚ ਹਿੱਸਾ ਪਾਇਆ ਹੈ।

ਨੌਜਵਾਨਾਂ ਦੀ ਵੱਡੀ ਪੱਧਰ 'ਤੇ ਸਮੂਲੀਅਤ ਇਸ ਅੰਦੋਲਨ ਦੀ ਸਭ ਤੋਂ ਪ੍ਰਮੁੱਖ ਵਿਸੇਸਤਾ ਰਹੀ ਹੈ।ਲੰਬੇ ਸਮੇਂ ਤੋਂ ਆਮ ਧਾਰਨਾ ਵਿੱਚ "ਫੁਕਰਾਪੰਥੀ" , "ਵਿਹਲਪੁਣਾ" ਅਤੇ "ਨਸ਼ਿਆਂ" ਦੇ ਆਦੀ ਬਣੀ ਹੋਏ, ਇਹ ਉਹੀ ਨੌਜਵਾਨ ਸੀ ਜੋ ਅੰਦੋਲਨ ਦੀ ਫੈਸਲਾਕੁਨ ਧਾਰ ਬਣੀ ਅਤੇ ਜਿਸ ਨੇ ਅੰਦੋਲਨ ਨੂੰ ਬੁਲੰਦੀਆਂ ਤੇ ਪਹੁੰਚਾਇਆ ।

ਨੌਜਵਾਨ ਉਰਜਾ ਅਤੇ ਪਹਿਲ ਕਦਮੀ ਨਾਲ ਭਰਪੂਰ ਅਤੇ ਪੁਰਾਣੀ ਪੀੜ੍ਹੀ ਦੇ ਮੁਕਾਬਲੇ ਬਹੁਤ ਜਿਆਦਾ ਹੁਨਰਮੰਦ ਹਨ। ਖੇਤੀ ਬਾੜੀ ਦੇ ਕੰਮ ਅਤੇ ਪੇਂਡੂ ਪਿਛੋਕੜ ਇਸ 'ਮੁਹਾਰਤ ਦੇ ਯੁੱਗ' ਵਿਚ ਬਹੁ-ਹੁਨਰੀ ਕੰਮਾਂ ਦਾ ਆਖਰੀ ਧੁਰਾ ਹਨ। ਇਹ ਨੌਜਵਾਨ ਭਾਰੀ ਬੋਝ ਚੁੱਕ ਸਕਦੇ ਹਨ, ਫਾਰਮੂਲਾ-1 ਡਰਾਈਵਰਾਂ ਜਾਂ ਸਟੰਟਬਾਜਾਂ ਵਾਂਗ ਟਰੈਕਟਰ ਚਲਾ ਸਕਦੇ ਹਨ। ਜਿਆਦਾਤਰ ਵਾਹਨਾਂ ਅਤੇ ਯੰਤਰ ਰਿਪੇਅਰ ਕਰ ਸਕਦੇ ਹਨ, ਸਮਾਰਟਫੋਨ ਦੀ ਵਰਤੋਂ ਵਿੱਚ ਮੁਹਾਰਤ ਰਖਦੇ ਹਨ, ਲੰਗਰਾਂ ਅਤੇ ਕਾਫਲਿਆਂ ਦਾ ਪ੍ਰਬੰਧ ਕਰਦੇ ਹਨ, ਟੀਮਾਂ ਵਿਚ ਕੰਮ ਕਰਦੇ ਹਨ, ਕੰਮ ਨਾਲ ਸਿਖਾਂਦਰੂ ਵੀ ਬਣ ਜਾਂਦੇ ਹਨ, ਇਕ-ਦੂਜੇ ਨਾਲ ਤਾਲਮੇਲ ਕਰਦੇ ਹਨ ਅਤੇ ਤਤਕਾਲ ਭਾਸਣ ਅਤੇ ਇੰਟਰਵਿਊ ਵੀ ਦੇ ਦਿੰਦੇ ਹਨ। ਵਧੇਰੇ ਸਾਵਧਾਨ ਲੀਡਰਸਿਪ ਦੇ ਉਲਟ, ਇਹ ਇਕ ਮੁਢਲੀ ਯੁਵਾ ਸਕਤੀ ਹੀ ਸੀ, ਜਿਸ ਨੇ 26 ਨਵੰਬਰ ਨੂੰ ਹਰਿਆਣਾ ਵਿਚ ਦਾਖਲ ਹੋਣ ਲਈ ਕਈਂ ਥਾਵਾਂ 'ਤੇ ਟਰੈਕਟਰਾਂ ਨਾਲ ਬੈਰੀਕੇਡ ਤੋੜ ਕੇ ਦੋ ਅਹਿਮ ਬਿੰਦੂਆਂ ਤੇ ਅੰਦੋਲਨ ਦੀ ਵਹੀਰ ਨੂੰ ਅੱਗੇ ਤੋਰ ਲਿਆ ਤੇ ਜਿਸ ਨੇ ਯੂਨੀਅਨ ਦੇ ਬੁਰਾੜੀ ਮੈਦਾਨ ਵਿੱਚ ਬੈਠਣ ਦੇ ਫੈਸਲੇ ਤੋਂ ਇਨਕਾਰ ਕਰ ਕੇ ਦਿੱਲੀ ਘੇਰਨ ਦਾ ਰਾਹ ਸੌਖਾ ਕਰ ਦਿੱਤਾ ਜੋ ਪਿਛਲ-ਦ੍ਰਿਸਟੀ ਵਜੋਂ ਪ੍ਰਤੱਖ ਤੌਰ 'ਤੇ ਠੀਕ ਸਾਬਤ ਹੋਇਆ ਹੈ।ਇਹੀ ਨੌਜਵਾਨ ਹੁਣ ਅੰਦੋਲਨ ਨੂੰ ਦ੍ਰਿੜ ਕਰਨ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹਨ। ਹੁਣ ਜਵਾਨ ਤੇ ਵਿਦਿਆਰਥੀ ਲੰਗਰ ਚਲਾਉਣ, ਰੋਜਾਨਾ ਜਰੂਰਤਾਂ ਦੀ ਪੂਰਤੀ ਕਰਨ, ਟਵਿੱਟਰ-ਪ੍ਰਚਾਰ ਦਾ ਟਾਕਰਾ ਕਰਨ ਅਤੇ ਟਰਾਲੀ ਟਾਈਮਜ ਵਰਗੇ ਅਖਬਾਰਾਂ, ਕਲਾ ਅਤੇ ਦਸਤਾਵੇਜੀ ਫਿਲਮਾਂ ਰਾਹੀਂ ਅੰਦੋਲਨ ਦੇ ਸੰਦੇਸ ਦਾ ਪ੍ਰਚਾਰ ਕਰਨ ਵਿੱਚ ਸਹਾਇਤਾ ਕਰ ਰਹੇ ਹਨ। ਉਹ ਸਿੰਘੂ ਅਤੇ ਟਿਕਰੀ ਵਿਖੇ ਬੁੱਕ ਕਲੱਬ, ਜਿੰਮ ਅਤੇ ਸੈਲੂਨ ਵੀ ਚਲਾਉਂਦੇ ਹਨ। ਸਤੰਬਰ ਦੇ ਅੱਧ ਵਿਚ ਅੰਦੋਲਨ ਦੇ ਸਮਰਥਨ ਦਾ ਅਧਾਰ ਬਣਨ ਤੋਂ ਬਾਅਦ, ਰਾਜ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਅੰਦੋਲਨ ਦੇ ਪਿੱਛੇ ਖੜਨੀਆਂ ਸੁਰੂ ਹੋ ਗਈਆਂ। ਅਕਾਲੀ ਦਲ ਨੇ ਭਾਜਪਾ ਨਾਲ ਆਪਣਾ ਗੱਠਜੋੜ ਤੋੜ ਦਿੱਤਾ ਅਤੇ ਆਪਣੀ ਕੈਬਨਿਟ ਪਦਵੀ ਤਿਆਗ ਦਿੱਤੀ, ਪੰਜਾਬ ਅਤੇ ਦਿੱਲੀ ਵਿਚ ਆਮ ਆਦਮੀ ਪਾਰਟੀ ਵੀ ਕਿਸਾਨ ਹਿਤੈਸੀ ਹੋ ਤੁਰੀ ਅਤੇ ਪੰਜਾਬ ਦੀ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਨੇ ਰਾਜ ਵਿਧਾਨ ਸਭਾ ਵਿਚ ਵਿਵਾਦ ਹੇਠਲੇ ਕਾਨੂੰਨਾਂ ਦੀ ਸੋਧ ਕੀਤੀ।ਸੁਰਜੀਤ ਕੁਮਾਰ ਜਿਆਣੀ, ਲਕਸਮੀ ਕਾਂਤਾ ਚਾਵਲਾ ਵਰਗੇ ਕਈ ਸਥਾਨਕ ਭਾਜਪਾ ਨੇਤਾ ਵੀ ਕਿਸਾਨਾਂ ਦੇ ਹੱਕ ਵਿੱਚ ਆਣ ਖੜੇ। "ਸੰਭੂ ਮੋਰਚੇ" ਰਾਹੀਂ ਪੰਥਕ ਧਿਰਾਂ ਨੇ ਪੰਜਾਬ ਦੀ 'ਹੋਂਦ' ਲਈ ਲੜਾਈ ਵਜੋਂ ਇਸ ਅੰਦੋਲਨ ਦੀ ਹਮਾਇਤ ਕੀਤੀ।

ਜਦੋਂ ਕਿਸਾਨ 26 ਨਵੰਬਰ ਨੂੰ ਦਿੱਲੀ ਵੱਲ ਵਧ ਰਹੇ ਸਨ ਤਾਂ ਰਾਜ ਸਰਕਾਰ ਨੇ ਉਨ੍ਹਾਂ ਲਈ ਸਾਰੇ ਰਾਜਮਾਰਗਾਂ ਨੂੰ ਖਾਲੀ ਕਰਵਾ ਦਿੱਤਾ।ਇਸ ਤਰ੍ਹਾਂ ਜਾਪਦਾ ਸੀ ਕਿ ਉਨ੍ਹਾਂ ਲਈ ਦਿੱਲੀ ਵੱਲ ਵਧਣ ਲਈ 'ਜੀ ਆਇਆਂ' ਲਿਖਿਆ ਹੋਇਆ ਹੈ।ਜਿਉਂ ਜਿਉਂ ਅੰਦੋਲਨ ਅੱਗੇ ਵਧ ਰਿਹਾ ਹੈ, ਪੰਜਾਬ ਦੀਆਂ ਰਵਾਇਤੀ ਰਾਜਨਿਤਕ ਪਾਰਟੀਆਂ ਹਾਸੀਏ ਤੇ ਧੱਕੀਆਂ ਜਾ ਰਹੀਆਂ ਪ੍ਰਤੀਤ ਹੋ ਰਹੀਆਂ ਹਨ । ਇੱਕ ਹੋਰ ਕਾਰਨ ਜਿਸ ਨੇ ਕਿਸਾਨੀ ਅੰਦੋਲਨ ਦੇ ਬਿਰਤਾਂਤ ਨੂੰ ਸਿਰਜਣ ਅਤੇ ਪ੍ਰਸਾਰਿਤ ਕਰਨ ਵਿੱਚ ਸਹਾਇਤਾ ਕੀਤੀ ਉਹ ਹੈ ਬਹੁਤ ਸਾਰੇ ਸਥਾਨਕ ਅਤੇ ਐਨਆਰਆਈ ਡਿਜੀਟਲ ਚੈਨਲ ਜੋ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਅਤੇ ਡਾਇਸਪੋਰਾ ਵਿੱਚ ਸਾਹਮਣੇ ਆਏ ਹਨ ।ਪ੍ਰਾਈਮ ਏਸੀਆ, ਪ੍ਰੋ ਪੰਜਾਬ ਆਦਿ ਇਸ ਦੀਆਂ ਕੁਝ ਮਹੱਤਵਪੂਰਣ ਉਦਾਹਰਣਾਂ ਹਨ। ਇਨ੍ਹਾਂ ਨੇ ਘੋਲ ਤੇ ਰਿਪੋਰਟਾਂ, ਕਲਿੱਪਾਂ ਅਤੇ ਇੰਟਰਵਿਊ ਸਾਂਝੇ ਕੀਤੇ।, ਦੁਨੀਆ ਭਰ ਦੇ ਪੰਜਾਬੀਆਂ ਦੁਆਰਾ ਸੋਸਲ ਮੀਡੀਆ 'ਤੇ ਟਿੱਪਣੀਆਂ ਕੀਤੀਆਂ ਗਈਆਂ ਅਤੇ ਭਰਵੀਂ ਬਹਿਸ ਹੋਈ।ਬੇਬੁਨਿਆਦ ਨੁਕਤਾਚੀਨੀ ਤੋਂ ਇਲਾਵਾ ਬਹੁਤ ਸਾਰੀਆਂ ਸਾਰਥਕ ਰਾਵਾਂ ਵੀ ਲੀਡਰਾਂ ਤਕ ਪਹੁੰਚੀਆਂ। ਯੂਨੀਅਨਾਂ ਦੇ ਫੇਸਬੁੱਕ ਪੇਜਾਂ ਨੇ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਅਪਡੇਟ ਵੀ ਦਿੱਤੇ।ਆਪਣੇ ਚੈਨਲ ਅਤੇ ਮੀਡੀਆ ਹੋਣ ਨਾਲ ਇਸ "ਬਿਰਤਾਂਤ ਯੁੱਧ" ਵਿੱਚ ਵਿਰੋਧੀਆਂ ਦੇ ਪ੍ਰਚਾਰ ਦਾ ਟਾਕਰਾ ਕਰਨ ਦੇ ਨਾਲ ਨਾਲ ਆਪਣਾ ਸੰਦੇਸ ਫੈਲਾਉਣ ਵਿੱਚ ਵੀ ਕਿਸਾਨਾਂ ਦੀ ਮਦਦ ਹੋਈ ਹੈ। ਇੱਕ ਜੀਵੰਤ,ਜੋਸੀਲਾਂ ਅਤੇ ਸੰਵਾਦ ਭਰਪੂਰ ਸੋਸਲ ਮੀਡੀਆ ਸਪੇਸ "ਟਰੈਕਟਰ ਤੋਂ ਟਵਿੱਟਰ" ਵਰਗੀਆਂ ਪਹਿਲਕਦਮੀਆਂ ਰਾਹੀਂ ਇੱਕ ਸਕਤੀਵਰਧਕ ਵਜੋਂ ਕੰਮ ਕੀਤਾ ਹੈ।

ਕਿਸਾਨੀ ਅੰਦੋਲਨ ਲਈ ਐਨ. ਆਰ.ਆਈ ਦਾ ਸਮਰਥਨ ਬਹੁਤ ਮਹੱਤਵਪੂਰਨ ਰਿਹਾ ਹੈ ਜਿਸ ਨੇ 26 ਨਵੰਬਰ ਤੋਂ ਬਾਅਦ ਤਾਂ ਸਿਰਾ ਹੀ ਕਰ ਦਿੱਤਾ। ਪੱਛਮੀ ਦੇਸਾਂ ਜਿਵੇਂ ਅਮਰੀਕਾ, ਯੂਕੇ, ਕਨੇਡਾ, ਆਸਟਰੇਲੀਆ ਆਦਿ ਵਿੱਚ ਵਸੇ ਬਹੁਤੇ ਪ੍ਰਵਾਸੀ ਭਾਰਤੀ ਖੇਤੀਬਾੜੀ ਮੂਲ ਦੇ ਪੇਂਡੂ ਸਿੱਖ ਹਨ। ਅਪਨਾਏ ਗਏ ਦੇਸਾਂ ਵਿਚ ਉਹਨਾਂ ਦੀ ਉੱਚ ਸੁਰੀ ਮੌਜੂਦਗੀ ਅਤੇ ਪੰਜਾਬ ਵਿੱਚ ਪੂਰੀ ਦਿਲਚਸਪੀ ਅਤੇ ਸੰਪਰਕ ਹੁੰਦੇ ਹਨ । ਐਨ.ਆਰ.ਆਈਜ ਨੇ ਮਾਇਕ ਸਹਾਇਤਾ, ਲਾਬੀ ਅਤੇ ਮੁਜਾਹਰਿਆਂ ਰਾਹੀਂ ਅੰਦੋਲਨ ਦੀ ਭਾਰੀ ਸਹਾਇਤਾ ਕੀਤੀ ਤਾਂ ਕਿ ਮੋਦੀ ਸਰਕਾਰ 'ਤੇ ਅੰਤਰਰਾਸਟਰੀ ਦਬਾਅ ਬਣਿਆ ਰਹੇ। ਅੰਤਰਰਾਸਟਰੀ ਮੀਡੀਆ ਅਤੇ ਸਮਰਥਨ ਦੁਆਰਾ ਵਿਆਪਕ ਕਵਰੇਜ, ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ, ਸੰਯੁਕਤ ਰਾਸਟਰ ਦੇ ਸੈਕਟਰੀ ਜਨਰਲ ਐਂਟੋਨੀਓ ਗੱਟਰੇਸ ਦੁਆਰਾ, ਅਮਰੀਕਾ ਦੀ ਹੋਣ ਵਾਲੀ ਉਪ ਰਾਸਟਰਪਤੀ ਕਮਲਾ ਹੈਰਿਸ ਵੱਲੋਂ ਅੰਦੋਲਨ ਦੀ ਹਮਾਇਤ ਵਿੱਚ ਬਿਆਨ ਉਨ੍ਹਾਂ ਦੀ ਪਹਿਲਕਦਮੀ ਕਾਰਨ ਹੋਏ ਹਨ, ਜਿਸ ਨਾਲ ਭਾਰਤ ਸਰਕਾਰ ਤੇ ਮੁੱਢ ਤੋਂ ਹੀ ਦਬਾਓ ਬਣਿਆ ਰਿਹਾ ਹੈ ।

ਜਦੋਂ ਸਿੰਘੂ ਅਤੇ ਟਿੱਕਰੀ ਵਿਖੇ ਦੋ ਟਰੈਕਟਰ ਸਹਿਰਾਂ ਦੀ ਸਥਾਪਨਾ ਕਰ ਲਈ ਗਈ ਤਾਂ ਆਖਰ ਕੁਲੀਨ ਪੰਜਾਬੀ ਵੀ ਕਿਸਾਨੀ ਅੰਦੋਲਨ ਵਿਚ ਸਾਮਲ ਹੋ ਗਿਆ। ਰਾਜਨੀਤੀਵਾਨ, ਵਕੀਲ, ਡਾਕਟਰ ਅਤੇ ਹੋਰ ਲੋਕ ਧਰਨੇ ਵਿੱਚ ਪਹੁੰਚ ਰਹੇ ਹਨ। ਫੈਮਿਲੀ ਕਾਰਾਂ ਅਤੇ ਫਾਰਚੂਨਰ ਤੇ ਇਨੋਵਾ ਵਾਲੇ"ਕਿਸਾਨ ਨਹੀਂ, ਤਾਂ ਭੋਜਨ ਨਹੀਂ" ਵਾਲੇ ਸਟਿੱਕਰ ਜਾਂ ਕਿਸਾਨ ਯੂਨੀਅਨ ਦੇ ਝੰਡੇ ਸਹਿਰਾਂ ਅਤੇ ਰਾਜਮਾਰਗਾਂ 'ਤੇ ਆਮ ਦਿਸਣ ਲੱਗੇ ਹਨ।

ਪੰਜਾਬੀ ਸਮਰਥਨ ਦਾ ਅੰਦਾਜਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਹਰਿਆਣਾ ਵਿਚ ਵੀ ਅੰਦੋਲਨ ਦਾ ਮੁਢਲਾ ਕੇਂਦਰ ਸਿਰਸਾ ਤੋਂ ਅੰਬਾਲਾ ਤਕ ਦਾ ਪੰਜਾਬੀ ਜੱਟ ਸਿੱਖ ਇਲਾਕਾ ਹੀ ਸੀ । 26 ਨਵੰਬਰ ਤੋਂ ਬਾਅਦ ਕਾਫਲਾ ਹਰਿਆਣਾ ਵਿਚ ਦਾਖਲ ਹੋਇਆ ਤਾਂ ਹਰਿਆਣੇ ਦਾ ਜਾਟ "ਬੜੇ ਬਾਈ " ਪੰਜਾਬ ਦਾ ਸਵਾਗਤ ਕਰਨ ਅਤੇ ਸਾਮਲ ਹੋਣ ਲਈ ਨਾਲ ਹੋ ਤੁਰਿਆ। ਪਲਵਲ ਅਤੇ ਗਾਜੀਪੁਰ ਵਾਲੀਆਂ ਦੋ ਹੋਰ ਸਰਹੱਦਾਂ ਜਿਥੇ ਕਾਫੀ ਕਿਸਾਨ ਮੌਜੂਦ ਹਨ, ਰਾਜਸਥਾਨ (ਹਨੂੰਮਾਨਗੜ੍ਹ ਅਤੇ ਗੰਗਾਨਗਰ) ਅਤੇ ਉੱਤਰ ਪ੍ਰਦੇਸ ਅਤੇ ਉੱਤਰਾਖੰਡ ਦੇ ਕਾਫੀ ਕਿਸਾਨ ਵੱਡੀ ਗਿਣਤੀ ਵਿਚ ਹਨ।

ਇੱਕ ਮਹੀਨੇ ਦੀ ਦਿੱਲੀ ਘੇਰਾਬੰਦੀ ਦੇ ਬਾਅਦ ਵੀ, ਸਰਦੀਆਂ ਦੀ ਠੰਢ ਵਿੱਚ ਵੀ ਅਤੇ ਇਸ ਤੇਜੀ ਨਾਲ ਫੈਲ ਰਹੀ ਅੰਦੋਲਨ ਪਿੱਛੇ ਚਾਲਕ ਸਕਤੀ ਪੰਜਾਬੀ ਭਾਵਨਾ ਵੱਡੇ ਪੱਧਰ ਤੇ ਮੌਜੂਦ ਹੈ ਅਤੇ ਹੁਣ ਪੂਰੇ ਦੇਸ ਤੇ ਛਾਅ ਜਾਣ ਵੱਲ ਵੱਧ ਰਹੀ ਹੈ।

(ਅਨੁਵਾਦ : ਪ੍ਰੋ. ਪ੍ਰੀਤਮ ਗਿੱਲ ਚੂਹੜਚੱਕ)

# ਸਮਾਜਿਕ ਵਰਤਾਰਾ ਬਨਾਮ ਕਿਰਸਾਨ ਮੋਰਚਾ

**...ਪੰਜਾਬ ਦੇ ਲਗਪਗ ਸਾਰੇ ਰਵਾਇਤੀ ਸਿਆਸੀ ਲੀਡਰ, ਸਮੇਤ ਸਿਆਸੀ ਘਰਾਣਿਆਂ ਦੇ, ਅਜਕਲ੍ਹ ਗੁਆਚੇ ਫਿਰਦੇ ਹਨ। ਸਟੇਜ ਦੀ ਥਾਂ ਸੰਗਤ ਵਿਚ ਬਹਿਣੋਂ ਉਹ ਸੰਗਦੇ ਹਨ ਤੇ ਸੱਥਾਂ ਤੇ ਇਕੱਠਾਂ ਵਿਚੋਂ ਉਹ ਨਦਾਰਦ ਹਨ। ਪੰਜਾਬ ਦੀ ਸਿਆਸੀ ਜਮਾਤ ਪਹਿਲੀ ਵਾਰ ਇੰਝ ਸਿਆਸੀ ਤੇ ਸਮਾਜਿਕ ਤੌਰ ਤੇ ਅਪ੍ਰਸੰਗਕ ਹੋਣ ਦੇ ਰਾਹ ਧੱਕੀ ਗਈ ਹੈ...**



**- ਸਿੱਧੂ ਦਮਦਮੀ,**
ਸੀਨੀਅਰ ਪਤਰਕਾਰ ਅਤੇ ਸੰਪਾਦਕ 'ਸੰਖ'

ਨਿਰਸੰਦੇਹ , ਦਿੱਲੀ ਸਰਕਾਰ ਵਿਰੁੱਧ ਚਲ ਰਹੇ ਕਿਰਤੀਆਂ-ਕਿਰਸਾਨਾਂ ਦੇ ਲਾਸਾਨੀ ਮੋਰਚੇ ਨੇ ਨਾ ਕੇਵਲ ਲੋਕ-ਯੁੱਧਾਂ ਦਾ ਨਵਾਂ ਇਤਿਹਾਸ ਸਿਰਜਿਆ ਹੈ ਸਗੋਂ ਇਸ ਨੇ ਦੁਨੀਆਂ ਭਰ ਦੇ ਸਮਾਜ ਸ਼ਾਸ਼ਤਰੀਆਂ ਸਾਹਵੇਂ ਸੋਸ਼ਲ ਇੰਜਨਿਅਰਿੰਗ ਦੇ ਕਈ ਨਵੇਂ ਚੈਪਟਰ ਵੀ ਖੋਲ੍ਹ ਦਿੱਤੇ ਹਨ। ਫਿਲਹਾਲ ਇਨ੍ਹਾਂ ਵਿਚੋਂ ਦੋ ਦਾ ਇਥੇ ਜ਼ਿਕਰ ਕੀਤਾ ਜਾ ਸਕਦਾ ਹੈ:

-ਮੋਰਚੇ ਦੀ ਸਟੇਜ ਨੂੰ ਰਵਾਇਤੀ ਸਿਆਸੀ ਲੀਡਰਸ਼ਿਪ ਤੋਂ ਪਾਕ-ਦਾਮਨ ਰੱਖ ਕੇ ਲੋਕਾਂ ਦੀ ਸ਼ਕਤੀ ਨੂੰ ਰਸੂਖਵਾਨਾ ਦੀ ਜੱਕੜ ਤੋਂ ਅਜ਼ਾਦ ਕਰਵਾਉਣਾ।

-ਮੋਰਚੇ ਨੂੰ ਸਿਰਜਨ ਤੇ ਚਲਾਉਣ ਵਿਚ ਜੈਕਾਰੇ ਅਤੇ ਨਾਰ੍ਹੇ ਦੀ ਮਿਲੀਜੁਲੀ ਸ਼ਕਤੀ ਨੂੰ ਵਰਤਣਾ।

ਭਾਵੇਂ ਮੋਰਚਾ ਚਲਾ ਰਹੀਆਂ ਕਿਰਸਾਨ ਯੂਨੀਅਨਾਂ ਸ਼ੁਰੂ ਤੋਂ ਹੀ ਸਿਆਸਤ-ਮੁਕਤ ਸਟੇਜ ਦੇ ਨਿਯਮ ਦੀ ਪਾਲਣਾ ਕਰਦੀਆਂ ਆਈਆਂ ਹਨ ਪਰ ਇਸ ਨਿਯਮ ਦਾ ਨਿਸ਼ਾਨਾ ਤੇ ਮੰਤਵ ਇਸ ਮੋਰਚੇ ਦੇ ਦੌਰਾਨ ਹੀ ਨਿਖਰੇ ਹਨ।ਇਸ ਨਿਯਮ ਅਨੁਸਾਰ ਯੂਨੀਅਨਾਂ ਦੇ ਇਕੱਠਾਂ ਵਿਚ ਰਵਾਇਤੀ ਸਿਆਸੀ ਲੀਡਰ ਸ਼ਾਮਲ ਤਾਂ ਹੋ ਸਕਦੇ ਹਨ ਪਰ ਨਾ ਸਟੇਜ ਤੋਂ ਬੋਲ ਸਕਦੇ ਹਨ ਨਾ ਇਸ 'ਤੇ ਬੈਠ ਸਕਦੇ ਹਨ। ਪਹਿਲੀ ਨਜ਼ਰੇ ਮਾਸੂਮ ਜਿਹਾ ਦਿਸਦਾ ਇਹ ਪ੍ਰਬੰਧਕੀ ਨੁਕਤਾ ਅਸਲ ਵਿਚ ਸੂਬੇ ਦੇ ਸਿਆਸੀ ਵਾਤਾਵਰਨ ਵਿਚ ਇੰਕਲਾਬੀ ਤਬਦੀਲੀ ਲਿਆਉਣ ਦਾ ਕਾਰਕ ਬਣਦਾ ਜਾ ਰਿਹਾ ਹੈ। ਜਨਤਕ ਤੇ ਸਮਾਜਿਕ ਇਕੱਠਾਂ ਵਿਚ ਸਥਾਪਤੀ ਦੇ ਨੁਮਾਇੰਦੇ ਵਜੋਂ ਬੋਲਣਾ ਤੇ ਹਾਜ਼ਰ ਰਹਿਣਾ ਕਿਸੇ ਵੀ ਸਿਆਸੀ ਬੰਦੇ ਲਈ ਆਕਸੀਜਨ ਦੀ ਨਿਆਈਂ ਹੁੰਦਾ ਹੈ। ਇਸੇ ਲਈ ਚਲ ਰਹੇ ਮੋਰਚੇ 'ਚ ਉਪ੍ਰੋਕਤ ਨਿਯਮ ਸਖ਼ਤੀ ਨਾਲ ਲਾਗੂ ਕਰਨ ਕਾਰਨ ਪੰਜਾਬ ਦੇ ਰਵਾਇਤੀ ਸਿਆਸੀ ਲੀਡਰਾਂ ਦੀ ਜੰਤਕ ਸਪੇਸ ਸੁੰਗੜ ਗਈ ਹੈ। ਕਿਉਂਕਿ ਪਿਛਲੇ ਇਕ ਮਹੀਨੇ ਤੋਂ ਸੂਬੇ ਦੀਆਂ ਲਗਪਗ ਸਮੁੱਚੀਆਂ ਸਿਆਸੀ ਗਤੀਵਿਧੀਆਂ ਮੋਰਚੇ ਦੇ ਦੁਆਲੇ ਕੇਂਦਰਿਤ ਹੋ ਗਈਆਂ ਹਨ ਇਸ ਲਈ ਚੈਅਰਮੈਨਾਂ ਤੇ ਪ੍ਰਧਾਨਾਂ ਤੋਂ ਲੈ ਕੇ ਪਾਰਲੀਮੈਂਟ ਮੈਂਬਰਾਂ ਤਕ ਦੀਆਂ ਸਾਰੀਆਂ ਸਿਆਸੀ ਹਸਤੀਆਂ ਦੀਆਂ ਤਕਰੀਰਾਂ 'ਤੇ ਅਣ-ਐਲਾਨੀ ਪਾਬੰਦੀ ਲਗੀ ਹੋਈ ਹੈ। ਰੌਚਕ ਗੱਲ ਇਹ ਕਿ ਮੋਰਚੇ ਦੀਆਂ ਸਟੇਜਾਂ ਰਾਹੀਂ ਉਨ੍ਹਾਂ ਦੀ ਥਾਂ ਇਕ ਗੈਰ ਸਿਆਸੀ ਲੀਡਰਸ਼ਿਪ ਸੂਬੇ ਭਰ ਵਿਚ ਉਭਰਦੀ ਆ ਰਹੀ ਹੈ ਜਿਸ ਵਿਚ ਸੂਬੇ ਭਰ ਵਿਚੋਂ ਕਲਾਕਾਰ, ਸਮਾਜ ਸੇਵਕ, ਚਿੰਤਕ, ਕਰਮਚਾਰੀ, ਬੁੱਧੀਜੀਵੀ, ਵਿਦਿਆਰਥੀ, ਅਧਿਆਪਕ, ਕਿਰਸਾਨ ਤੇ ਮਜ਼ਦੂਰ ਆਦਿ ਸ਼ਾਮਲ ਹੁੰਦੇ ਆ ਰਹੇ ਹਨ। ਭਾਵੇਂ ਯੂਨੀਅਨਾਂ ਦਾ ਉਪ੍ਰੋਕਿਤ ਨਿਯਮ ਪਿਛਲੇ ਕਈ ਸਾਲਾਂ ਤੋਂ ਲਾਗੂ ਹੈ ਸੀ ਪਰ ਤਦ ਕਿਸੇ ਨੇ ਇਸਦਾ ਬਹੁੱਤਾ ਨੋਟਿਸ ਨਹੀਂ ਸੀ ਲਿਆ । ਕਿਉਂਕਿ ਛੋਟੇ ਕਿਰਸਾਨਾਂ ਤੇ ਕਿਰਤੀਆਂ ਦੇ ਘੋਲ ਲੜਦੀਆਂ ਆ ਰਹੀਆਂ ਯੂਨੀਅਨਾਂ ਦੀਆਂ ਗਤੀਵਿਧੀਆਂ ਦਾ ਬਹੁੱਤਾ ਅਸਰ ਸੂਬੇ ਦੀ ਸਿਆਸਤ ਦੀ ਮੁੱਖਧਾਰਾ 'ਤੇ ਤਦ ਨਹੀਂ ਸੀ ਪੈਂਦਾ। ਪਰ ਮੋਰਚੇ ਨੇ ਇਸ ਨਿਯਮ ਨੂੰ ਇਕ ਤਰ੍ਹਾਂ ਨਾਲ ਕੇਂਦਰਿਤ ਕਰ ਦਿੱਤਾ ਹੈ। ਬਹੁੱਤ ਹੱਦ ਤਕ ਇਹ ਇਸੇ ਨਿਯਮ ਦਾ ਪ੍ਰਤੱਖ ਅਸਰ ਹੈ ਕਿ ਪੰਜਾਬ ਦੇ ਲਗਪਗ ਸਾਰੇ ਰਵਾਇਤੀ ਸਿਆਸੀ ਲੀਡਰ, ਸਮੇਤ ਸਿਆਸੀ ਘਰਾਣਿਆਂ ਦੇ, ਅਜਕਲ੍ਹ ਗੁਆਚੇ ਫਿਰਦੇ ਹਨ। ਸਟੇਜ ਦੀ ਥਾਂ ਸੰਗਤ ਵਿਚ ਬਹਿਣੋਂ ਉਹ ਸੰਗਦੇ ਹਨ ਤੇ ਸੱਥਾਂ ਤੇ ਇਕੱਠਾਂ ਵਿਚੋਂ ਉਹ ਨਦਾਰਦ ਹਨ। ਪੰਜਾਬ ਦੀ ਸਿਆਸੀ ਜਮਾਤ ਪਹਿਲੀ ਵਾਰ ਇੰਝ ਸਿਆਸੀ ਤੇ ਸਮਾਜਿਕ ਤੌਰ ਤੇ ਅਪ੍ਰਸੰਗਕ ਹੋਣ ਦੇ ਰਾਹ ਧੱਕੀ ਗਈ ਹੈ।

ਚਲ ਰਹੇ ਕਿਰਸਾਨੀ ਸੰਘਰਸ਼ ਦੌਰਾਨ ਨਾਹਰੇ ਤੇ ਜੈਕਾਰੇ ਦੀ ਇੰਨਰਜੀ ਦਾ ਕਿਵੇਂ ਸ਼ਕਤੀਸ਼ਾਲੀ ਪੁੰਜ ਬਣਦਾ ਆ ਰਿਹੈ, ਇਹ ਵੀ ਸਮਾਜ ਸਾਸ਼ਤਰੀਆਂ ਦੇ ਪੜਚੋਲਣ ਦਾ ਵਿਸ਼ਾ ਹੈ।

'ਇਨਕਲਾਬ ਜਿੰਦਾਬਾਦ' ਦੇ ਨਾਹਰੇ ਤੇ 'ਜੋ ਬੋਲੇ ਸੋ ਨਿਹਾਲ' ਦੇ ਜੈਕਾਰੇ ਗਦਰੀ ਬਾਬਿਆਂ ਦੇ ਵੇਲੇ ਤੋਂ ਚਲ ਰਹੇ ਦਿੱਲੀ ਮੋਰਚੇ ਤਕ ਇਕੱਠੇ ਲਗਦੇ ਆ ਰਹੇ ਹਨ।ਨਿਰਸੰਦੇਹ ਦੋਵਾਂ ਧਿਰਾਂ ਨੇ ਖਾੜਕੂਵਾਦ ਦੀ ਕੁੜੱਤਣ ਨਾਲ ਭਰਿਆ ਤੇ ਲਹੂ ਨਾਲ ਲਕੀਰਿਆ ਸਮਾਂ ਵੀ ਭੋਗਿਆ ਹੋਇਆ। ਜਿਸ ਦੌਰਾਨ ਸੱਜਿਆਂ ਤੇ ਖੱਬਿਆਂ ਦਰਮਿਆਨ ਲਕੀਰ ਖਿੱਚੀ ਰਹੀ ਹੈ। ਪਰ ਠੰਢ-ਠੰਡੌਰਾ ਵਾਪਰਨ 'ਤੇ ਤਫੱਰਕੇ ਕਾਫੀ ਹੱਦ ਤਕ ਮੱਧਮ ਪੈ ਗਏ। ਤੇ ਦਿੱਲੀ ਦੇ ਕਿਰਸਾਨ ਮੋਰਚੇ ਨੇ ਸਥਿਤੀ ਬਿਲਕੁੱਲ ਬਦਲ ਦਿੱਤੀ।ਨਿਰਸੰਦੇਹ ਕਿਸਾਨਾਂ ਨੂੰ ਮੋਰਚੇ ਲਈ ਤੋਰਨ ਲਈ ਕਿਸਾਨ ਯੂਨੀਅਨਾਂ ਨੇ ਮਹਾਂ ਯੋਗਦਾਨ ਪਾਇਆ ਪਰ ਖੇਤੀ ਕਾਨੂੰਨਾਂ ਦੇ ਕਿਰਸਾਨੀ ਲਈ ਮੂਲੋਂ ਘਾਤਕ ਹੋਣ ਵਾਲਾ ਹੋਣ ਕਾਰਨ ਸਿੱਖ ਕਿਰਸਾਨੀ ਬਿਨਾ ਕੋਈ ਬੁਲਾਵਾ ਉਡੀਕਿਆਂ ਸੰਘਰਸ਼ ਦੀ ਵਹੀਰ ਦਾ ਹਿੱਸਾ ਬਨਣ ਲਗੀ।

ਮੋਰਚੇ ਦੀ ਅਗਵਾਈ ਕਰ ਰਹੀਆਂ ਕਿਰਸਾਨ ਯੂਨੀਅਨਾਂ ਦੀ 'ਗੁੱਲਦਸਤਾ ਲੀਡਰਸ਼ਿਪ' ਇਸ ਤੱਥ ਤੋਂ ਭਲੀਭਾਂਤ ਸੁਚੇਤ ਸੀ ਕਿ ਮੋਰਚੇ ਵਿਚ ਜੁੱੜ ਰਹੇ ਕਿਰਸਾਨ ਕੇਵਲ ਉਨ੍ਹਾਂ ਦਾ ਹੀ ਕੇਡਰ ਨਹੀਂ। ਸਗੋਂ ਇਸ ਵਿਚ ਵੱਖੋ-ਵੱਖ ਆਸਥਾਵਾਂ ਤੇ ਵਿਚਾਰਧਾਰਾਵਾਂ ਤੋਂ ਆ ਰਹੇ ਅਨੇਕਾਂ ਹੋਰ ਕਿਰਸਾਨ ਵੀ ਸ਼ਾਮਲ ਹਨ।ਨਿਰਸੰਦੇਹ ਉਨ੍ਹਾਂ ਸਭ ਦਾ ਨਿਸ਼ਾਨਾ ਸਾਂਝਾ ਹੈ ( ਖੇਤੀ ਕਾਨੂੰਨ ਵਾਪਸ ਕਰਾਉਣੇ)।

ਹੰਢੇ-ਵਰਤੇ ਯੂਨੀਅਨ ਨੇਤਾਵਾਂ ਨੂੰ ਉੱਕਤ ਸਚਾਈ ਦਾ ਅਗੇਤ ਅਹਿਸਾਸ ਹੋਵੇਗਾ ਕਿ ਇਨ੍ਹਾਂ ਵੰਨ-ਸਵੰਨੇ ਅੰਦੋਲਨਕਾਰੀਆਂ ਨੂੰ ਸਾਂਝੇ ਨਿਸ਼ਾਨੇ 'ਤੇ ਕੇਂਦਰਤ ਰੱਖਣਾ ਤਾਰ ਤੇ ਤੁਰਨ ਵਰਗਾ ਮੁਸ਼ਕਲ ਕਾਰਜ਼ ਹੈ।ਪਰ ਉਹ ਇਸ ਲਈ ਦਿਮਾਗੀ ਤੌਰ ਤੇ ਤਿਆਰ ਹਨ। ਇਸ ਦਾ ਇਕ ਨਮੂਨਾ ਮਨੁੱਖੀ ਅਧਿਕਾਰ ਦਿਵਸ ਤੋਂ ਅਗਲੇ ਦਿਨ ਸਿੰਘੁ ਬਾਰਡਰ 'ਤੇ ਵੇਖਣ ਨੂੰ ਮਿਲਿਆ:

ਕਿਰਸਾਨ ਨੇਤਾ ਰਾਜੇਵਾਲ ਨੇ ਵਲੰਟੀਅਰਾਂ ਨੂੰ ਮੋਰਚੇ ਨੂੰ ਧਾਰਮਿਕ ਰੰਗਤ ਨਾ ਦੇਣ ਦੀ ਅਪੀਲ ਕੀਤੀ ਤਾਂ ਰੌਲਾ ਪੈ ਗਿਆ। ਉਸਦਾ ਕਹਿਣਾ ਸੀ ਕਿ ਮੋਰਚੇ ਵਿਚ ਖਾਲਸੇ ਦੀਆਂ ਨਿਸ਼ਾਨੀਆਂ ਦੀ ਉਪੱਸਥਿਤੀ ਮੋਰਚਾ ਵਿਰੋਧੀ ਸਰਕਾਰ ਤੇ ਮੀਡੀਆ ਵਲੋਂ ਅੰਦੋਲਨ ਨੂੰ 'ਖਾਲਸਿਤਾਨੀ' ਗਰਦਾਨਣ ਦਾ ਮੌਕਾ ਦਿੰਦੀ ਹੈ।ਰਾਜੇਵਾਲ ਵਲੋਂ ਇਹ ਗੱਲ ਕਹਿਣ ਦੀ ਦੇਰ ਸੀ ਕਿ ਸੰਗਤ ਚੋਂ ਉਸ ਦੇ ਵਿਰੋਧ 'ਚ ਆਵਾਜ਼ਾਂ ਉੱਠ ਪਈਆਂ ਕਿ ਉਹ ਸਿੱਖ ਦੋਖੀ ਹੈ। ਸੋਸ਼ਲ ਮੀਡੀਆ ਰਾਹੀਂ ਉਸਦਾ ਅਸਤੀਫਾ ਮੰਗਿਆ ਜਾਣ ਲਗਾ।ਇਕ ਵਾਰ ਤਾਂ ਨਿਸ਼ਾਨੇ ਦੀ ਸਾਂਝ ਝਰੀਟੀ ਗਈ ਲਗੀ।ਕਿਉਂਕਿ ਖਾਲਸਾਈ ਚਿੰਨ੍ਹ ਹੁਣ ਕਿਸੇ ਸਿਆਸੀ ਵਿਚਾਰਧਾਰਾ ਦੇ ਨਹੀ ਸਗੋਂ ਪੰਜਾਬ ਦੀ ਰਹਿਤਲ ਦੇ ਨਿਸ਼ਾਨ ਬਣ ਚੁੱਕੇ ਹਨੑ ਪੰਜਾਬੀ ਬੰਦੇ ਦੀ ਸਮੂਹਿਕ ਚੇਤਨਾ ਦਾ ਅਨਿਖੱੜ ਅੰਗ। ਪਰ ਯੂਨੀਅਨ ਦੇ ਸੀਨੀਅਰ ਲੀਡਰਾਂ ਨੇ ਸਥਿਤੀ ਨੂੰ ਕੰਟਰੋਲ ਕਰਨ ਲਈ ਆਪਣੇ 'ਸਿੱਖ ਕਾਰਡ' ਨੂੰ ਸੰਗਤ ਵਿਚ ਇਸ ਢੰਗ ਨਾਲ ਪੇਸ਼ ਕੀਤਾ ਕਿ ਸਥਿਤੀ ਆਸ ਤੋਂ ਕਿਤੇ ਜ਼ਿਆਦਾ ਜਲਦੀ ਨਾਰਮਲ ਹੋ ਗਈ। ਰਾਜੇਵਾਲ ਦਾ ਕਹਿਣਾ ਸੀ ਉਹ ਅਮ੍ਰਿਤਧਾਰੀ ਸਿੱਖ ਹੈ-ਪੰਜਾਂ ਬਾਣੀਆਂ ਦਾ ਨਿਤਨੇਮੀ।ਸਿੱਖੀ ਦੇ ਉਲਟ ਉਹ ਕਿਵੇਂ ਬੋਲ ਸਕਦਾ ਹੈ।ਉਸਨੇ ਜੋ ਕਿਹਾ ਓਹ ਮੋਰਚੇ ਦੀ ਰਣਨੀਤੀ ਵਜੋਂ ਸੀ।

ਸਟੇਜ ਸੰਭਾਲਦਿਆਂ ਹੀ ਯੂਨੀਅਨ ਦੇ ਸੀਨੀਅਰ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਅਤਿ ਹਲੀਮੀ ਨਾਲ ਕਿਹਾ ਕਿ ਉਹ ਕੇਵਲ ਨਿੱਤਨੇਮੀਂ ਹੀ ਨਹੀਂ ਸਗੋਂ ਅਖੰਡਪਾਠੀ ਵੀ ਹੈ।ਉਪਰੰਤ ਉਸਨੇ ਰਾਜੇਵਾਲ ਵਲੋਂ ਕੀਤੀ ਗਈ ਅਪੀਲ ਬਾਰੇ ਸਫਾਈ ਦਿੱਤੀ। ਜਿਸ ਦੇ ਹੁੰਗਾਰੇ ਵਜੋਂ 'ਜੋ ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਚੁਫੇਰਾ ਗੂੰਜ ਪਿਆ ਤੇ ਉਸ ਪਿਛੋਂ 'ਇੰਨਕਲਾਬ ਜਿੰਦਾਬਾਦ' ਦੇ ਨਾਹਰਿਆਂ ਨਾਲ ਸਿੰਘੂ ਬਾਰਡਰ ਬੋਲਦਾ ਰਿਹਾ।



*ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵਲੋਂ ਛੋਟੇ ਸਾਹਿਬਜ਼ਾਦਿਆਂ ਸ਼ਹੀਦੀ ਜ਼ੋਰਾਵਰ ਸਿੰਘ ਤੇ ਸ਼ਹੀਦ ਫਤਹਿ ਸਿੰਘ ਨੂੰ ਸ਼ਹੀਦੀ ਦਿਹਾੜੇ ਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਤੇ ਉਨ੍ਹਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ ਗਿਆ।*

## ਕਿਸਾਨ ਸੰਘਰਸ ਦਾ ਹਾਸਲ ਭੱਠੀ 'ਚੋਂ ਕੁੰਦਨ ਬਣ ਨਿਕਲੂ ਪੰਜਾਬ

1. ਪੰਜਾਬ ਇੱਕ ਦੇਸ, ਇੱਕ ਅਹਿਸਾਸ,ਇੱਕ ਜਜਬਾ, ਮੁਹੱਬਤ, ਸੱਭਿਆਚਾਰ ਅਤੇ ਤਾਕਤ ਹੈ।ਪੰਜਾਬ ਇਕ ਰਿਸ਼ਤਾ ਹੈ।
2. ਪੰਜਾਬ ਅਜੇ ਜਿਊਂਦਾ ਹੈ ।
3. ਵਿਦੇਸ਼ਾਂ ਵਿਚ ਅਸੀਂ ਭਾਵੇਂ ਕੁਝ ਵੀ ਬਣ ਜਾਈਏ ਪੰਜਾਬ ਨੂੰ ਸਥਿਰ ਅਤੇ ਸਥਾਪਤ ਕਰਨਾ ਲਾਜਮੀ ਹੈ।
4. ਪਰਵਾਸੀ ਸਿੱਖ, ਕੌਮੀ ਜਾਇਦਾਦ ਅਤੇ ਸਰਮਾਇਆ ਹਨ ।
5. ਪਰਵਾਸੀਆਂ ਦੇ ਦਿਲ ਵਿਚ ਆਪਣੇ ਪਿਆਰੇ ਪੰਥ ਅਤੇ ਪੰਜਾਬ ਲਈ ਅਥਾਹ ਮੁਹੱਬਤ ਹੈ ।
6. ਪੰਜਾਬ ਦਾ ਦਿੱਲੀ ਤਖਤ ਨਾਲ ਰਿਸ਼ਤਾ ਕੀ ਹੋਵੇ। ਇਹ ਸਵਾਲ ਕਈ ਸਾਲ ਬਾਅਦ ਮੁੜ ਚਰਚਾ ਵਿਚ ਆ ਗਿਆ ਹੈ। ਖੇਤੀ ਕਾਨੂੰਨਾਂ ਦੀ ਜੜ੍ਹ ਇਸੇ ਵਿਚ ਨਿਹਿਤ ਹੈ।
7. ਦਿੱਲੀ ਤਖਤ ਨੂੰ ਪੰਜਾਬ ਦੀ ਕੋਈ ਸਮਝ ਨਹੀਂ ਹੈ ਅਤੇ ਜੇਕਰ ਹੈ ਤਾਂ ਅਸਲੋਂ ਹੀ ਗਲਤ ਹੈ ।
8. ਦਿੱਲੀ ਤਖ਼ਤ , ਬਹੁਗਿਣਤੀ ਰਾਜਨੀਤਕ ਲੋਕ ਅਤੇ ਅਫਸਰਸ਼ਾਹੀ ਪੰਜਾਬ ਵਿਰੋਧੀ ਅਤੇ ਸਾਜਿਸੀ ਹਨ ਪਰ ਅਵਾਮ ਅਤੇ ਖਾਸਕਰ ਨਵੀਂ ਪੀੜ੍ਹੀ ਇਸ ਵਬਾ ਤੋਂ ਮੁਕਤ ਹੈ।
9. ਇੰਡੀਆ ਦੀ ਅਵਾਮ ਨੂੰ ਅਸਲ ਪੰਜਾਬ ਦੇ ਦਰਸ਼ਨ ਕਰਵਾਉਣ ਦੀ ਜਿੰਮੇਵਾਰੀ ਆਮ ਪੰਜਾਬ ਨੂੰ ਹੀ ਚੁੱਕਣੀ ਪਵੇਗੀ।ਇਸ ਦਿਸ਼ਾ ਵਿਚ ਅਜੇ ਬਹੁਤ ਕੰਮ ਕਰਨਾ ਬਾਕੀ ਹੈ।
10. ਪੰਜਾਬ ਨੇ ਆਪਣਾ ਪੱਖ ਰੱਖ ਦਿੱਤਾ ਹੈ ਹੁਣ ਦਿੱਲੀ ਤਖਤ ਨੇ ਦੱਸਣਾ ਹੈ ਕਿ ਉਸ ਨੇ ਪੰਜਾਬ ਨਾਲ ਕਿਹੋ ਜਿਹੇ ਸਬੰਧ ਰੱਖਣੇ ਹਨ ।
11. ਪੰਜਾਬ ਦਾ ਖੇਤੀ ਮਾਡਲ ਬਦਲਣਾ ਲਾਜਮੀ ਹੈ। ਮੌਜੂਦਾ ਮਾਡਲ ਸਾਡੀਆਂ ਰੂਹਾਨੀ ਕੀਮਤਾਂ ਨਾਲ ਮੇਲ ਨਹੀਂ ਖਾਂਦਾ ।
12. ਖੇਤੀ ਅਤੇ ਜਮੀਨ ਪੰਜਾਬ ਲਈ ਕੀ ਮਾਇਨੇ ਰੱਖਦੀ ਸਪੱਸਟ ਹੋਇਆ ਹੈ।
13. ਪੰਜਾਬ ਵਿਚ ਰਾਜਨੀਤੀ ਕਿਹੜੇ ਅਧਾਰਾਂ ਤੇ ਹੋਵੇ ਇਹ ਸਵਾਲ ਕੇਂਦਰ ਵਿਚ ਆ ਗਿਆ ਹੈ।
14. ਸਿੱਖ ਰਾਜਨੀਤੀ ਦਾ ਅਸਲ ਰੂਪ ਪ੍ਰਗਟ ਕਰਨ ਦੀ ਲੋੜ ਮਹਿਸੂਸ ਹੋ ਗਈ ਹੈ ਕਿਉਂਕਿ ਮੌਜੂਦਾ ਅਕਾਲੀ ਅਤੇ ਗੈਰ ਅਕਾਲੀ, ਦਲ ਅਤੇ ਆਗੂ, ਸਿੱਖ ਰਾਜਨੀਤੀ ਦੀ ਨੁਮਾਇੰਦਗੀ ਨਹੀਂ ਕਰ ਸਕਦੇ।
15. ਪੰਜਾਬੀਆਂ ਦੀ ਪਹਿਲ ਕਰਨ ਦੀ ਰੁਚੀ ਪ੍ਰਬਲ ਹੋਈ ਹੈ ।
16. ਪੰਜਾਬ ਦੇ ਰਾਜਨੀਤਕ ਅਧਿਕਾਰ ਖਤਮ ਅਤੇ ਰਾਜਨੀਤਕ ਸੰਸਥਾਵਾਂ ਅਸਫਲ ਹੋ ਚੁੱਕੀਆਂ ਹਨ।
17. ਪੰਜਾਬ, ਕੇਂਦਰੀਕਰਨ ਅਤੇ ਏਕਾਧਿਕਾਰ ਦੇ ਖਿਲਾਫ ਹੈ।
18. ਪੰਜਾਬ ਦੀ ਹੀ ਸਮਰੱਥਾ ਹੈ ਕਿ ਅੱਜ ਇਹ ਸਰਵਪ੍ਰਵਾਨਤ ਆਗੂ ਦੀ ਅਣਹੋਂਦ ਵਿਚ ਹੰਨੇ ਹੰਨੇ ਮੀਰੀ ਦੇ ਸਿਧਾਂਤ ਉੱਪਰ ਚੱਲ ਸਕਦਾ ਹੈ ਅਤੇ ਦੁਨੀਆਂ ਦੀ ਤਾਕਤਵਰ ਹਕੂਮਤ ਨੂੰ ਐਨੀ ਕਰੜੀ ਟੱਕਰ ਦੇ ਸਕਦਾ ਹੈ। ਇਹ ਵੀ ਸਾਬਤ ਹੋਇਆ ਹੈ ਕਿ ਹੰਨੇ ਹੰਨੇ ਮੀਰੀ ਹੀ ਅਸਲ ਵਿਚ (ਲੋਕਤਾਂਤਰਿਕ) ਰਾਜਨੀਤਕ ਪ੍ਰਬੰਧ ਜਾਂ ਢਾਂਚੇ ਵਜੋਂ ਸਥਾਪਤ ਹੋ ਸਕਦੀ ਹੈ ਜੋ ਇੰਡੀਆ ਨੂੰ ਸਿੱਖਾਂ ਦੀ ਦੇਣ ਮੰਨੀ ਜਾਵੇਗੀ।
19.ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਖਾਲਸਾਈ ਰਹਿਣੀ ਹੈ ਅਤੇ ਇਹੀ ਇੱਥੋਂ ਦਾ ਜੇਤੂ ਸੱਚ ਹੈ ।
20. ਮੁਹਿੰਮਾਂ ਵਿੱਚ ਹੀ ਪੰਜਾਬ ਦਾ ਅਸਲ ਚਰਿੱਤਰ ਉੱਘੜਦਾ ਹੈ ਇਹ ਘੋੜੇ 'ਤੇ ਚੜ੍ਹੇ ਲੱਖ ਦੇ ਤੇ ਲੱਥੇ ਕੱਖ ਦੇ ਹਨ ।
21. ਸੰਘਰਸ਼ ਇਕ ਤਪਦੀ ਭੱਠੀ ਹੈ ਜਿਸ ਵਿੱਚੋਂ ਨਿਕਲ ਕੇ ਪੰਜਾਬ ਕੁੰਦਨ ਬਣ ਜਾਵੇਗਾ ਖੋਟ ਖੋਟ ਝੜ ਜਾਵੇਗੀ ਤੇ ਸ਼ੁੱਧ ਸੋਨਾ ਬਾਕੀ ਰਹੇਗਾ।

ਗੁਰੂ ਭਲਾ ਕਰੇ
ਕੰਵਲਜੀਤ ਸਿੰਘ

## ਯੂਟਿਊਬ ਦੀ ਦੁਨੀਆਂ ਤੋਂ

# ਕੀਲਿਆ ਹੀ ਗਿਆ ਮੰਨਿਆ ਪ੍ਰਮੰਨਿਆ ਫੋਟੋਗਰਾਫ਼ਰ ਰਘੂ ਰਾਏ

ਆਪਣੀ ਬੇਹਤਰੀਨ ਫੋਟੋਕਾਰੀ ਕਾਰਨ ਭਾਰਤ ਹੀ ਬਲਕਿ ਦੁਨੀਆ ਭਰ ਵਿੱਚ ਜਾਣੇ ਜਾਂਦੇ ਰਘੂ ਰਾਏ ਅਤੇ ਟੀਵੀ ਐਂਕਰ ਅਜੀਤ ਅੰਜੁਮ ਵਿਚਕਾਰ ਹੋਈ ਗੱਲਬਾਤ ਦੇ ਕੁੱਝ ਅੰਸ਼:

ਰਘੂ ਰਾਏ ਨੇ ਆਪਣੀ 80 ਸਾਲਾਂ ਦੀ ਜ਼ਿੰਦਗੀ ਵਿੱਚ 55 ਸਾਲ ਕੈਮਰੇ ਦੀ ਅੱਖ ਨਾਲ ਦੁਨੀਆ ਦੇ ਸਮਕਾਲੀ ਇਤਿਹਾਸ ਨੂੰ ਨਿਹਾਰਿਆ ਅਤੇ ਸੰਭਾਲਿਆ ਹੈ। ਉਸਨੇ 70ਵਿਆਂ ਦੇ ਅਖ਼ੀਰ ਵਿੱਚ ਸਰਵੋਦਿਆ ਆਗੂ ਜੈ ਪ੍ਰਕਾਸ਼ ਨਰਾਇਣ ਵਲੋਂ ਵਿੱਢੇ ਅੰਦੋਲਨ, ਫਿਰ ਭਾਰਤੀ ਕਿਸਾਨ ਯੂਨੀਅਨ ਦੇ ਬਾਨੀ ਮਹਿੰਦਰ ਸਿੰਘ ਟਿਕਾਇਤ ਦੀ ਅਗਵਾਈ ਵਿੱਚ ਕਿਸਾਨਾਂ ਦੇ ਦਿੱਲੀ ਵੱਲ ਇਤਹਾਸਕ ਮਾਰਚ ਅਤੇ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਦਿੱਲੀ ਸਮੇਤ ਦੇਸ਼ ਵਿਆਪੀ ਲੋਕ ਅੰਦੋਲਨ ਸਮੇਤ ਹਰ ਘਟਨਾ ਨੂੰ ਬਹੁਤ ਨੇੜਿਓਂ ਵੇਖਿਆ ਤੇ ਅੱਗੋਂ ਫੋਟੋਆਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਹੈ। ਪਰ ਮੌਜੂਦਾ ਕਿਸਾਨ ਮੋਰਚੇ ਵਿਚਲੀ ਰੂਹਾਨੀ ਊਰਜਾ ਨੇ ਉਸਦਾ ਮਨ ਹੀ ਕੀਲ ਲਿਆ ਹੈ। ਲੱਖਾਂ ਦੀ ਗਿਣਤੀ ਵਿੱਚ ਦਿੱਲੀ ਘੇਰੀ ਬੈਠੇ ਕਿਸਾਨਾਂ ਦਾ ਇਹ ਨਜ਼ਾਰਾ ਉਸਨੂੰ ਤੇ ਉਸਦੀ ਧੀ ਨੂੰ ਕਈ ਵਾਰ ਚੱਕਰ ਮਾਰਨ ਲਈ ਬੇਸਬਰਾ ਕਰ ਗਿਆ ਹੈ। ਸਭ ਤੋਂ ਵੱਧ ਸਰੂਰ ਵਰਗੀ ਖੁਸ਼ੀ ਤੇ ਤਸ਼ੱਲੀ ਰਘੂ ਰਾਏ ਨੂੰ ਇਹ ਵੇਖ ਕੇ ਤੇ ਜਾਣ ਕੇ ਹੋਈ ਕਿ 30 ਵਰ੍ਹੇ ਦੀ ਗਲੋਬਲਾਈਜ਼ੇਸ਼ਨ ਦੇ ਮਿਸ਼ਨ ਦਾ ਇਥੇ ਕੋਈ ਨਾਮੋ ਨਿਸ਼ਾਨ ਨਹੀਂ ਹੈ। ਸਭ ਕੁਝ ਨੂੰ ਢਾਅ ਕੇ ਇਕਸਾਰਤਾ ਦਾ ਹੁੰਝਾ ਫੇਰਨ ਵਾਲਾ ਮਕਸਦ ਇਥੇ ਮੂਧੇ ਮੂੰਹ ਪਿਆ ਹੈ। ਪਿਆਰ, ਭਗਤੀ, ਸਾਂਝੀਵਾਲਤਾ ਦੀ ਮਿਸਾਲ ਇਸ ਕਿਸਾਨ ਮੋਰਚੇ ਵਿਚ ਪੈਰ-ਪੈਰ ਤੇ ਨਜ਼ਰ ਆਉਂਦਾ ਹੈ। ਇਕ ਪਾਸੇ ਹਰਿਆਣੇ ਵਾਲੇ ਕਿਸਾਨ ਆਪਣਾ ਹੁੱਕਾ ਗੜਕਾ ਰਹੇ ਹਨ ਤੇ ਨੇੜੇ ਬੈਠੇ ਪੰਜਾਬੀ ਕਿਸਾਨ ਆਪਣੇ ਗਿਆਨ ਗੋਸ਼ਟਿ ਵਿੱਚ ਰੁਝੇ ਹੋਏ ਹਨ। ਕਿਸਾਨ ਮੋਰਚੇ ਦੇ ਲਾਗੇ ਜਾ ਕੇ ਵਸੋਂ ਦਿੱਲੀ ਦੇ ਗਰੀਬ ਤਬਕੇ ਨੂੰ ਜਿਸ ਆਦਰ ਸਤਿਕਾਰ ਨਾਲ ਲੰਗਰ ਛਕਾਇਆ ਜਾ ਰਿਹਾ ਸੀ। ਉਹ ਵੀ ਇਸ ਮੰਨੇ ਪ੍ਰਮੰਨੇ ਫੋਟੋਗ੍ਰਾਫਰ ਨੂੰ ਬਹੁਤ ਮਾਣ ਵਾਲੀ ਗੱਲ ਲੱਗੀ।



**ਅਜੀਤ ਅੰਜੁਮ ਨਾਲ ਇਉਂ ਰਹੀ ਰਘੂਰਾਏ ਦੀ ਗੱਲਬਾਤ:**

"ਮੈਂ ਜੈ ਪ੍ਰਕਾਸ਼ ਨਾਰਾਇਣ ਦਾ ਅੰਦੋਲਨ ਵੀ ਦੇਖਿਆ। ਜਦੋਂ ਜੈ ਪ੍ਰਕਾਸ਼ ਨਾਰਾਇਣ ਨੂੰ ਲਾਠੀ ਲੱਗੀ ਉਹਦੀ ਫੋਟੋ ਮੈਂ ਹੀ ਖਿੱਚੀ ਸੀ। ਮੈਂ ਟਿਕਾਇਤ ਦਾ ਅੰਦੋਲਨ ਵੀ ਦੇਖਿਆ, ਮੈਂ ਅੰਨਾ ਹਜ਼ਾਰੇ ਵਾਲਾ ਅੰਦੋਲਨ ਵੀ ਦੇਖਿਆ। ਇਸ ਅੰਦੋਲਨ ਦੀ ਕਿਸੇ ਨਾਲ ਤੁਲਨਾ ਨਹੀਂ ਹੋ ਸਕਦੀ। ਇਹ ਜੋ ਵੀ ਹੈ, ਇਹ ਸਿਰਫ਼ ਪ੍ਰੋਟੈਸਟ ਨਹੀਂ ਇਹ ਤਾਂ ਪੂਰੇ ਦੇਸ਼ ਨੂੰ ਇਕ ਅਲੱਗ ਲੈਵਲ 'ਤੇ ਲੈ ਕੇ ਜਾਣ ਦਾ ਜਸ਼ਨ ਹੈ। ਸਾਨੂੰ ਸਾਰਿਆਂ ਨੂੰ ਇਸ ਤੋਂ ਭਵਿੱਖ ਲਈ ਸਬਕ ਲੈਣਾ ਚਾਹੀਦਾ ਹੈ।

ਕਿੰਨੇ ਇਨਟੈਂਸ ਨੇ ਇਹ ਚਿਹਰੇ, ਕਿੰਨੇ ਸੀਰੀਅਸ। ਤੁਸੀਂ ਗੱਲ ਕਰੋ ਤਾਂ ਕਿੰਨੀ ਪਿਆਰੀ ਮੁਸਕਰਾਹਟ ਦਿੰਦੇ ਨੇ ਤੇ ਜੀ ਆਇਆਂ ਨੂੰ ਕਹਿੰਦੇ ਨੇ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਗੱਲ, ਤੇ ਉਹ ਗੱਲ ਜਿਸ 'ਤੇ ਯਕੀਨ ਨਹੀਂ ਆਉਂਦਾ ਕਿ ਤੀਹ ਸਾਲਾਂ ਦੇ ਵਿਸ਼ਵੀਕਰਨ ਨੇ ਸਾਡੇ ਹੁਲੀਏ ਵਿਗਾੜ ਦਿੱਤੇ, ਸਾਡੇ ਕੱਪੜੇ ਸਾਡਾ ਰਹਿਣ ਸਹਿਣ ਬਦਲ ਦਿੱਤਾ। ਪਰ ਜਦੋਂ ਮੈਂ ਏਥੇ ਪਹੁੰਚਾ ਤਾਂ ਦੇਖਿਆ ਉਹ ਜਿਹੜਾ ਭਾਰਤ ਸੀ ਜਿਸ ਵਿਚ ਇਕ ਦੂਜੇ ਲਈ ਪਿਆਰ ਸੀ, ਉਹ ਅਜੇ ਵੀ ਜ਼ਿੰਦਾ ਹੈ। ਮੈਨੂੰ ਕਿਸੇ ਵੀ ਹੋਰ ਅੰਦੋਲਨ ਵਿਚ ਇਹ ਦੇਖਣ ਲਈ ਨਹੀਂ ਮਿਲਿਆ। ਗਰੀਬ ਬੱਚੇ ਇਸ ਪਿੰਡ ਦੇ ਆ ਰਹੇ ਹਨ, ਉਨ੍ਹਾਂ ਨੂੰ ਕਹਿੰਦੇ, 'ਆਓ ਬੱਚਿਓ, ਲਾਈਨ 'ਚ ਆਓ, ਲੰਗਰ ਛਕੋ।' ਕਿੰਨੇ ਪਿਆਰ ਨਾਲ ਸਭ ਨੂੰ ਖਾਣਾ ਦਿੱਤਾ ਜਾ ਰਿਹਾ ਹੈ, ਕਿਸੇ ਨੂੰ ਨਹੀਂ ਪੁੱਛਿਆ ਜਾਂਦਾ ਕਿ ਤੂੰ ਕੌਣ ਹੈਂ।

ਭਾਰਤ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਇਹ ਕੋਈ ਛੋਟੀ ਮੋਟੀ ਗੱਲ ਨਹੀਂ ਹੈ, ਇਸ ਦੀ ਗਹਿਰਾਈ ਨੂੰ ਸਮਝੋ। ਇਲਜ਼ਾਮ ਲਾਉਣੇ ਗੰਦੀ ਸਿਆਸਤ ਹੈ।

ਇਨ੍ਹਾਂ ਦੀਆਂ ਤਕਲੀਫ਼ਾਂ ਬਿਲਕੁਲ ਜਾਇਜ਼ ਹਨ।

ਮੈਨੂੰ ਮਾਣ ਹੈ ਕਿ ਇਨ੍ਹਾਂ ਨੇ ਮੇਰਾ ਭਾਰਤ ਜ਼ਿੰਦਾ ਰੱਖਿਆ ਹੈ। ਏਨਾ ਪਿਆਰ, ਏਨੀ ਸ਼ਰਧਾ, ਏਨਾ ਵੱਡਾ ਹਜੂਮ, ਦੂਰ ਦੂਰ ਤੱਕ।

**ਪੇਸ਼ਕਸ਼ : ਇੰਦਰਜੀਤ ਕੌਰ**

# ਖੇਤੀ ਆਰਡੀਨੈਂਸਾਂ ਦਾ ਰੌਲਾ

*ਤਿੰਨ ਆਰਡੀਨੈਂਸ ਜੋ ਪਾਸ ਹੋਏ ਹਨ ਉਨ੍ਹਾਂ ਬਾਰੇ ਅਕਸਰ ਪੱਤਰਕਾਰ ਕਿਸਾਨਾਂ ਤੋਂ ਧਰਨਿਆਂ ਵਿਚ ਪੁੱਛ ਲੈਂਦੇ ਹਨ ਕੇ ਉਹ ਕੀ ਹਨ , ਉਨ੍ਹਾਂ ਵਿਚ ਕੀ ਲਿਖਿਆ ਹੈ ਜਿਸਦਾ ਤੁਸੀਂ ਵਿਰੋਧ ਕਰ ਰਹੇ ਹੋ ਤਾਂ ਉਨ੍ਹਾਂ ਵਿਚਾਰੇ ਭੋਲੇ ਕਿਸਾਨਾਂ ਨੂੰ ਨਹੀਂ ਪਤਾ ਹੁੰਦਾ ਤਾਂ ਉਹ ਕੀ ਜਵਾਬ ਦੇਣ।

ਆਓ ਸੰਖੇਪ ਵਿੱਚ ਜਾਣੀਏ ਇਹ ਕਨੂੰਨ ਕੀ ਕਹਿੰਦੇ ਹਨ

1.ਪਹਿਲਾਂ ਆਰਡੀਨੈਂਸ "ਸ਼ੈਸ਼ਨ ਕੋਮਾਡਿਟੀ"

2.ਦੂਸਰਾ ਆਰਡੀਨੈਂਸ "ਕੰਟਰੈਕਟ ਫਾਰਮਿੰਗ"

3.ਤੀਸਰਾ ਆਰਡੀਨੈਂਸ "ਏ ਪੀ ਐਮ ਸੀ"

ਤਿੰਨੇ ਆਰਡੀਨੈਂਸ ਵਾਰੀ ਵਾਰੀ ਕਿਸਾਨਾਂ ਦੀਆਂ ਜਮੀਨਾਂ ਲੀਜ ਤੇ ਲੈਣ ਦੀ ਫੁੱਲ ਤਿਆਰੀ ਵਜੋ ਹਨ

* ਇਨ੍ਹਾਂ ਵਿਚ ਲਿਖਿਆ ਕੇ ਕਿਸਾਨ ਦਾ ਜੇ ਕੋਈ ਰੇਟ ਪਿੱਛੇ ਜਾਂ ਤੋਲ ਪਿੱਛੇ ਜਾਂ ਪੇਮੈਂਟ ਪਿੱਛੇ ਕਿਸੇ ਨਾਲ ਰੌਲਾ ਹੈ ਤਾਂ ਉਹ ਸਿਰਫ ਐਸਡੀਐਮ ਤਕ ਪਹੁੰਚ ਕਰ ਸਕਦਾ ਹੈ ਅਦਾਲਤ ਨਹੀਂ ਜਾ ਸਕਦਾ

*ਕਿਸਾਨ ਨੂੰ ਮੰਡੀ ਵਿਚ ਫਸਲ ਲਿਜਾਣ ਉਤੇ 8% ਟੈਕਸ ਲੱਗੇਗਾ ਬਾਹਰ ਪ੍ਰਾਈਵੇਟ ਨੂੰ ਫਸਲ ਵੇਚਣ 'ਤੇ 1% ਟੈਕਸ ਲੱਗੇਗਾ ਜਦੋਂ ਕਿਸਾਨ 7% ਬਚਾਉਣ ਦੇ ਚੱਕਰ ਵਿਚ ਆਪਣੀ ਫਸਲ ਮੰਡੀਆਂ ਵਿਚ ਨਾ ਲੈ ਕੇ ਗਿਆ ਤਾਂ ਸਰਕਾਰ ਮੰਡੀ ਬੋਰਡ ਨੂੰ ਮੰਡੀਆਂ ਵਾਲਾ ਸਾਰਾ ਰਕਬਾ ਵੇਚਣ ਲਈ ਆਖੇਗੀ "ਇੰਝ ਮੰਡੀਆਂ ਖਤਮ ਹੋਣਗੀਆਂ"। ਫੇਰ ਹੋਵੇਗੀ ਕਿਸਾਨ ਦੀ ਪ੍ਰਾਈਵੇਟ ਕੰਪਨੀਆਂ ਹੱਥੋ ਲੁੱਟ ਸ਼ੁਰੂ

"ਜਦੋਂ ਕਿਸਾਨ ਨੂੰ ਲੱਗਿਆ ਫਸਲ ਲਾਹੇਵੰਦ ਧੰਦਾ ਨਹੀਂ ਰਹੀ ਫੇਰ ਕੰਪਨੀ ਕਿਸਾਨ ਤੋਂ ਜਮੀਨ ਲੀਜ ਉਤੇ ਮੰਗੇਗੀ

*ਕੰਟਰੇਕਟਫਾਰਮਿੰਗਸ਼ੁਰੂਹੋਵੇਗੀਕਿਸਾਨ ਸਿਰਫ ਮੁਜਾਰਾ ਬਣ ਕੇ ਰਹਿ ਜਾਵੇਗਾ

*ਹਜਾਰ ਹਜਾਰ ਕਿੱਲੇ ਦੇ ਫਾਰਮ ਬਣਨਗੇ

*ਇਸ ਵਿਚ ਇਹ ਵੀ ਹੈ ਕਿ ਕਿਸਾਨ ਫਸਲ ਸਟੋਰ ਨਹੀਂ ਕਰ ਸਕਦਾ ਪ੍ਰਾਈਵੇਟ ਕੰਪਨੀ ਜਿੰਨੇ ਸਾਲ ਮਰਜੀ ਫਸਲ ਸਟੋਰ ਕਰ ਸਕਦੀ ਹੈ

*ਕਿਸਾਨਾਂ ਦੀਆਂ ਖੇਤੀ ਲਿਮਟਾਂ (ਬੈਂਕ ਕਰਜ਼ੇ ਲਈ) ਖਤਮ ਹੋਣਗੀਆਂ

*ਠੇਕੇ ਤੇ ਜਮੀਨ ਦੇਣ ਵਾਲੇ ਨੂੰ18% ਜੀ ਐਸ ਟੀ ਦੇਣੀ ਹੋਵੇਗੀ ਯਾਨੀ ਜਿਸ ਕਿਸਾਨ ਨੇ 60 ਹਜਾਰ ਨੂੰ ਇਕ ਕਿੱਲਾ ਠੇਕੇ ਤੇ ਦਿਤਾ ਹੈ ਉਸ ਨੂੰ 10 ਹਜਾਰ 8 ਸੌ ਰੁਪਏ ਜੀ ਐਸ ਟੀ ਗੌਰਮਿੰਟ ਨੂੰ ਦੇਣੀ ਪਵੇਗੀ

ਜਿਹੜੇ ਅੰਧ ਭਗਤ ਬਿਨਾਂ ਬਿੱਲ ਪੜ੍ਹਿਆਂ ਕਹਿੰਦੇ ਹਨ ਬਿੱਲ ਕਿਸਾਨਾਂ ਦੇ ਹੱਕ ਵਿਚ ਹੈ ਉਨ੍ਹਾਂ ਤੋਂ ਉਪਰੋਕਤ ਗੱਲਾਂ ਬਾਰੇ ਜਵਾਬ ਮੰਗੋ।

# ਰੰਗ ਢੰਗ ਮੋਰਚੇ ਦੇ

ਜਿੱਤ ਦੇ ਨਜਦੀਕ ਪਹੁੰਚ ਚੁੱਕੇ ਸੰਘਰਸ ਦੌਰਾਨ ਨਿੱਤਰ ਕੇ ਆਏ ਕੁਝ ਨੁਕਤੇ ਜੋ ਸਿੰਘੂ/ਦਿੱਲੀ ਮੋਰਚਾ ਅਤੇ ਬਾਅਦ ਵਾਲੀ ਸਥਿਤੀ ਨੂੰ ਸਮਝਣ ਲਈ ਸਹਾਇਕ ਹੋ ਸਕਦੇ ਹਨ।

1. ਇਹ ਸੰਘਰਸ ਪੰਜਾਬ ਦੀ ਅਗਵਾਈ ਵਿਚ ਲੜਿਆ ਜਾ ਰਿਹਾ ਹੈ, ਪੰਜਾਬ ਜੋ ਸਿੱਖੀ ਅਤੇ ਸਿੱਖ ਇਤਿਹਾਸ ਦੇ ਜੇਤੂ ਅਹਿਸਾਸ ਨਾਲ ਭਰਪੂਰ ਹੈ।

2. ਸੰਘਰਸ ਵਿਚ ਹਰ ਤਰੀਕੇ ਨਾਲ ਸ਼ਾਮਲ ਲੋਕਾਈ ਪਵਿੱਤਰ ਅਤੇ ਸ਼ੁੱਧ ਸਿੱਖ ਅਹਿਸਾਸ ਨਾਲ ਲਬਰੇਜ ਹੈ ਪਰ ਸਿੱਖ ਵਿਧੀ ਵਿਧਾਨ ਅਨੁਸਾਰ ਸੰਗਠਿਤ (ਜਥੇਬੰਦ) ਨਹੀਂ ਹੋਈ।

3. ਕਿਸਾਨ ਜਥੇਬੰਦੀਆਂ ਅਤੇ ਆਗੂਆਂ ਦੇ ਦੋ ਪ੍ਰਮੁੱਖ ਰੂਪ ਹਨ ਅਤੇ ਗੈਰ ਖੱਬੇਪੱਖੀ ਨਾਨ ਲੈਫਟ ਆਗੂ, ਸਿੱਖ ਅਹਿਸਾਸ ਦੀ ਨੇੜਤਾ ਵਿਚ ਵਿਚਰਨਾ ਚਾਹੁੰਦੇ ਹਨ ।

4.ਇਸ ਸੰਘਰਸ਼ ਵਿੱਚ ਖੱਬੇ ਪੱਖੀ ਅਤੇ ਗ਼ੈਰ ਖੱਬੇ ਪੱਖੀ, ਕਿਸਾਨ ਜਥੇਬੰਦੀਆਂ ਦਾ, ਮਹੱਤਵਪੂਰਨ ਯੋਗਦਾਨ ਹੈ ।

5. ਦਿੱਲੀ ਪਹੁੰਚਣ ਵਾਲੇ ਬਹੁਗਿਣਤੀ ਲੋਕਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਖੱਬੇ ਪੱਖੀ ਵਿਚਾਰਧਾਰਾ ਨਾਲ ਨਹੀਂ ਹੈ ਉਨ੍ਹਾਂ ਦੀ ਪ੍ਰੇਰਨਾ ਦਾ ਸਰੋਤ ਖੱਬੇ ਪੱਖੀ ਫਲਸਫਾ ਨਹੀਂ ਹੈ ਅਤੇ ਉਹ ਖੱਬੇ ਪੱਖੀ ਆਗੂਆਂ ਨੂੰ ਆਪਣੇ ਆਗੂ ਵੀ ਨਹੀਂ ਮੰਨਦੇ ।

5.ਵਿਸ਼ੇਸ਼ ਪਹਿਲੂ ਇਹ ਹੈ ਕਿ ਖੱਬੇ ਪੱਖੀ ਜਥੇਬੰਦਕ ਤੌਰ ਤੇ ਵਧੇਰੇ ਮਜਬੂਤ ਅਤੇ ਮਾਹਿਰ ਹੈ।

7. ਖੱਬੇ ਪੱਖੀ ਆਗੂਆਂ ਦੀ ਪਹਿਲੀ ਪ੍ਰਤੀਬੱਧਤਾ ਪੰਜਾਬ ਅਤੇ ਪੰਜਾਬ ਦੀ ਲੋਕਾਈ ਦੇ ਮੁਕਾਬਲੇ ਖੱਬੇ ਪੱਖੀ ਏਜੰਡੇ ਨਾਲ ਹੈ ਅਤੇ ਖੱਬੇ ਪੱਖੀ ਆਗੂ ਸਾਂਝੇ ਫੈਸਲਿਆਂ ਦੀ ਪ੍ਰਧਾਨ ਸੁਰ ਉਸ ਏਜੰਡੇ ਅਨੁਸਾਰ ਢਾਲਣ ਵਿਚ ਸਮਰੱਥ ਹਨ ।

8. ਇਸ ਸੰਘਰਸ ਨਾਲ ਸਿੱਖ ਸੁਰਤੀ ਇਕਾਗਰ ਹੋਈ ਹੈ ਖਿੰਡਿਆ ਹੋਇਆ ਕੌਮੀ ਸਰਮਾਇਆ ਵੀ ਪਰਗਟ ਹੋਇਆ ਹੈ ਵਿਰਸੇ ਤੇ ਮਾਣ ਵਧਿਆ ਹੈ ਅਤੇ ਇਸ ਨੂੰ ਖੁੱਲ੍ਹਾ ਪ੍ਰਗਟਾਵਾ ਮਿਲਿਆ ਹੈ ।

9. ਹਿੰਦੁਸਤਾਨ ਅਤੇ ਆਲਮੀ ਪੱਧਰ 'ਤੇ ਸਿੱਖ ਤਹਿਜਬਿ, ਖਾਲਸਾ ਜੁਝਾਰੂਪਣ, ਦਲੇਰੀ ਅਤੇ ਨਾਇਕਤਵ ਦੀ ਧਾਂਕ ਜੰਮ ਚੁੱਕੀ ਹੈ।

10. ਸਿੱਖ, ਇਸ ਸੰਘਰਸ ਨਾਲ ਆਲਮੀ ਸਿਆਸੀ ਢਾਂਚੇ ਨੂੰ ਸੰਬੋਧਨ ਕਰਨ ਦੀ ਸਥਿਤੀ ਵਿੱਚ ਆ ਗਏ ਹਨ ।

## ਸੰਘਰਸ਼ ਵਿੱਚੋਂ ਨਵੀਂ...

ਹੁਣ ਲੀਡਰਸ਼ਿਪ ਸਮਰੱਥਾ ਵਾਲੇ ਬੰਦਿਆਂ ਨੇ ਅਪਣੀ ਸਮਰੱਥਾ ਅਜਮਾਉਣੀ ਹੈ, ਉਹ ਭਵਿੱਖ ਦੇ ਗਰਭ ਵਿਚ ਹੈ।

ਸਵਾਲ : ਤੁਹਾਨੂੰ ਕੀ ਲਗਦਾ ਹੈ ਕਿ ਕੇਂਦਰ ਦਾ ਸੂਬਿਆਂ ਪ੍ਰਤੀ ਰਵੱਈਆ ਸਖ਼ਤ ਹੁੰਦਾ ਹੈ। ਜਿਵੇਂ ਕਸ਼ਮੀਰ ਵਿਚ ਹੋਇਆ। ਕਸ਼ਮੀਰ ਵਿਚ ਸਾਰੀਆਂ ਧਿਰਾਂ ਇਕ ਫ਼ਰੰਟ 'ਤੇ ਆ ਗਈਆਂ। ਕੀ ਕਦੇ ਪੰਜਾਬ ਵਿਚ ਵੀ ਇਸ ਤਰ੍ਹਾਂ ਹੋ ਸਕਦਾ ਹੈ ਕਿ ਕੈਪਟਨ, ਬਾਦਲ। ਕੀ ਅਸੀਂ ਇਨ੍ਹਾਂ ਨੂੰ ਇਕ ਮੰਚ ਤੇ ਵੇਖ ਸਕਦੇ ਹਾਂ?

ਜਵਾਬ : ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਇਕੱਠਿਆਂ ਲਿਆ ਕੇ ਖੜ੍ਹਾ ਕਰ ਦਿਤਾ ਹੈ ਬੇਸ਼ੱਕ ਇਹ ਇਕ ਮੰਚ ਤੇ ਇਕੱਠੇ ਨਹੀਂ ਹੋਏ , ਇਨ੍ਹਾਂ ਦਾ ਮੰਚ ਇਕ ਨਹੀਂ। ਬੇਸ਼ੱਕ ਪੰਜਾਬ ਦੀਆਂ ਕਿਸਾਨ ਯੂਨੀਅਨਾਂ ਵੀ ਇਕ ਨਹੀਂ ਸਨ। ਪੰਜਾਬ ਦੇ ਲੋਕਾਂ ਦੀ ਖਾਸੀਅਤ ਇਹ ਹੈ ਕਿ ਉਹ ਧੱਕੇਸ਼ਾਹੀ ਵਿਰੁਧ ਬਿਨਾਂ ਕਿਸੇ ਲੀਡਰਸ਼ਿਪ ਤੋਂ ਲੜ ਲੈਂਦੇ ਹਨ। ਇਸ ਅੰਦੋਲਨ ਨੇ ਇਹ ਗੱਲ ਦੋਹਰਾ ਦਿਤੀ ਹੈ ਕਿ ਪੰਜਾਬ ਦੇ ਲੋਕਾਂ ਦੀ ਇਸ ਖਾਸੀਅਤ ਸਦਕਾ ਹੀ ਕਿਸਾਨ ਯੂਨੀਅਨਾਂ ਦੀਆਂ ਮੰਗਾਂ ਅਤੇ ਤਰੀਕੇ ਵੀ ਬਦਲੇ ਅਤੇ ਉਹ ਇਕੱਠੇ ਹੋਏ। ਪੰਜਾਬ ਦੀਆਂ ਜਿਹੜੀਆਂ ਵੋਟਾਂ ਵਾਲੀਆਂ ਰਾਜਨੀਤਕ ਪਾਰਟੀਆਂ ਸਨ ਉਨ੍ਹਾਂ ਦੇ ਨਾਅਰੇ ਵੀ ਬਦਲ ਅਤੇ ਉਨ੍ਹਾਂ ਦੇ ਅਲਾਇੰਸ ਵੀ ਬਦਲ ਗਏ। ਜੇ ਇਸ ਤਰ੍ਹਾਂ ਸੰਘਰਸ਼ ਦੀ ਰਾਜਨੀਤੀ ਚਲਦੀ ਰਹੀ, ਜੇ ਉਹ ਇਕ ਮੰਚ ਤੇ ਨਹੀਂ ਆਉਣਗੇ ਤਾਂ ਫਿਰ ਬੇਮਾਅਨਾ ਹੋ ਜਾਣਗੇ।

ਸਵਾਲ : ਆਉਣ ਵਾਲੇ ਦਿਨਾਂ ਵਿਚ ਮੰਨੀਏ ਕਿ ਪੰਜਾਬ ਬਦਲੇਗਾ? ਤੁਹਾਨੂੰ ਆਸ ਹੈ ਕਿ ਪੰਜਾਬ ਅੰਦਰ ਨਵੀਆਂ ਸਿਆਸੀ ਲਕੀਰਾਂ ਖਿੱਚੀਆਂ ਜਾਣਗੀਆਂ ਜਾਂ ਲਕੀਰਾਂ ਮਿਟਾਉਣ ਦੀ ਥਾਂ ਸਿਆਸਤ ਦੀਆਂ ਲਕੀਰਾਂ ਲੰਮੀਆਂ ਹੋ ਜਾਣੀਆਂ? ਕੀ ਇਸ ਨੂੰ ਲੋਕ ਪੱਖੀ, ਪੰਜਾਬ ਪੱਖੀ ਜਾਂ ਸਰੋਕਾਰ ਪੱਖੀ ਸਿਆਸਤ ਕਿਹਾ ਜਾ ਸਕਦਾ ਹੈ?

ਜਵਾਬ : ਇਹ ਹਾਲਾਤ ਅਪਣੇ ਆਪ ਹੀ ਬਣ ਗਏ ਸਨ, ਇਹ ਨਹੀਂ ਕਿ ਇਹ ਕਿਸੇ ਨੇ ਬਣਾਏ ਸਨ। ਰਾਜਨੀਤਕ ਪਾਰਟੀਆਂ ਦੀ ਨਾਹਅਹਿਲੀਅਤ ਕਰਕੇ, ਉਨ੍ਹਾਂ ਦੀ ਵਿਸ਼ਵਾਸ਼ਯੋਗਤਾ ਹੀ ਐਨੀ ਗੁਆਚ ਚੁੱਕੀ ਹੈ ਕਿ ਲੋਕਾਂ ਨੇ ਅਪਣੇ ਤੌਰ ਤੇ ਹੀ ਅਪਣੇ ਹੱਕਾਂ ਲਈ ਇਹ ਸੰਘਰਸ਼ ਸ਼ੁਰੂ ਕੀਤਾ। ਇਸ ਵਿਚੋਂ ਇਕ ਗੱਲ ਹੋਰ ਸਪੱਸ਼ਟ ਹੋਈ ਹੈ ਕਿ ਡੀਸੈਂਟਰਲਾਈਜ਼ ਲੀਡਰਸ਼ਿਪ ਹੈ ਜਿਸ ਨੂੰ ਸਿੱਖਾਂ ਵਿਚ ਹਨੇ ਹਨੇ ਮੀਰੀ ਕਹਿੰਦੇ ਹਨ, ਉਸ ਤਰੀਕੇ ਨਾਲ ਸੱਭ ਤੋਂ ਵਧੀਆ ਲੜਾਈ ਲੜੀ ਜਾ ਸਕਦੀ ਹੈ। ਇਕ ਸਾਨੂੰ ਇਹ ਵੀ ਛੱਡਣਾ ਚਾਹੀਦਾ ਹੈ ਕਿ ਜਿੰਨੇ ਵੀ ਪੁਰਾਣੇ ਲੀਡਰ ਹਨ ਚਾਹੇ ਉਹ ਚਾਰ ਵਾਰ ਦਾ ਮੁੱਖ ਮੰਤਰੀ ਹੈ, ਚਾਹੇ ਉਹ ਦੋ ਵਾਰ ਦਾ ਮੁੱਖ ਮੰਤਰੀ ਹੈ, ਉਨ੍ਹਾਂ ਦੀ ਹੁਣ ਉਹ ਸਪੇਸ ਨਹੀਂ ਰਹਿਣੀ। ਸਾਨੂੰ ਉਨ੍ਹਾਂ ਨੂੰ ਇਕ ਟਰਮ ਵਿਚ, ਇਕ ਅਲਾਇੰਸ ਵਿਚ ਅਤੇ ਇਕ ਸਟੇਜ਼ ਤੋਂ ਖੜ੍ਹੇ ਕਰਨ ਦਾ ਕੋਈ ਬਹੁਤਾ ਸੁਪਨਾ ਨਹੀਂ ਲੈਣਾ ਚਾਹੀਦਾ। ਹੁਣ ਉਹ ਇਕ ਮੰਚ ਤੇ ਖੜ੍ਹਨ ਜਾਂ ਨਾ ਖੜ੍ਹਨ, ਇਹ ਬਹੁਤਾ ਮੈਟਰ ਹੀ ਨਹੀਂ ਕਰਦਾ। ਲੋਕਾਂ ਨੇ ਆਪ ਹੀ ਦੱਸ ਦਿਤਾ ਹੈ ਕਿ ਸਾਂਝੀ ਲੀਡਰਸ਼ਿਪ ਦੇ ਰਾਹੀਂ ਪੀਪਲਜ਼ ਮੂਵਮੈਂਟ ਹੈ, ਪੀਪਲਜ਼ ਹੀ ਲੀਡਰਸ਼ਿਪ ਹੈ, ਜਿਸ ਰਾਹੀਂ ਸਿੱਖਾਂ ਨੇ ਐਡੀ ਮਾਈਟੀ (ਤਾਕਤਵਰ) ਸਟੇਟ ਨੂੰ ਚੁਣੌਤੀ ਦਿਤੀ। ਇਕ ਤਾਂ ਮੋਦੀ ਅਤੇ ਸ਼ਾਹ ਦੀ ਨਿਜੀ ਲੀਡਰਸ਼ਿਪ ਸੀ ਜਿਸ ਰਾਹੀਂ ਉਨ੍ਹਾਂ ਨੇ ਬੀਜੇਪੀ ਦੇ ਬਾਕੀ ਸਾਰੇ ਤਕੜੇ ਗਰੁੱਪਾਂ ਜਿਨ੍ਹਾਂ ਵਿਚ ਚਾਹੇ ਉਹ ਅਡਵਾਨੀ ਦਾ ਗਰੁੱਪ ਸੀ, ਚਾਹੇ ਠਾਕੁਰਾਂ ਦਾ ਗਰੁੱਪ ਸੀ, ਚਾਹੇ ਮਰਾਠੇ ਬ੍ਰਾਹਮਣਾਂ ਦਾ ਗਰੁੱਪ ਸੀ, ਸਾਰੇ ਖੂੰਜੇ ਲਾ ਦਿਤੇ। ਦੂਜੀ ਬੀਜੇਪੀ ਨੂੰ ਚੁਣੌਤੀ ਦੇ ਰਹੇ ਹਨ ਜੋ ਅਪਣੇ ਆਪ ਨੂੰ ਦੁਨੀਆਂ ਦੀ ਇਕ ਵੱਡੀ ਆਰਗੇਨਾਈਜੇਸ਼ਨ ਮੰਨ ਰਹੀ ਹੈ, ਜਿਨ੍ਹਾਂ ਨੂੰ ਲਗਦਾ ਹੈ ਕਿ ਸਾਡੀ ਬਹੁਤ ਵੱਡੀ ਮੈਂਬਰਸ਼ਿਪ ਹੈ, ਟ੍ਰੇਨਡ ਕਾਡਰ ਹੈ ਉਨ੍ਹਾਂ ਕੋਲ। ਤੀਜੀ ਪਰਤ ਦੇ ਵਿਚ ਜਾ ਕੇ ਕਿਸਾਨ ਯੂਨੀਅਨ ਨੇ ਐਡੀ ਮਾਈਟ ਸਟੇਟ ਜਿਨ੍ਹਾਂ ਕੋਲ ਨਿਊਕਲੀਅਰ ਪਾਵਰ ਹੈ, ਇੰਟਰਨੈਸ਼ਨਲ ਰਿਲੇਸ਼ਨ ਵਿਚ ਉਨ੍ਹਾਂ ਦਾ ਵੱਡਾ ਮਹੱਤਵ ਹੈ, ਵੱਡੀਆਂ ਫ਼ੌਜਾਂ ਹਨ, ਵੱਡੀਆਂ ਪੈਰਾ ਮਿਲਟਰੀ ਹਨ। ਉਸ ਤੋਂ ਅੱਗੇ ਜਾ ਕੇ ਵੀ ਉਨ੍ਹਾਂ ਨਾਲ ਕਾਰਪੋਰੇਟ ਹੈ ਅਤੇ ਕਾਰਪੋਰੇਟ ਵੀ ਹੈ। ਜਿਸ ਤਰੀਕੇ ਦੇ ਕਾਰਪੋਰੇਟ ਨਾਲ ਟੱਕਰ ਹੈ ਉਹ ਕੇਵਲ ਭਾਰਤ ਦਾ ਨਹੀਂ ਹੈ, ਜਿਸ ਤਰੀਕੇ ਦੇ ਨਾਲ ਫੇਸਬੁੱਕ, ਗੂਗਲ ਜਾਂ ਕਾਲ ਕਾਮ ਵਰਗੀਆਂ ਵੱਡੀਆਂ ਕੰਪਨੀਆਂ ਦੀ ਰਿਲਾਇੰਸ ਵਿਚ ਇਨਵੈਸਟਮੈਂਟ ਹੈ, ਅਸਲ ਵਿਚ ਇੰਟਰਨੈਸ਼ਨਲ ਕਾਰਪੋਰੇਟ ਨਾਲ ਉਨ੍ਹਾਂ ਦਾ ਮੱਥਾ ਲੱਗਿਆ ਹੋਇਆ ਹੈ। ਪੀਪਲਜ਼ ਮੂਵਮੈਂਟ ਨੇ ਇਹ ਚਾਰ ਐਨੀਆਂ ਸ਼ਕੀਤਸ਼ਾਲੀ ਜਿਹੜੀਆਂ ਹੋਂਦ ਰੱਖਣ ਦੀਆਂ ਚੀਜ਼ਾਂ ਸਨ ਇਸ ਧਰਤੀ ਤੇ ਉਹ ਸਾਰੀਆਂ ਹੀ ਨਿਸੱਤ ਕਰ ਦਿਤੀਆਂ ਹਨ। ਇਸ ਗੱਲ ਤੋਂ ਸਾਨੂੰ ਅੰਦਾਜ਼ਾ ਲਗਾਉਣਾ ਚਾਹੀਦਾ ਹੈ ਕਿ ਰਵਾਇਤੀ ਤਰੀਕਾਕਾਰ ਹੈ, ਰਾਜਨੀਤਿਕ ਲੜਾਈ ਜਾਂ ਰਾਜਨੀਤੀ ਦਾ ਉਸ ਤੋਂ ਅੱਗੇ ਜਾ ਕੇ ਇਹ ਚੀਜ਼ਾਂ ਹੋ ਰਹੀਆਂ ਹਨ।

ਸਵਾਲ : ਇਸ ਬਾਰੇ ਜਥੇਬੰਦੀਆਂ ਨੂੰ ਵੀ ਸੋਚਣਾ ਚਾਹੀਦਾ ਜਾਂ ਫਿਰ ਰਾਜਨੀਤਿਕ ਪਾਰਟੀਆਂ ਵੀ ਸੋਚਣ?

ਜਵਾਬ : ਮੈਂ ਤਾਂ ਕਹਿੰਦਾ ਹਾਂ ਕਿ ਜੇ ਇਸ ਸਮੇਂ ਵੀ ਨਹੀਂ ਸੋਚਣਗੇ ਤਾਂ ਇਸ ਸਥਿੱਤੀ/ਜ਼ਮੀਨੀ ਹਕੀਕਤ ਦੇ ਹਿਸਾਬ ਨਾਲ ਅਪਣੇ ਆਪ ਨੂੰ ਨਹੀਂ ਬਦਲੇਗਾ ਉਹ ਬੇਮਾਅਨਾ ਹੋ ਜਾਵੇਗਾ, ਫਿਰ ਚਾਹੇ ਉਸਦਾ ਪਿਛਲਾ ਰਿਕਾਰਡ ਕਿਹੋ ਜਿਹਾ ਵੀ ਹੋਵੇ। ਕਿਸੇ ਨੇ ਰੈਲੇਵੈਂਟ ਨਹੀਂ ਰਹਿਣਾ, ਇਸ ਅੰਦੋਲਨ ਵਿਚ ਕਿਉਂਕਿ ਇਹ ਅੰਦੋਲਨ ਜਿੰਨੀ ਸਮਝਦਾਰੀ ਅਤੇ ਵਿਸ਼ਾਲ ਸਾਂਝ ਦੇ ਨਾਲ ਲੜੀ ਗਈ ਹੈ ਉਸ ਸਾਂਝ ਵਿਚੋਂ ਵੀ ਪੁਰਾਣੀਆਂ ਰਾਜਨੀਤਕ ਪਾਰਟੀਆਂ ਅਪਨਾ ਇਕ ਕੋਰ ਗਰੁੱਪ ਰੱਖ ਲੈਂਦੀਆਂ ਹਨ ਉਸ ਹਿਸਾਬ ਦੀ ਰਾਜਨੀਤੀ ਸ਼ਾਇਦ ਹੁਣ ਨਹੀਂ ਚੱਲੇਗੀ।

ਜਵਾਬ: ਇਕ ਗੱਲ ਤੁਹਾਨੂੰ ਲਗਦੀ ਹੈ ਕਿ ਜਿਵੇਂ ਮਾਹੌਲ ਬਣਿਆ ਹੁੰਦਿਆ ਹੈ ਉਸ ਦੀਆਂ ਵਿਆਖਿਆਵਾਂ ਉਸ ਮਾਹੌਲ ਮੁਤਾਬਕ ਹੀ ਹੁੰਦੀਆਂ ਹਨ। ਜੇ ਮੈਂ ਤੁਹਾਨੂੰ ਪੁੱਛਾ ਕਿ ਜੋ ਤੁਸੀਂ ਵਿਆਖਿਆ ਕਰ ਰਹੇ ਹੋ ਇਸ ਸਮੇਂ ਦੇ ਮਾਹੌਲ ਮੁਤਾਬਕ ਹੀ ਵਿਆਖਿਆ ਕਰ ਰਹੇ ਹੋ। ਅਸੀਂ ਵੱਡੇ ਵੱਡੇ ਅੰਦੋਲਨਾਂ ਵਿਚ ਵੀ ਵੇਖਿਆ ਹੈ ਕਿ ਮਾਹੌਲ ਮੁਤਾਬਕ ਹੀ




ਬੰਦਾ ਗੱਲ ਕਰਦਾ ਹੈ, ਪਰ ਜਦੋਂ ਮਾਹੌਲ ਖ਼ਤਮ ਹੁੰਦਾ ਹੈ ਤਾਂ ਜਨਤਾ ਉਸੇ ਰਾਹ ਚੱਲ ਪੈਂਦੀ ਹੈ ਜਿਹੜਾ ਪਹਿਲਾਂ ਹੀ ਚਲ ਰਿਹਾ ਹੁੰਦਾ ਹੈ। ਤੁਹਨੂੰ ਇਸ ਮੂਵਮੈਂਟ ਵਿਚ ਕੀ ਲਗਦਾ ਹੈ ਕਿ ਕੀ ਇਸ ਵਿਚ ਅਜਿਹਾ ਹੀ ਹੋਵੇਗਾ? ਜਾਂ ਇਸ ਮੂਵਮੈਂਟ ਨਾਲ ਪੰਜਾਬ ਬਦਲ ਜਾਏਗਾ?

ਜਵਾਬ : ਇਸ ਵਿਚ ਦੋ ਫ਼ਰਕ ਹਨ। ਇਸ ਮੂਵਮੈਂਟ ਵਿਚ ਤੋਂ ਪਹਿਲਾਂ ਜਿਹੜੀਆਂ ਅਸੀਂ ਮੂਵਮੈਂਟਾਂ ਵੇਖੀਆਂ ਹਨ ਜਾਂ ਉਨ੍ਹਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਹਿਯੋਗੀ ਰਹੇ ਹਾਂ, ਉਨ੍ਹਾਂ ਸਾਰੀਆਂ ਮੂਵਮੈਂਟਾਂ ਵਿਚੋਂ ਜਿਹੜੀਆਂ ਸਾਰੀਆਂ ਇੰਡੀਅਨ ਪੁਲੀਟੀਕਲ ਇੰਸਟਿਚਿਊਸ਼ਨਜ ਸਨ ਉਨ੍ਹਾਂ ਦੀ ਵਿਸ਼ਵਾਸ਼ਯੋਗਤਾ ਖ਼ਤਮ ਨਹੀਂ ਸੀ ਹੋਈ, ਦੂਜਾ ਜਿਹੜੀਆਂ ਜਥੇਬੰਦੀਆਂ ਸਨ ਉਨ੍ਹਾਂ ਦੀ ਵਿਸ਼ਵਾਸ਼ਯੋਗਤਾ ਤੇ ਉਸ ਤਰੀਕੇ ਦੀ ਸੱਟ ਨਹੀਂ ਸੀ ਵੱਜੀ। ਅੱਜ ਕਿਸੇ ਨੂੰ ਪੁੱਛ ਲਵੋ ਕਿ ਕਿਸੇ ਦੀ ਕਿਸੇ ਜਥੇਬੰਦੀ ਤੇ ਵਿਸ਼ਵਾਸ਼ਯੋਗਤਾ ਨਹੀਂ ਅਤੇ ਕਿਸੇ ਸੰਸਥਾ ਤੇ ਨਹੀਂ। ਪੰਜਾਬ ਅਸੈਂਬਲੀ ਦੀ ਗੱਲ ਕਰ ਲਵੋ ਕਿ ਉਸ ਦੀ ਲਿਮੀਟੇਸ਼ਨ ਕਿੰਨੀ ਹੈ ਆਪਾਂ ਨੂੰ ਪਤਾ ਲੱਗ ਗਿਆ ਹੈ ਕਿ 115 ਐਮਐਲਏ ਇਕ ਕਾਨੂੰਨ ਪਾਸ ਕਰਦੇ ਹਨ ਤੇ ਗਵਰਨਰ ਉਸ ਨੂੰ ਪੜ੍ਹਦਾ ਵੀ ਨਹੀਂ। ਭਾਰਤ ਸਰਕਾਰ ਅਤੇ ਭਾਰਤੀ ਪਾਰਲੀਮੈਂਟ ਦੀ ਕਿੰਨੀ ਵਿਸ਼ਵਾਸ਼ਯੋਗਤਾ ਰਹਿ ਗਈ ਇਸ ਬਾਰੇ ਆਮ ਤੁਰੇ ਫਿਰ ਬੰਦੇ ਨੂੰ ਪੁੱਛ ਲਵੋ, ਉਹ ਲੋਕ ਪੱਖੀ ਫ਼ੈਸਲੇ ਲੈਣ ਵਾਲੀ ਨਹੀਂ ਰਹੀ। ਕਿਸੇ ਵੀ ਸੂਬੇ ਦੀ ਰਾਜਨੀਤੀ ਉਨ੍ਹਾਂ ਦੀਆਂ ਇੰਸਟੀਚਿਊਸ਼ਨ ਉਤੇ, ਉਨ੍ਹਾਂ ਦੀਆਂ ਜਥੇਬੰਦੀਆਂ ਦੀ ਕਰੈਡੀਬਿਲਟੀ ਉਤੇ ਖੜ੍ਹਦੀ ਹੈ ਪਹਿਲਾਂ ਜਿੰਨੀਆਂ ਵੀ ਮੂਵਮੈਂਟ ਹੋਈਆਂ ਉਨ੍ਹਾਂ ਵਿਚ ਇਸ ਲੈਵਲ ਦੀ ਜਥੇਬੰਦੀਆਂ ਦੀ ਕਰੈਡੀਬਿਲਟੀ ਨੂੰ ਸੱਟ ਨਹੀਂ ਸੀ ਵੱਜੀ, ਉਹ ਇਕ ਬੁਨਿਆਦੀ ਨੁਕਤਾ ਹੈ, ਜਿਸ ਕਰ ਕੇ ਇਹ ਐਡੇ ਵੱਡੇ ਲੈਵਲ ਵਿਚ, ਐਨਾ ਵੱਡਾ ਖ਼ਤਰਾ ਹੋਣ ਦੇ ਬਾਵਜੂਦ ਸਾਰਿਆਂ ਨੂੰ ਸਮਝ ਹੈ ਕਿ ਇੰਡੀਅਨ ਸਟੇਟ ਦੀ ਇੰਨੀ ਵੱਡੀ ਮਾਈਟ ਖ਼ਤਰਨਾਕ ਹੈ, ਉਸ ਦੇ ਬਾਵਜੂਦ ਵੀ ਸਾਰੇ ਖੜ੍ਹੇ ਹਨ। ਇਹ ਸਟੈਪ ਬਾਈ ਸਟੈਪ ਸੁਸਾਇਟੀ ਇਥੇ ਪਹੁੰਚੀ ਹੈ। ਆਮ ਆਦਮੀ ਪਾਰਟੀ ਵੇਲੇ ਵੀ ਐਡੀ ਵੱਡੀ ਡਿਸਕਰੈਡੀਬਿਲਟੀ ਨਹੀਂ ਸੀ ਹੋਈ।

ਸਵਾਲ : ਤੁਸੀਂ ਮਨਪ੍ਰੀਤ ਬਾਦਲ ਵਾਲਾ ਦੌਰ ਵੀ ਵੇਖਿਆ ਕਿ ਮਨਪ੍ਰੀਤ ਹੀ ਅਲਟਰਨੇਟਿਵ ਹੈ। ਫਿਰ ਲਗਿਆ ਕਿ ਕੇਜਰੀਵਾਲ ਵੀ ਅਲਟਰਨੇਟਿਵ ਹੈ। ਪਰ ਜਦੋਂ ਇਹ ਸਾਰਾ ਖ਼ਤਮ ਹੋਇਆ ਫਿਰ ਨਾ ਤਾਂ ਮਨਪ੍ਰੀਤ ਬਾਦਲ ਦਿਖਿਆ ਅਤੇ ਨਾ ਹੀ ਕੇਜਰੀਵਾਲ?

ਜ਼ਵਾਬ : ਉਦੋਂ ਪੰਜਾਬ ਦੀ ਰਾਜਨੀਤੀ ਪਹਿਲਾਂ ਦੋ ਚੀਜ਼ਾਂ ਤੇ ਹੀ ਹੁੰਦੀ ਰਹੀ ਹੈ। ਪਹਿਲਾ ਬਨਿਆਦੀ ਢਾਂਚਾ ਬਣਾਉਣਾ, ਗਲੀਆਂ, ਨਾਲੀਆਂ ਤੇ ਸੜਕਾਂ ਬਣਾਉਣੀਆਂ। ਪਹਿਲਾਂ ਕਾਂਗਰਸੀ ਅਤੇ ਅਕਾਲੀ ਇਨ੍ਹਾਂ ਤੇ ਹੀ ਚਲਦੇ ਰਹੇ। ਮਨਪ੍ਰੀਤ ਬਾਦਲ ਤੇ ਆਮ ਆਦਮੀ ਪਾਰਟੀ ਨੇ ਕੁੱਝ ਵੱਖ ਕੀਤੀ ਕਿ ਗਵਰਨੈਂਸ ਤੇ ਬੁਨਿਆਦੀ ਢਾਂਚਾ ਇਸ ਕਰ ਕੇ ਵਧੀਆ ਨਹੀਂ ਬਣ ਰਿਹਾ ਕਿ ਕੁਰੱਪਸ਼ਨ ਹੈ, ਅਸੀਂ ਜੇਕਰ ਚੰਗੀ ਗਵਰਨੈਂਸ ਦਿਆਂਗੇ ਤਾਂ ਬੁਨਿਆਦੀ ਢਾਂਚਾ ਬਣ ਜਾਵੇਗਾ। ਪਰ ਮੇਰੇ ਖ਼ਿਆਲ ਵਿਚ ਹੁਣ ਇਹ ਆਮ ਲੋਕ ਨੂੰ ਪਤਾ ਲੱਗ ਗਿਆ ਹੈ ਕਿ ਵੋਟਾਂ ਜਿਸ ਨੂੰ ਮਰਜ਼ੀ ਪਾ ਲਵੋ ਕੋਈ ਫ਼ਰਕ ਨਹੀਂ ਪੈਣਾ। ਹੁਣ ਜੇਕਰ ਕਿਸੇ ਨੂੰ ਪੁਛਿਆ ਜਾਵੇ ਕਿ ਤੂੰ ਕਿਸੇ ਨੂੰ ਵੋਟ ਕਿਸ ਨੂੰ ਪਾਉਣੀ ਹੈ ਤਾਂ ਉਹ ਕਹਿੰਦਾ ਹੈ ਕਿ ਜਿਸ ਨੂੰ ਮਰਜ਼ੀ ਪਾ ਲਵੋ ਕੋਈ ਫ਼ਰਕ ਤਾਂ ਪੈਣਾ ਨਹੀਂ ਲੋਕਾਂ ਨੂੰ ਰਾਜਨੀਤੀ ਭਾਸ਼ਾ ਵਿਚ ਇਹ ਕਹਿਣਾ ਤਾਂ ਆਉਂਦਾ ਨਹੀਂ ਕਿ ਕਿਸੇ ਪਾਰਟੀ ਦੀ ਕਰੈਡੀਬਿਲਟੀ ਨਹੀਂ ਰਹੀ, ਪਰ ਲੋਕ ਅਪਣੀ ਭਾਸ਼ਾ ਅਤੇ ਅਪਣੇ ਤਰੀਕੇ ਨਾਲ ਵਿਆਖਿਆ ਕਰਦੇ ਹਨ ਕਿ ਫ਼ਰਕ ਤਾਂ ਪੈਣਾ ਨਹੀਂ, ਸਾਰੇ ਇਕੋ ਹੀ ਹਨ। ਇਸ ਲਈ ਜੇਕਰ ਵਿਸ਼ਵਾਸ਼ਯੋਗਤਾ ਨਾ ਰਹੇ ਤਾਂ ਜਿਹੜੀ ਆਜ਼ਾਦ ਖ਼ਿਆਲ ਸੁਸਾਇਟੀ ਹੈ ਉਸ ਵਿਚ ਤਾਂ ਫਿਰ ਰਾਜਨੀਤੀ ਬਦਲੇਗੀ ਹੀ।

ਸਵਾਲ : ਪਰ ਮੈਂ ਇਹ ਗੱਲ ਪੁੱਛ ਰਿਹਾਂ ਹਾਂ ਕਿ ਇਕ ਮਾਹੌਲ ਹੁੰਦਾ ਹੈ। ਹੁਣ ਜੇਕਰ ਕਿਸਾਨ ਜਿੱਤ ਕੇ ਚਲਾ ਜਾਂਦਾ ਹੈ ਤਾਂ ਕੀ ਇਹ ਮਾਹੌਲ 2022 ਦੀਆਂ ਚੋਣਾਂ ਤੱਕ ਟਿਕਿਆ ਰਹੇਗਾ? ਫਿਰ ਇਸ ਨੂੰ ਚੋਣ ਰਾਜਨੀਤੀ ਵੀ ਕਹਿ ਲਈਏ ਜਾਂ ਇਸ ਤੋਂ ਬਿਨਾਂ ਵੀ ਕਹਿ ਲਈਏ?

ਜਵਾਬ : ਚੋਣ ਰਾਜਨੀਤੀ ਬਾਰੇ ਮੈਂ ਇਸ ਕਰ ਕੇ ਬਹੁਤ ਕੁੱਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਚੋਣ ਰਾਜਨੀਤੀ ਦੇ ਵੱਖਰੇ ਡਾਈਨਾਮਿਕਸ ਹੁੰਦੇ ਹਨ। ਚੋਣ ਲੜਨ ਦੇ ਲਈ ਜੋ ਕੁੱਝ ਚਾਹੀਦਾ ਹੈ ਉਹ ਇਕ ਵੱਖਰਾ ਮਸਲਾ ਹੈ ਪਰ ਜਿਹੜੀ ਗੱਲ ਸੰਘਰਸ਼ ਦੀ ਰਾਜਨੀਤੀ, ਜਿਹੜੀ ਪੰਜਾਬ ਵਿਚ ਖਾੜਕੂ ਮੂਵਮੈਂਟ ਡਾਊਨ ਹੋਣ ਤੋਂ ਬਾਅਦ ਥੱਲੇ ਚਲੇ ਗਈ ਸੀ। ਸੰਘਰਸ਼ ਦੀ ਰਾਜਨੀਤੀ ਚਾਹੇ ਉਹ ਸਿੱਖ ਜਥੇਬੰਦੀਆਂ ਰਾਹੀਂ ਹੋਵੇ ਚਾਹੇ ਉਹ ਮਾਰਕਸਿਸਟ ਜਥੇਬੰਦੀਆਂ ਰਾਹੀਂ ਹੋਵੇ ਅਤੇ ਚਾਹੇ ਉਹ ਸ਼ਡਿਊਲ ਕਾਸਟ ਜਥੇਬੰਦੀਆਂ ਰਾਹੀਂ ਹੋਵੇ, ਪੰਜਾਬ ਵਿਚ ਸੰਘਰਸ਼ ਵਾਲੀਆਂ ਜਥੇਬੰਦੀਆਂ ਦੀ ਰਾਜਨੀਤੀ ਹੈ ਉਹ ਖੜ੍ਹੇਗੀ ਹੀ ਖੜ੍ਹੇਗੀ। ਜੇਕਰ ਉਹ ਖੜ੍ਹੇਗੀ ਤਾਂ ਉਸ ਦਾ ਵੋਟ ਰਾਜਨੀਤੀ ਵਿਚ ਕਿਸੇ ਨਾਲ ਕਿਸੇ ਰੂਪ ਅਸਰ ਜ਼ਰੂਰੀ ਹੈ, ਤੇ ਉਹ ਪਵੇਗਾ।

ਸਵਾਲ : ਕੀ ਮੰਨ ਲਿਆ ਜਾਵੇ ਕਿ ਜਿਹੜਾ ਇਹ ਅੰਦੋਲਨ ਹੈ ਇਹ ਸਾਲ 2022 ਦੀਆਂ ਚੋਣਾਂ ਨੂੰ ਪ੍ਰਭਾਵਤ ਕਰੇਗਾ?

ਜਵਾਬ : ਹਾਂ, ਬਿਲਕੁਲ ਕਰੇਗਾ। ਜਿਹੜੀ ਸਾਲ 2009 ਤੇ ਸਾਨ 2017 ਦੀ ਗੱਲ ਹੈ ਉਸ ਵਿਚ ਸੰਘਰਸ਼ ਦੀ ਗੱਲ ਨਹੀਂ ਸੀ ਚੱਲ ਰਹੀ। ਉਸ ਵਿਚ ਰਿਫ਼ੌਰਮ ਦੀ ਗੱਲ ਚੱਲ ਰਹੀ ਜਿਸ ਵਿਚੋਂ ਸੰਘਰਸ਼ ਦੀ ਰਾਜਨੀਤੀ ਨਹੀਂ ਸੀ ਨਿਕਲ ਸਕਦੀ। ਹੁਣ ਸੰਘਰਸ਼ ਦੀ ਰਾਜਨੀਤੀ ਦੀ ਗੱਲ ਹੈ ਤੇ ਇਸ ਵਿਚੋਂ ਨਵੀਂ ਰਾਜਨੀਤੀ ਨਿਕਲੇਗੀ ਹੀ।

ਸਵਾਲ : ਕੀ ਇਸ ਅੰਦੋਲਨ ਨਾਲ ਇਕ ਬਦਲਦਾ ਨਵਾਂ ਪੰਜਾਬ ਨਜ਼ਰ ਆਏਗਾ?

ਜਵਾਬ : ਆਸ ਤਾਂ ਹੈ, ਆਉਣਾ ਵੀ ਚਾਹੀਦਾ ਹੈ। ਜੋ ਆਮ ਸਮਝ ਹੈ ਉਸ ਹਿਸਾਬ ਨਾਲ ਆਉਣਾ ਤਾਂ ਚਾਹੀਦਾ ਹੈ।

## ...ਅਸੀਂ ਜਿੱਤ ਲੈਣ

ਜ਼ਾਲਮਾਂ ਨਾਲ ਭਿੜਨ ਦਾ ਸਾਡਾ ਲੰਮਾ ਇਤਿਹਾਸ ਐ...।" ਸਹਿਜ ਸੁਭਾਅ ਪੁਛਦੀ ਆਂ- "ਬਾਬਾ ਜੀ ਤੁਸੀਂ ਏਸ ਉਮਰੇ?" "ਹਾਂ ਪੁੱਤ, ਅਸੀਂ ਤਾਂ ਜਿੱਤ ਲੈਣ ਆਏ ਆਂ, ਉਹ ਤਾਂ ਲੈ ਕੇ ਈ ਜਾਵਾਂਗੇ।"

ਔਰਤਾਂ ਦਾ ਜਜ਼ਬਾ ਵੀ ਘੱਟ ਨਹੀਂ। ਕੋਲ ਬਹਿ ਕੇ ਜ਼ਰਾ ਹਾਲ-ਚਾਲ ਪੁੱਛਣ ਦੀ ਦੇਰ ਐ... ਮੋਦੀ ਸਰਕਾਰ ਦੇ ਬਖ਼ੀਏ ਉਧੇੜ ਕੇ ਰੱਖ ਦਿੰਦੀਆਂ ਨੇ। ਇਕ ਥਾਂ ਪਾਣੀ ਮੰਗਦੀ ਹਾਂ.. ਤਾਂ ਤਿੰਨ-ਚਾਰ ਮਾਵਾਂ ਮੱਲੋ-ਮੱਲੀ ਬੈਠਾ ਕੇ ਪ੍ਰਸ਼ਾਦਾ ਵੀ ਛਕਾ ਦਿੰਦੀਆਂ ਨੇ.. ਨਾਲ-ਨਾਲ ਫ਼ਿਕਰ ਵੀ ਜ਼ਾਹਰ ਕਰਦੀਆਂ ਨੇ- "ਪੁੱਤ, ਚੰਗਾ ਕੀਤਾ ਤੁਸੀਂ ਆਏ... ਨਾ ਹੁਣ ਇਹ ਮੋਦੀ ਮੰਨੂਗਾ ਕਿ ਨਹੀਂ..? ਮਰ ਜਾਣੇ ਨੇ ਸਾਨੂੰ ਸੜਕਾਂ 'ਤੇ ਬੈਠਾ'ਤਾ ਲਿਆ ਕੇ... ਜਾਂਦੇ ਅਸੀਂ ਵੀ ਨੀਂ ਹੁਣ... ਆ ਜਿਹੜੇ ਇਹਨੇ ਕਨੂੰਨ-ਛਨੂੰਨ ਜੇ ਲਿਆਂਦੇ ਨੇ... ਇਹ ਤਾਂ ਅਸੀਂ ਰੱਦ ਕਰਵਾ ਕੇ ਹੀ ਘਰਾਂ ਨੂੰ ਜਾਵਾਂਗੀਆਂ। ਪੁੱਤ! ਪੈਲੀਆਂ-ਦੋ ਪੈਲੀਆਂ ਤਾਂ ਜ਼ਮੀਨ ਬਚੀ ਐ.. ਉਹ ਵੀ ਜੇ ਸਾਥੋਂ ਖੋਹ ਲਈ ਤਾਂ ਅਸੀਂ ਰੋਟੀ ਕਿਥੋਂ ਖਾਵਾਂਗੇ। ਬਚਪਨ, ਜਵਾਨੀ ਤਾਂ ਇਨ੍ਹਾਂ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋ ਕੇ ਕੱਟੀ ਐ, ਹੁਣ ਬੁਢਾਪੇ ਵੇਲੇ ਸਾਥੋਂ ਖੋਹਣ ਲਈ ਆ ਗਏ। ਏਨਾ ਖਾ ਖਾ ਕੇ ਇਨ੍ਹਾਂ ਮੋਦੀਆਂ-ਟੋਡੀਆਂ ਦਾ ਢਿੱਡ ਨੀਂ ਪਾਟਦਾ?"

"ਬੀਬੀ ਕੌਣ ਨੇ ਇਹ ਲੋਕ?" ਮੈਂ ਪੁੱਛਦੀ ਹਾਂ।

"ਲੈ ਧੀਏ... ਅਸੀਂ ਅਨਪੜ੍ਹ ਆਂ ਪਰ ਜਿੱਦੇ ਦਾ ਕਿਸਾਨ ਸੰਘਰਸ਼ਾਂ 'ਚ ਜਾਣਾ ਸ਼ੁਰੂ ਕੀਤੈ... ਏਨਾ ਤਾਂ ਪਤਾ ਲਗ ਈ ਗਿਐ ਕਿ ਆ ਅਡਾਨੀਆਂ-ਅੰਬਾਨੀਆਂ ਦੀ ਕਨ੍ਹੇੜੀ ਚੜ੍ਹੀ ਫਿਰਦੈ ਮੋਦੀ... ਫ਼ਸਲਾਂ ਵੇਚਣ ਖੁਣੀ ਤਾਂ ਅਸੀਂ ਪਹਿਲੋਂ ਈ ਔਖੇ ਤੀ, ਉਪਰੋਂ ਹੁਣ ਸਾਡੀਆਂ ਜ਼ਮੀਨਾਂ ਵੀ ਖੋਹਣ ਆ 'ਗੇ... ਪੁੱਤ! ਮਰਦੇ ਮਰਜਾਂਗੇ... ਆਪਣੀ ਜ਼ਮੀਨ ਨੀਂ ਛੱਡਦੇ। ਮੋਦੀ ਦੀ ਧੌਣ 'ਤੇ ਰੱਖਿਆ ਗੋਡਾ ਨਹੀਂ ਚੁੱਕਦੇ ਉਦੋਂ ਤੱਕ ਜਦ ਤੱਕ ਉਹ ਸਾਡੇ ਹੱਕ ਨਹੀਂ ਦਿੰਦਾ।"

ਇਹ ਪਿੰਡਾਂ ਵਾਲੇ ਸਿੱਧੇ-ਸਾਦੇ ਲੋਕ ਹਨ ਜੋ ਘਰ ਤੋਂ ਖੇਤ ਤੇ ਖੇਤ ਤੋਂ ਘਰ ਤੱਕ ਦਾ ਰਾਹ ਈ ਜਾਣਦੇ ਹਨ। ਮੋਦੀ ਸਰਕਾਰ ਨੇ ਇਨ੍ਹਾਂ ਨੂੰ 'ਵਿਕਸਤ ਦਿੱਲੀ' ਦਾ ਉਭੜ-ਖਾਬੜ ਰਾਹ ਵੀ ਦਿਖਾ ਦਿੱਤਾ ਹੈ। ਸਲਾਮ ਹੈ ਇਨ੍ਹਾਂ ਦੇ ਜਜ਼ਬੇ ਨੂੰ, ਇਨ੍ਹਾਂ ਦੇ ਹੌਸਲੇ ਨੂੰ, ਜੋ ਠਰਦੀਆਂ ਸਰਦ ਰਾਤਾਂ ਵਿਚ ਖੁਲ੍ਹੇ ਆਸਮਾਨ ਹੇਠ ਆਪਣੇ ਖੇਤ, ਆਪਣੀ ਮਿੱਟੀ ਬਚਾਉਣ ਲਈ ਡਟ ਗਏ ਹਨ।

ਮੋਦੀ ਸਰਕਾਰ ਆਖਦੀ ਹੈ ਕਿ ਇਨ੍ਹਾਂ ਲੋਕਾਂ ਨੂੰ ਭਰਮਾਇਆ ਜਾ ਰਿਹਾ ਹੈ। ਪਰ ਨਹੀਂ... ਭਰਮ ਵਿਚ ਖੁਦ ਮੋਦੀ ਸਰਕਾਰ ਹੈ। ਉਹ ਨਹੀਂ ਜਾਣਦੀ ਕਿ ਇਨ੍ਹਾਂ ਸਰਹੱਦਾਂ 'ਤੇ ਡਟਿਆ ਹਰ ਬੱਚਾ, ਨੌਜਵਾਨ, ਔਰਤ, ਬਜ਼ੁਰਗ ਮਾਰੂ ਖੇਤੀ ਕਾਨੂੰਨਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ। ਜੇ ਨਾ ਜਾਣਦੇ ਹੁੰਦੇ ਤਾਂ ਇਨ੍ਹਾਂ ਚੁੱਪ-ਚਾਪ ਘਰੇ ਬੈਠੇ ਰਹਿਣਾ ਸੀ। ਇਨ੍ਹਾਂ ਨੂੰ ਤਾਂ ਉਦੋਂ ਹੀ ਪਤਾ ਲਗਣਾ ਸੀ ਜਦੋਂ ਆਪਣੇ ਹੀ ਖੇਤਾਂ ਤੋਂ ਬਾਹਰ ਕਰ ਦਿੱਤਾ ਜਾਂਦਾ। ਵੈਸੇ ਵੀ ਇਹ ਲੜਾਈ ਹੁਣ ਕਾਲੇ ਖੇਤੀ ਕਾਨੂੰਨ ਰੱਦ ਕਰਵਾਉਣ ਤੱਕ ਹੀ ਸੀਮਤ ਨਹੀਂ ਰਹੀ... ਅਗਲੀਆਂ ਲੜਾਈਆਂ ਲਈ ਵੀ ਕਮਰ-ਕੱਸੇ ਕੀਤੇ ਜਾ ਰਹੇ ਹਨ। ਇਹ ਲੜਾਈ ਪਿਛਲੇ ਸਮੇਂ ਦੌਰਾਨ ਮੋਦੀ-ਸ਼ਾਹ ਜੋੜੀ ਵਲੋਂ ਭਾਰਤੀ ਅਵਾਮ 'ਤੇ ਥੋਪੀ ਨੋਟਬੰਦੀ, ਗ਼ਲਤ ਕਿਸਮ ਦੀ ਜੀ.ਐਸ.ਟੀ., ਸੀ.ਏ.ਏ., ਨਾਗਰਿਕਤਾ ਸੋਧ ਕਾਨੂੰਨ, ਐਨ.ਆਰ.ਸੀ., ਕਸ਼ਮੀਰ ਦੇ ਤਿੰਨ ਟੋਟੇ ਕਰਨ, ਧਾਰਾ 370 ਅਤੇ 35-ਏ ਖ਼ਤਮ ਕਰਨ ਤੇ ਉਥੋਂ ਦੇ ਲੋਕਾਂ ਦਾ ਜੀਵਨ ਦੁਸ਼ਵਾਰ ਕਰਨ ਵਰਗੀਆਂ ਚਾਲਾਂ ਖ਼ਿਲਾਫ਼ ਵੀ ਮੁੜ ਤਿੱਖੀ ਹੁੰਦੀ ਜਾ ਰਹੀ ਹੈ। ਇਹ ਆਮ ਲੋਕਾਂ ਦਾ ਉਹ ਗੁਬਾਰ ਹੈ ਜੋ ਕਿਸਾਨੀ ਅੰਦੋਲਨ ਦੇ ਜ਼ਰੀਏ ਬਾਹਰ ਫੁੱਟ ਰਿਹਾ ਹੈ।

ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦਾ ਢੰਡੋਰਾ ਪਿੱਟਣ ਵਾਲੀਆਂ ਤਾਕਤਾਂ ਨੇ ਪੂਰੇ ਵਿਸ਼ਵ ਨੂੰ ਇਕ ਪਿੰਡ ਵਿਚ ਤਬਦੀਲ ਕਰ ਦੇਣ ਦੀਆਂ ਚਾਲਾਂ ਚੱਲੀਆਂ... ਤੇ ਇਹਦੇ ਲਈ ਉਨ੍ਹਾਂ ਉਹ ਹਰ ਹਰਬਾ ਵਰਤਿਆ ਜਿਸ ਨਾਲ ਲੋਕ ਧਰਮਾਂ, ਜ਼ਾਤਾਂ, ਫਿਰਕਿਆਂ, ਨਸਲਾਂ ਵਿਚ ਉਲਝ ਕੇ ਹੋਰ ਹੋਰ ਗ਼ਰੀਬ ਹੁੰਦੇ ਚਲੇ ਗਏ। ਆਪਣੀ ਤਾਕਤ ਤੋਂ ਅਣਜਾਣ ਉਹ ਨਿੱਕੇ-ਨਿੱਕੇ ਟੁਕੜਿਆਂ ਵਿਚ ਵੰਡ ਹੁੰਦੇ ਚਲੇ ਗਏ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ 'ਰਾਸ਼ਟਰਵਾਦ-ਰਾਸ਼ਟਰਵਾਦ' ਦੀ ਐਸੀ ਖੇਡ ਰਚੀ ਕਿ ਪੂਰਾ ਮੁਲਕ ਹੀ ਵੇਚਣ 'ਤੇ ਲਾ ਦਿੱਤਾ। ਪਰ ਹੁਣ ਦਿੱਲੀ ਹਕੂਮਤ ਦੇ ਪਾਵੇ ਦੀਆਂ ਚੂਲਾਂ ਹਿਲਾਉਣ ਵਾਲੇ ਕਿਸਾਨੀ ਅੰਦੋਲਨ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਵੱਖ-ਵੱਖ ਧਰਮਾਂ, ਜ਼ਾਤਾਂ, ਫ਼ਿਰਕਿਆਂ, ਨਸਲਾਂ ਦੇ ਲੋਕਾਂ ਨੇ 'ਦਿੱਲੀ' ਖ਼ਿਲਾਫ਼ ਮੋਰਚਾ ਖੋਲ੍ਹ ਕੇ ਸਰਬ-ਸਾਂਝਾ ਸੰਸਾਰ ਵਸਾ ਲਿਆ ਹੈ।

ਅਜਿਹਾ ਸੰਸਾਰ ਜਿੱਥੇ ਕੋਈ ਕਿਸੇ ਦਾ ਧਰਮ, ਜ਼ਾਤ ਨਹੀਂ ਪੁੱਛਦਾ.. ਕੋਈ ਕਿਸੇ ਦੀ ਹੈਸੀਅਤ ਨਹੀਂ ਪੁੱਛਦਾ.. ਕੋਈ ਕਿਸੇ ਨੂੰ ਨੀਂਵਾਂ ਨਹੀਂ ਦਿਖਾਉਂਦਾ... ਮਿਸਾਲੀ ਭਾਈਚਾਰਕ ਸਾਂਝ ਦੇਖਣ ਨੂੰ ਮਿਲ ਰਹੀ ਹੈ। ਸਭ ਤੋਂ ਵੱਡੀ ਤਬਦੀਲੀ ਨੌਜਵਾਨੀ ਵਿਚ ਦੇਖਣ ਨੂੰ ਮਿਲ ਰਹੀ ਹੈ। ਖ਼ਾਸ ਤੌਰ 'ਤੇ ਪੰਜਾਬ ਦੀ ਜਵਾਨੀ, ਜਿਸ ਨੂੰ ਨਸ਼ੇੜੀ ਤੇ ਵੈਲੀ ਮੰਡੀਰ ਵਜੋਂ ਪੇਸ਼ ਕੀਤਾ ਜਾ ਰਿਹਾ ਸੀ... ਹੋਸ਼ ਅਤੇ ਜੋਸ਼ ਨਾਲ ਮੈਦਾਨ ਵਿਚ ਡਟੀ ਹੋਈ ਹੈ। ਉਨ੍ਹਾਂ ਦੀਆਂ ਅੱਖਾਂ ਵਿਚ ਜੇ ਬਜ਼ੁਰਗਾਂ ਲਈ ਸਨਮਾਨ ਨਜ਼ਰ ਆਉਂਦਾ ਹੈ ਤਾਂ ਔਰਤਾਂ ਪ੍ਰਤੀ ਇੱਜ਼ਤ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਸਿੰਘੂ ਲਾਗੇ ਪਿੰਡ ਦੀ ਇਕ ਕੁੜੀ ਦਸਦੀ ਹੈ- "ਸੜਕ ਤੋਂ ਲੰਘਣ ਲੱਗਿਆਂ, ਸਾਹਮਣੇ ਖੜ੍ਹੇ 8-10 ਸਰਦਾਰ ਮੁੰਡਿਆਂ ਨੂੰ ਦੇਖ ਕੇ ਸਹਿਮ ਜਾਂਦੀ ਹਾਂ.. ਡਰਦੀ ਹਾਂ ਕਿ ਕਿਵੇਂ ਲੰਘਾਂ, ਅਚਾਨਕ 'ਵਾਜ਼ ਆਉਂਦੀ ਹੈ... ਭੈਣ ਜੀ! ਲੰਘ ਜਾਓ



ਇਧਰੋਂ.. ਰਾਹ ਬਣਾ ਕੇ ਮੁੰਡੇ ਪਿਛੇ ਹਟ ਜਾਂਦੇ ਹਨ ਤੇ ਮੈਂ ਉਥੋਂ ਲੰਘ ਕੇ ਅੱਗੇ ਜਾ ਕੇ ਆਪਣੀ ਸਕੂਟੀ ਰੋਕ ਕੇ ਰੋ ਪੈਂਦੀ ਹਾਂ... ਇਹ ਉਹੀ ਰਸਤਾ ਹੈ ਜਿਥੇ ਰੋਜ਼ ਇਲਾਕੇ ਦੇ ਮੁੰਡੇ ਮੈਨੂੰ ਤੰਗ ਕਰਦੇ ਹਨ ਪਰ ਇਨ੍ਹਾਂ ਸਰਦਾਰ ਮੁੰਡਿਆਂ ਨੇ ਭੈਣਜੀ ਆਖ ਸਤਿਕਾਰ ਨਾਲ ਮੇਰੇ ਲੰਘਣ ਲਈ ਰਾਹ ਬਣਾ ਦਿੱਤਾ।"

ਜਿਨ੍ਹਾਂ ਨੌਜਵਾਨਾਂ ਨੇ ਕਦੇ ਪਾਣੀ ਦਾ ਗਿਲਾਸ ਚੁੱਕ ਕੇ ਨਹੀਂ ਸੀ ਪੀਤਾ... ਅੱਜ ਉਹੀ ਲੋਕਾਂ ਲਈ ਲੰਗਰ-ਪਾਣੀ ਦੀ ਸੇਵਾ ਕਰ ਰਹੇ ਹਨ। ਸੜਕਾਂ 'ਤੇ ਸਫ਼ਾਈ ਕਰ ਰਹੇ ਹਨ... ਲੋਕਾਂ ਦੇ ਕੱਪੜੇ ਧੋ-ਧੋ ਕੇ ਦੇ ਰਹੇ ਹਨ... ਆਟਾ ਗੁੰਨ ਰਹੇ ਨੇ... ਫੁਲਕੇ ਸੇਕ ਰਹੇ ਹਨ... ਬਜ਼ੁਰਗਾਂ ਦੇ ਕੰਮ ਸੰਵਾਰ ਰਹੇ ਹਨ। ਮਸਲਾ ਭਾਵੇਂ ਟਰੈਫਿਕ ਕੰਟਰੋਲ ਕਰਨ ਦਾ ਹੋਵੇ ਜਾਂ ਸਟੇਜ ਦੇ ਆਲੇ-ਦੁਆਲੇ ਭੀੜ ਸੰਭਾਲਣ ਦਾ... ਸਭ ਕੁਝ ਬੇਹੱਦ ਅਨੁਸ਼ਾਸਤ ਤਰੀਕੇ ਨਾਲ ਹੋ ਰਿਹੈ..ਇਨ੍ਹਾਂ ਨੌਜਵਾਨਾਂ ਦੀ ਸ਼ਰਾਰਤੀ ਅਨਸਰਾਂ 'ਤੇ ਵੀ ਕੈਰੀ ਨਜ਼ਰ ਰਹਿੰਦੀ ਹੈ। ਹਕੂਮਤ ਪੁਲੀਸ ਰਾਹੀਂ ਕਦੇ ਸ਼ਰਾਬ ਵੰਡਣ ਦੀ ਚਾਲ ਚਲਦੀ ਹੈ ਤੇ ਕਦੇ 'ਕਾਲ ਗਰਲ' ਭੇਜ ਕੇ ਅੰਦੋਲਨ ਬਦਨਾਮ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਪੂਰੀ ਤਰ੍ਹਾਂ ਚੌਕਸ ਇਹ ਵਲੰਟੀਅਰ ਉਸ ਦੀਆਂ ਸਾਰੀਆਂ ਚਾਲਾਂ ਫੇਲ੍ਹ ਕਰ ਰਹੇ ਹਨ।

ਪੰਜਾਬੀ ਤੇ ਹਰਿਆਣਵੀ ਇੰਜ ਬਗਲਗੀਰ ਹੋ ਰਹੇ ਹਨ ਕਿ ਸਿਆਸੀ ਬਿਸਾਤ ਦੇ ਸਾਰੇ ਮੋਹਰਿਆਂ ਦੀਆਂ ਚਾਲਾਂ ਨੱਪ ਲਈਆਂ ਗਈਆਂ ਹਨ। ਜੇ ਛੋਟਾ ਭਰਾ (ਹਰਿਆਣਾ) ਆਪਣੇ ਵੱਡੇ ਭਰਾ (ਪੰਜਾਬ) ਲਈ ਦਿੱਲੀ ਜਾਣ ਦਾ ਰਾਹ ਪੱਧਰਾ ਕਰਦਾ ਹੈ ਤਾਂ ਵੱਡਾ ਭਰਾ ਵੀ ਆਪਣੇ ਛੋਟੇ ਭਰਾ ਲਈ ਪਾਣੀ ਦੀ ਸੂੰਟੀ (ਛੋਟੀ) ਜਿਹੀ ਇਕ ਹੋਰ ਨਹਿਰ ਪੁੱਟਣ ਲਈ ਤਿਆਰ ਹੈ। ਇਕ-ਦੂਜੇ ਦੀਆਂ ਟਰਾਲੀਆਂ ਵਿਚ ਚੜ੍ਹ ਕੇ ਸਾਕ-ਸਕੀਰੀਆਂ ਕੱਢ ਰਹੇ ਹਨ... 'ਹੁੱਕਾ ਸੱਥਾਂ' ਵਿਚ ਬਹਿ ਕੇ ਸਿਆਸੀ ਚਾਲਾਂ ਦੀਆਂ ਘੁੰਡੀਆਂ ਖੋਲ੍ਹ ਰਹੇ ਹਨ।

ਪੰਜਾਬੀ ਹੀ ਨਹੀਂ, ਹਰਿਆਣਵੀ ਵੀ ਛੇ ਮਹੀਨੇ ਤਾਂ ਕੀ ਛੇ ਸਾਲ ਲਈ ਵੀ ਇਨ੍ਹਾਂ ਮੋਰਚਿਆਂ 'ਤੇ ਲੜਨ-ਮਰਨ ਦੀ ਤਿਆਰੀ ਕਰਕੇ ਆਏ ਹਨ।

ਮਾਲੇਰਕੋਟਲੇ ਦਾ ਮੁਸਲਿਮ ਭਾਈਚਾਰਾ ਵੀ ਸੇਵਾ ਦੀ ਮਿਸਾਲ ਕਾਇਮ ਕਰ ਰਿਹਾ ਹੈ। ਸਿੱਖ ਭਾਈਚਾਰਾ ਵੀ ਨਾਲ ਹੀ ਇਕੋ ਤੰਬੂ ਹੇਠ ਡਟਿਆ ਹੈ। ਜਦੋਂ ਨਮਾਜ਼ ਅਦਾ ਕਰਨ ਦਾ ਵੇਲਾ ਹੁੰਦਾ ਹੈ ਤਾਂ ਸਿੱਖ-ਹਿੰਦੂ ਭਾਈਚਾਰੇ ਦੇ ਲੋਕ ਹੱਥ ਜੋੜ ਉਨ੍ਹਾਂ ਦੇ ਪਿਛੇ ਖੜ੍ਹੇ ਹੋ ਜਾਂਦੇ ਹਨ। ਤੇ ਨਮਾਜ਼ ਅਦਾ ਹੁੰਦਿਆਂ ਹੀ ਸਾਰੇ ਲੰਗਰ ਦੀ ਸੇਵਾ ਵਿਚ ਜੁਟ ਜਾਂਦੇ ਹਨ ਤੇ ਲੰਗਰ ਛਕਾਉਣ ਮਗਰੋਂ ਇਕੱਠੇ ਇਕੋ ਥਾਂ ਬਹਿ ਕੇ ਛਕਦੇ ਹਨ।

ਸਿਆਸੀ ਧਿਰਾਂ ਆਪਣੇ ਮੁਫ਼ਾਦਾਂ ਲਈ ਅੱਡੋ-ਪਾਟੀ ਕਰਦੀਆਂ ਆਈਆਂ ਹਨ ਪਰ ਸਾਂਝੇ ਮਸਲਿਆਂ, ਦੁੱਖਾਂ, ਫ਼ਿਕਰਾਂ ਨੇ ਆਮ ਲੋਕਾਂ ਨੂੰ ਇਕ-ਦੂਜੇ ਦੇ ਨੇੜੇ ਹੀ ਨਹੀਂ ਲਿਆਂਦਾ ਸਗੋਂ ਸਾਂਝੇ ਦੁਸ਼ਮਣ ਸਾਹਵੇਂ ਡਟਣ ਦੀ ਤਾਕਤ ਵੀ ਬਖ਼ਸ਼ੀ ਹੈ। ਇਸ ਅੰਦੋਲਨ ਦੀ ਅਗਵਾਈ ਭਾਵੇਂ ਕਿਸਾਨ ਕਰ ਰਹੇ ਹਨ ਪਰ ਇਹ ਪੂਰੀ ਤਰ੍ਹਾਂ ਜਨ ਅੰਦੋਲਨ ਵਿਚ ਤਬਦੀਲ ਹੋ ਚੁੱਕਾ ਹੈ। ਆਮ ਬੰਦਾ ਆਪ ਮੁਹਾਰੇ ਇਨ੍ਹਾਂ ਧਰਨਿਆਂ ਵਿਚ ਨਾ ਸਿਰਫ਼ ਸ਼ਮੂਲੀਅਤ ਕਰ ਰਿਹਾ ਹੈ, ਸਗੋਂ ਬਣਦਾ-ਸਰਦਾ ਯੋਗਦਾਨ ਵੀ ਪਾ ਰਿਹਾ ਹੈ। ਥੀਏਟਰ ਕਲਾਕਾਰ ਆਪਣੇ ਨਾਟਕਾਂ ਰਾਹੀਂ ਲੋਕਾਂ ਨੂੰ ਹੋਰ ਸੁਚੇਤ ਕਰ ਰਹੇ ਹਨ। ਕੁਝ ਪੰਜਾਬੀ ਗਾਇਕਾਂ ਨੇ ਵੀ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਖ਼ਾਸ ਤੌਰ 'ਤੇ ਕੰਵਰ ਗਰੇਵਾਲ ਵਲੋਂ ਗਾਇਆ ਗੀਤ 'ਫ਼ਸਲਾਂ ਦੇ ਫ਼ੈਸਲੇ ਕਿਸਾਨ ਕਰੂਗਾ' ਹਰ ਨੌਜਵਾਨ, ਬਜ਼ੁਰਗ ਦੀ ਜ਼ੁਬਾਨ 'ਤੇ ਹੈ। ਇਸ ਮਾਹੌਲ ਵਿਚ ਨੌਜਵਾਨਾਂ ਨੇ ਹਥਿਆਰਾਂ ਤੇ ਨਸ਼ਿਆਂ ਦੇ ਗੀਤਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

ਨਾਲੋ-ਨਾਲ ਗੁਰਬਾਣੀ ਦਾ ਵੀ ਸਿਮਰਣ ਹੋ ਰਿਹੈ...ਸ਼ਬਦ ਗਾਇਨ ਹੋ ਰਿਹੈ ਹੈ ਤੇ ਮੈਨੂੰ ਬਚਪਨ ਚੇਤੇ ਆਉਂਦਾ ਹੈ ਜਦੋਂ ਸਾਡੇ ਘਰ ਹਰ ਵੇਲੇ ਸ਼ਬਦ ਸੁਣੀਂਦਾ ਸੀ... ਉਹ '84 ਦਾ ਵੇਲਾ ਸੀ ਤੇ ਸ਼ਬਦ ਗੂੰਜਦਾ ਸੀ...

"ਕੁਤਾ ਰਾਜ ਬਹਾਲੀਐ, ਫਿਰਿ ਚਕੀ ਚਟੈ। ਸਪੈ ਦੁਧੁ ਪੀਆਲੀਐ; ਵਿਹੁ ਮੁਖਹੁ ਸਟੈ।"

ਅੱਜ ਇਹ ਸ਼ਬਦ ਮੱਲੋ-ਮੱਲੀ ਜ਼ਹਿਨ ਵਿਚ ਆਉਂਦਾ ਹੈ...। ਹਰ ਯੁੱਗ 'ਚ ਜ਼ਾਲਮ ਹੋਰ ਹੋਰ ਬਲਵਾਨ ਹੋ ਕੇ ਆਉਂਦਾ ਹੈ... ਪਰ ਉਸ ਯੁੱਗ ਦੇ ਲੋਕ ਜ਼ਾਲਮਾਂ ਨਾਲ ਟੱਕਰ ਲੈਂਦੇ ਹਨ ਤੇ ਜਿੱਤਦੇ ਹਨ।

ਅੰਬਾਨੀਆਂ, ਅਡਾਨੀਆਂ ਤੇ ਸੰਸਾਰ ਕਾਰਪੋਰੇਟ ਦਾ ਚਾਬੀ ਵਾਲਾ ਖਿਡੌਣਾ ਮੋਦੀ ਅੜੀ ਕਰੀ ਬੈਠਾ ਹੈ... ਉਹਨੂੰ ਕਰੋੜਾਂ ਲੋਕਾਂ ਦੀ ਚਿੰਤਾ ਨਹੀਂ ਜਿਨ੍ਹਾਂ ਨੇ ਉਹਨੂੰ ਇਸ ਅਹੁਦੇ 'ਤੇ ਬਿਠਾਇਆ... ਉਹਨੂੰ ਚਿੰਤਾ ਉਨ੍ਹਾਂ ਹਜ਼ਾਰਾਂ ਕਰੋੜਾਂ ਰੁਪਏ ਦੀ ਹੈ, ਜੋ ਉਹਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਿਠਾਉਣ ਲਈ ਅੰਬਾਨੀਆਂ-ਅਡਾਨੀਆਂ ਨੇ ਲਾਏ... ਇਸੇ ਲਈ ਉਹ ਲੋਕਾਂ ਨੂੰ ਜਵਾਬਦੇਹ ਨਹੀਂ...ਅੰਬਾਨੀਆਂ-ਅਡਾਨੀਆਂ ਦਾ ਦੇਣਦਾਰ ਹੈ। ਉਨ੍ਹਾਂ ਨੂੰ ਨਾਰਾਜ਼ ਕਰਕੇ ਅਗਲੀ ਵਾਰ ਦੀ ਪ੍ਰਧਾਨ ਮੰਤਰੀ ਦੀ ਕੁਰਸੀ ਨਹੀਂ ਗਵਾਉਣਾ ਚਾਹੁੰਦਾ। ਪਰ ਏਡੀ ਵੀ ਦੇਣਦਾਰੀ ਕੀ ਕਿ ਸਾਰਾ ਮੁਲਕ ਹੀ ਵੇਚਣ ਤੁਰ ਪਵੋ।

ਪਰ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਨੂੰ ਲੋਕਾਂ ਦੀ ਤਾਕਤ ਦਾ ਅੰਦਾਜ਼ਾ ਉੱਕਾ ਹੀ ਨਹੀਂ ਸੀ .. ਸੌ ਸੱਚਾਂ ਦਾ ਸੱਚ ਤਾਂ ਇਹ ਹੀ ਹੈ ਕਿ ਕੁਰਸੀ ਬੇਸ਼ੱਕ ਅੰਬਾਨੀ-ਅਡਾਨੀ ਖ਼ਰੀਦ ਦੇਣ ਪਰ ਲੋਕਾਂ ਨੇ ਜਦੋਂ ਕੁਰਸੀ ਦੇ ਪਾਵੇ ਵੱਢਣੇ ਨੇ ਤਾਂ ਧੜੱਮ ਹੇਠਾਂ ਹੀ ਡਿੱਗਣਾ ਹੈ।

## ਵਾਹੀਕਾਰਾਂ ਦੇ ਦਿੱਲੀ...

ਕਾਂਗਰਸ ਪੱਖੀ ਖਬਰਖਾਨਾ ਅਤੇ ਵਿਚਾਰਵਾਨ ਚਾਹੇ ਵਿਰੋਧ ਵਜੋਂ ਹੀ ਸਹੀ ਪਰ ਇਸ ਵੇਲੇ ਵੱਧ ਅਧਿਕਾਰਾਂ ਵਾਲੇ ਨੁਕਤੇ ਉਤੇ ਸਿੱਧੇ ਅਸਿੱਧੇ ਸਹਿਮਤ ਹਨ।ਜਿਸ ਕਰਕੇ ਆਪਣੀ ਬੋਲੀ ਬਚਾਉਣ ਦਾ ਸਵਾਲ ਭਗਵਿਆਂ ਤੋਂ ਬਿਨਾ ਹੋਰ ਕਿਸੇ ਲਈ ਅਤਿਵਾਦ ਜਾਂ ਵੱਖ ਵਾਦ ਨਹੀਂ ਰਿਹਾ।

ਜੇ ਖੇਤੀ ਸਾਂਝੇ ਨੁਕਤੇ ਵਜੋਂ ਜੁੜਣ ਦਾ ਕਾਰਣ ਬਣਦੀ ਹੈ ਅਤੇ ਖੇਤਰੀ ਪਛਾਣ ਬਚਾਉਣਾ ਸਾਂਝੇ ਮਸਲੇ ਵਜੋਂ ਕੇਂਦਰੀ ਤੱਤ ਬਣ ਜਾਂਦਾ ਹੈ ਤਾਂ ਅਜੋਕੇ ਬਦਲੇ ਹੋਏ ਰਾਜਸੀ ਬਿਰਤਾਂਤ ਵਿਚ ਜਿਤ ਦਾ ਪਹਿਲਾ ਕਦਮ ਬਹੁਤ ਸਹਿਜ ਹੈ।

ਜੋ ਗੱਲ ਦਿੱਲੀ ਚਲੋ ਅੰਦੋਲਨ ਦੀ ਤਰੀਕ ਵਾਲੇ ਦਿਨ ਰਖਿਆ ਮੰਤਰੀ ਨੇ ਕਹੀ ਸੀ ਕਿ ਲੋਕਾਂ ਦੇ ਦਿਲ ਦਿਮਾਗ ਵਿਚ ਲੜਿਆ ਜਾਏਗਾ ਇਹ ਗੱਲ ਰਾਜਹੀਣ ਧਿਰ ਵਜੋਂ ਮਾਰਕਸੀਆਂ ਤੋਂ ਵੱਧ ਕੋਈ ਨਹੀ ਕਰਦਾ। ਜੇ ਉਹ ਆਪਣੀ ਕਲਪਨਾ ਨੂੰ ਭਾਰਤੀ ਰਾਜਨੀਤੀ ਵਿਚ ਪੱਕੀ ਕੀਤੀ ਹੋਈ ਦੂਜੀ ਥਾਂ ਤੋਂ ਕੱਢ ਕੇ ਪਹਿਲੀ ਥਾਂ ਵਜੋਂ ਵੇਖ ਸਕਣ ਤਾਂ ਉਹਨਾਂ ਦੇ ਆਪਣੇ ਅੰਦਰ ਵੀ ਇਨਕਲਾਬ ਦਾ ਬਿਰਤਾਂਤ ਧਰਨੇ ਦੇਣ ਅਤੇ ਮੁਆਵਜੇ ਮੰਗਣ/ ਦਿਵਾਉਣ ਦੀ ਥਾਂ ਹਕੂਮਤ ਬਦਲਨ ਵਿਚ ਬਦਲ ਜਾਏਗਾ।

ਰਾਜਸੀ ਮਾਹੌਲ: ਭਾਰਤ ਅਤੇ ਪਾਕਿਸਤਾਨ ਪੱਕੇ ਵਿਰੋਧੀ ਅਤੇ ਗੁਆਂਢੀ ਹਨ। ਦੋਵਾਂ ਮੁਲਕਾਂ ਦੀ ਮਾਲੀ ਹਾਲਤ ਬਹੁਤ ਮਾੜੀ ਹੈ। ਭਾਰਤ ਦੇ ਦੋ ਸਰਹੱਦੀ ਸੂਬੇ ਪੰਜਾਬ ਸਭਿਆਚਾਰਕ ਪੱਖ ਤੋਂ ਅਤੇ ਕਸ਼ਮੀਰ ਧਾਰਮਿਕ ਪੱਖ ਤੋਂ ਪਾਕਿਸਤਾਨ ਨਾਲ ਜੁੜੇ ਹੋਏ ਹਨ। ਕੌਮਾਂਤਰੀ ਰਾਜਨੀਤੀ ਵਿਚ ਏਹ ਗੱਲ ਆਪਣੇ ਆਪ ਵਿਚ ਹੀ ਬਹੁਤ ਮੁੱਲ ਰੱਖਦੀ ਹੈ ਕਿ ਭਾਰਤੀ ਹਕੂਮਤ ਦੇ ਦੋਵਾਂ ਸੂਬਿਆਂ ਨਾਲ ਸਬੰਧ ਪਹਿਲਾਂ ਨਾਲੋਂ ਵੱਧ ਖਰਾਬ ਹਨ ਅਤੇ ਦੋਵਾਂ ਸੂਬਿਆਂ ਨਾਲ ਪੱਕੇ ਦੁਸ਼ਮਣ ਦੇ ਸਬੰਧ ਸਦੀਵੀ ਸਾਂਝ ਵਾਲੇ ਹਨ।

ਜੇ ਭਾਰਤੀ ਹਕੂਮਤ ਇਹ ਸੰਘਰਸ਼ ਨੂੰ ਪਾਕਿਸਤਾਨ ਨਾਲ ਜੋੜਦੀ ਹੈ ਤਾਂ ਗੁਆਂਢੀ ਮੁਲਕ ਆਪਣੇ ਲੋਕਾਂ ਦਾ ਧਿਆਨ ਮਾੜੀ ਹਾਲਤ ਤੋਂ ਮੋੜਣ ਲਈ ਅਤੇ ਭਾਰਤੀ ਹਕੂਮਤ ਨਾਲ ਹਿਸਾਬ ਬਰਾਬਰ ਕਰਨ ਲਈ ਮੌਕਾ ਬਣ ਸਕਦਾ ਹੈ ਜਿਸ ਕਰਕੇ ਉਹਦਾ ਇਕ ਵੀ ਬਿਆਨ ਇਹ ਸੰਘਰਸ਼ ਨੂੰ ਕੌਮਾਂਤਰੀ ਮਾਨਤਾ ਦੁਆਉਣ ਵਾਲਾ ਹੋ ਸਕਦਾ ਹੈ।

ਭਾਰਤ ਦਾ ਗੁਆਂਢੀ ਅਤੇ ਦੁਨੀਆ ਵਿਚ ਇਕ ਨੰਬਰ ਬਣਨ ਦਾ ਦਾਅਵੇਦਾਰ ਚੀਨ ਇਸ ਵੇਲੇ ਜੰਗੀ ਅੰਦਾਜ ਵਿਚ ਹੈ। ਜੇ ਉਹਨਾਂ ਦਾ ਲਾਲ ਝੰਡਾ ਕਿਸਾਨਾਂ ਦੇ ਇਕੱਠ ਵਿਚ ਝੂਲਦੇ ਲਾਲ ਝੰਡਿਆਂ ਨੂੰ ਵੇਖ ਕੇ ਇਹ ਅੰਦਾਜਾ ਲਾਵੇ ਕਿ ਭਾਰਤ ਵਿਚ ਲਾਲ ਝੰਡਾ ਲਾਲ ਕਿਲੇ ਦੇ ਬਹੁਤ ਨੇੜੇ ਹੈ ਤਾਂ ਇਹ ਗੱਲ ਕਿਸਾਨੀ ਸੰਘਰਸ਼ ਦਾ ਤਿਆਨਮਿਨ ਚੌਕ ਵਾਂਗ ਨਾਸ ਮਾਰਣ ਦਾ ਕਾਰਣ ਵੀ ਬਣ ਸਕਦੀ ਹੈ ਪਰ ਇਹ ਦੁਨੀਆ ਦੀ ਵੱਡੀ ਕਰਾਂਤੀ ਵੀ ਬਣ ਸਕਦੀ ਹੈ।

ਅਮਰੀਕਾ ਦੇ ਵੱਡੇ ਵਿਰੋਧੀ ਮੁਲਕ ਰੂਸ ਅਤੇ ਚੀਨ ਹਨ ਜਿਹੜੇ ਸਬੰਧਾਂ ਵਜੋਂ ਲੁਕਵੀਂ ਜੰਗ ਲੜ ਰਹੇ ਹਨ। ਇਸ ਬਾਰੇ ਇਗਲੈਂਡ ਦੇ ਫੌਜੀ ਜਰਨੈਲ ਨੇ ਤੀਜੀ ਸੰਸਾਰ ਜੰਗ ਲੱਗਣ ਦੀ ਕਲਪਨਾ ਕਰ ਦਿੱਤੀ ਹੈ। ਚੀਨ ਅਤੇ ਰੂਸ ਲਾਲ ਝੰਡੇ ਦੇ ਦਾਅਵੇਦਾਰ ਹਨ ਇਹ ਗੱਲ ਭਾਵੇਂ ਓਨੀ ਕੁ ਸੱਚ ਹੈ ਜਿੰਨੀ ਕੁ ਭਾਰਤ ਦਾ ਲੋਕਤੰਤਰੀ ਹੋਣਾ ਪਰ ਇਹ ਦਾਅਵੇ ਦੀ ਹੋਂਦ ਹੈ। ਇਹ ਝੂਠ ਮੂਠ ਦਾ ਦਾਅਵਾ ਲਾਲ ਝੰਡੇ ਵਾਲੀ ਸਾਂਝ ਨੂੰ ਵੀ ਕੌਮਾਂਤਰੀ ਅਰਥ ਦੇ ਸਕਦਾ ਹੈ ਪਰ ਜੇ ਕੋਈ ਲੈਨਿਨ ਵਾਂਗ ਜੀਨੋਵੀਵ ਦੀਆਂ ਗੱਲਾਂ ਤੋਂ ਬਾਹਰ ਹੋਵੇ ਭਾਵ ਅੱਜ ਦੀ ਘੜੀ ਕੋਈ ਖੱਬੇਪੱਖੀ ਸੱਜੇ ਫੋਬੀਏ ਤੋਂ ਮੁਕਤ ਹੋਣ ਦੀ ਕਲਪਨਾ ਕਰੇ।

ਵਿਰੋਧ ਦਾ ਪੱਧਰ: ਕਿਸਾਨਾਂ ਦੀਆਂ ਖੁਦਕਸ਼ੀਆਂ ਉਚੀ ਨੈਤਕਤਾ ਵਿਚ ਬੁਜਦਿਲੀ ਜਾਂ ਕਮਜੋਰੀ ਕਹੀਆਂ ਜਾ ਸਕਦੀਆਂ ਹਨ ਪਰ ਰਾਜਨੀਤੀ ਦੇ ਪਰਸੰਗ ਵਿਚ ਆਪੇ ਨੂੰ ਮਾਰ ਲੈਣ ਦਾ ਪੈਂਤੜਾ ਵਿਰੋਧ ਦਾ ਸਭ ਤੋਂ ਨਿਰਛਲ ਰੂਪ ਹੈ। ਕਿਸੇ ਦੇ ਇਰਾਦੇ ਦੀ ਇਸ ਤੋਂ ਵੱਧ ਪਰਖ ਦਾ ਕੋਈ ਪੈਮਾਨਾ ਹਾਲੇ ਤੱਕ ਬਣਿਆ ਨਹੀਂ ਹੈ। ਜਿੰਨੀ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਮੌਤ ਗਲ਼ ਲਾਈ ਹੈ ਉਹਦਾ ਕਾਰਣ ਇਹ ਨਹੀਂ ਹੈ ਕਿ ਉਹਨਾਂ ਨੇ ਗਲਤ ਆਦਤਾਂ ਜਾਂ ਵਿਉਤਾਂ ਨਾਲ ਕਰਜਾ ਸਿਰ ਚੜ੍ਹਾ ਲਿਆ। ਅਸਲ ਕਰਜਾ ਤਾਂ ਖਰਬਪਤੀਆਂ ਜਾਂ ਸੰਖਪਤੀਆਂ ਸਿਰ ਹੁੰਦਾ ਹੈ। ਸਮੁੱਚੇ ਭਾਰਤ ਦੇ ਕਿਸਾਨਾਂ ਦਾ ਕਰਜਾ ਓਨਾ ਨਹੀਂ ਸੀ ਜਿੰਨਾ ਕੁ ਕਰਜਾ ਇਹ ਸਰਕਾਰ ਨੇ ਤਿੰਨ ਵੱਡੇ ਅਮੀਰਾਂ ਨੂੰ ਮਾਫ ਕਰ ਦਿੱਤਾ ਹੈ।

ਅਸਲ ਮਾਮਲਾ ਇਹ ਹੈ ਕਿ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਜਿਸ ਹਿਸਾਬ ਨਾਲ ਕਿਸਾਨ ਖੁਦਕਸ਼ੀ ਕਰ ਰਹੇ ਹਨ ਉਹ ਹਕੂਮਤ ਅਤੇ ਸਮਾਜ ਦੀ ਅਗਵਾਈ ਤੋਂ ਭਰੋਸਾ ਉਠ ਜਾਣ ਦਾ ਸਭ ਤੋਂ ਠੋਸ ਸਬੂਤ ਅਤੇ ਅਮਲ ਹੈ।

ਸ਼ਹਿਰਾਂ ਦੀਆਂ ਗਲ਼ੀਆਂ ਵਿਚ ਜੋ ਅੰਦਰੂਨੀ ਦੁਸ਼ਮਣਾਂ ਨਾਲ 'ਗੋਲੀ ਮਾਰੋ ਸਾਲੋਂ ਕੋ' ਦਾ ਵਿਰੋਧ ਪੱਧਰ ਹੈ ਉਹਦੇ ਮੁਕਾਬਲੇ ਕਿਸਾਨੀ ਆਪਣੇ ਆਪ ਵਿਚ ਹੀ ਅੱਗੇ ਲੰਘ ਗਈ ਹੈ ਉਹ ਹਰ ਭਾਂਤ ਦੀ ਗੋਲੀ ਖਾਣ ਲਈ ਤਿਆਰ ਹਨ। ਮਾਰਣ ਦਾ ਡਰਾਵਾ ਓਹਨਾਂ ਉਤੇ ਹੀ ਕੰਮ ਕਰਦਾ ਹੈ ਜਿਹੜੇ ਡਰਦੇ ਹੋਣ।

ਇਹ ਸਮਝ ਲੈਣਾ ਚਾਹੀਦਾ ਹੈ ਇਹ ਸੰਘਰਸ਼ ਹਕੂਮਤ ਦੇ ਵਿਰੋਧ ਵਿਚ ਵੀ ਸਿਖਰ ਉਤੇ ਹੈ ਅਤੇ ਸਮਾਜਕ ਅਗਵਾਈ ਦੇ ਵਿਰੋਧ ਵਿਚ ਵੀ ਹੈ।

ਪੰਜਾਬ ਦੀ ਸਭ ਤੋਂ ਪੁਰਾਣੇ ਰਾਜਸੀ ਦਲ ਦਾ ਜੋ ਹਾਲ ਹੋਇਆ ਹੈ ਲੋਕਾਂ ਦੇ ਭਰੋਸੇ ਉਠਣ ਦਾ ਮਾਮਲਾ ਹੈ।

ਕਿਸਾਨ ਸੰਘਰਸ਼ ਦੀ ਅਗਵਾਈ ਵਾਲੇ ਲੋਕ ਵੀ ਯਾਦ ਰੱਖਣ ਕਿ ਇਨਲਕਾਬ ਹੋਣ ਦੀ ਸੰਭਾਵਨਾ ਸਿਰਫ ਹਕੂਮਤਾਂ ਨੂੰ ਹੀ ਨਹੀਂ ਖਾਂਦੀ ਸਗੋਂ ਸ਼ੇਰ ਦੀ ਸਵਾਰੀ ਕਰਣ ਵਾਲੇ ਵਾਂਗ ਆਪਣੇ ਸਵਾਰ ਨੂੰ ਵੀ ਖਾ ਜਾਂਦੀ ਹੈ। ਕਿਸੇ ਮਾਮਲੇ ਉਤੇ ਆਪ ਮੁਹਾਰੇ ਇਕੱਠੀ ਹੋਈ ਜਵਾਨੀ ਦੀ ਅਗਵਾਈ ਆਪਣੇ ਆਪ ਵਿਚ ਹੀ ਸ਼ੇਰ ਦੀ ਸਵਾਰੀ ਹੈ। ਇਸ ਕਰਕੇ ਧਰਨੇ ਦੇ ਅੱਗੇ ਇਕ ਸ਼ੇਰਨੁਮਾ ਹਕੂਮਤ ਹੈ ਜੋ ਹੋ ਸਕਦਾ ਹੈ ਤਾਸ਼ ਦੇ ਪੱਤਿਆਂ ਵਾਂਗ ਖਿਲਰ ਜਾਵੇ ਪਰ ਪਿਛੇ ਮੁੜਣ ਨਾਲ ਦੋ ਸ਼ੇਰ ਖੜ੍ਹੇ ਹਨ ਜੋ ਬਹੁਤ ਹਕੀਕੀ ਹਨ। ਬਾਕੀ ਸੂਬਿਆਂ ਦੇ ਲੋਕ ਆਪਣੇ ਆਗੂਆਂ ਨਾਲ ਭੱਜਣ ਦੀ ਹਾਲਤ ਵਿਚ ਕੀ ਕਰਨਗੇ ਇਹਦਾ ਅੰਦਾਜਾ ਨਹੀ ਹੈ ਪਰ ਇਹ ਗੱਲ ਕੋਈ ਕਲਪਨਾ ਨਹੀਂ ਹੈ ਕਿ ਪੰਜਾਬ ਵਿਚ ਜੰਗ ਵਿਚੋਂ ਭੱਜਿਆਂ ਜਾਂ ਹੱਥ ਖੜੇ ਕਰਣ ਵਾਲਿਆਂ ਨੂੰ ਮਰ ਕੇ ਵੀ ਥਾਂ ਨਹੀਂ ਮਿਲਦੀ। ਨਾ ਇਹ ਕਲਪਨਾ ਹੈ ਕਿ ਲੋਕ ਹਕੂਮਤਾਂ ਨਾਲ ਉਸੇ ਗੱਲਬਾਤ ਸੱਚੀ ਮੰਨਦੇ ਹਨ ਜਿਹੜੀ ਗੱਲ ਹਕੂਮਤੀ ਆਗੂਆਂ ਤੋਂ ਖੁੱਲੇ ਮੈਦਾਨ ਵਿਚ ਖੜ੍ਹਾ ਕੇ ਬੁਲਾਈ ਹੁੰਦੀ ਹੈ।

ਇਹ ਵੀ ਕਲਪਨਾ ਨਹੀਂ ਹੈ ਕਿ ਤਖਤਾਂ ਨਾਲ ਟਕਰਾਉਣ ਤੁਰੇ ਕਾਫਲਿਆਂ ਦੀ ਧਮਕ ਹਾਕਮਾਂ ਦੇ ਸੀਨੇ ਪੈਂਦੀ ਹੈ ਪਰ ਮੁੜਿਆਂ ਉਸੇ ਕਾਫਲੇ ਦੀ ਧੂੜ ਵੀ ਓਹਨਾਂ ਸਿਰਾਂ ਉਤੇ ਪੈ ਜਾਂਦੀ ਹੈ ਜਿਹੜਿਆਂ ਉੱਤੇ ਕਲਗੀ ਲਗਣੀ ਹੁੰਦੀ ਹੈ। ਇਸ ਕਰਕੇ ਹੀ ਹਕੂਮਤਾਂ ਖਿਲਾਫ ਜੂਝਣ ਦੀ ਪੁਰਾਣੀ ਅਤੇ ਪੱਕੀ ਨੀਤੀ ਤਖਤ ਜਾਂ ਤਖਤਾ ਹੈ।

## ਦੇਸ਼ ਤੇ ਦੁਨੀਆ ਲਈ...

ਵਹੀਰਾਂ ਵਿਚ ਤੁਰਨ ਅਤੇ ਛਾਉਣੀਆਂ ਵਿਚ ਰਹਿਣ ਦੇ ਇਤਿਹਾਸ ਵਾਲਿਆਂ ਨੇ ਇਸ ਸੰਘਰਸ਼ ਨਾਲ ਭਾਰਤੀ ਜਨਤਾ ਪਾਰਟੀ ਵੱਲੋਂ ਨਰਿੰਦਰ ਮੋਦੀ ਨੂੰ ਧੱਕੜ ਤਾਨਾਸ਼ਾਹ ਵਜੋਂ ਸਥਾਪਤ ਕਰਕੇ ਅੱਗੇ ਵਧਾਏ ਜਾ ਰਹੇ ਹਿੰਦੂਤਵੀ ਏਜੰਡੇ ਦਾ ਘੋੜਾ ਡੱਕ ਦਿੱਤਾ ਹੈ । ਆਰਐੱਸਐੱਸ ਅਤੇ ਬੀਜੇਪੀ ਦੇ ਸੁਫਨੇ ਕੱਖਾਂ ਵਾਂਗੂੰ ਰੁਲਦੇ ਪ੍ਰਤੀਤ ਹੋ ਰਹੇ ਹਨ। ਦਿੱਲੀ ਤਖਤ ਦਾ ਤਾਣ ਅਤੇ ਮਾਣ ਘੱਟੇ ਕੌਡੀਆਂ ਹੁੰਦਾ ਲੋਕਾਈ ਨੇ ਅੱਖੀਂ ਤੱਕਿਆ ਹੈ।ਬੇਸ਼ੱਕ ਪੰਜਾਬ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ ਪਰ ਸੰਘਰਸ ਦੇ ਬੁਲੰਦ ਜਜਬੇ, ਸੂਖਮ, ਸਾਂਝੀ, ਬੌਧਿਕ ਅਤੇ ਪੁਖਤਾ ਪੈਂਤੜੇਬਾਜੀ ਨੇ ਦਿੱਲੀ ਤਖਤ ਨੂੰ ਵੀ ਹੋਂਦ ਦੇ ਸਵਾਲ ਨਾਲ ਜੂਝਣ ਲਈ ਮਜਬੂਰ ਕਰ ਦਿੱਤਾ ਹੈ। ਬਿੱਲ ਦੋਸ਼ ਪੂਰਨ ਹਨ ਇਹ ਵੀ ਮੰਨ ਲਿਆ ਗਿਆ, ਸੋਧਾਂ ਕਰਨੀਆਂ ਵੀ ਮੰਨ ਲਈਆਂ ਗਈਆਂ ਪਰ ਵਾਪਸ ਕਰਨ ਤੋਂ ਭੱਜਣ ਦਾ ਕਾਰਨ ਇਹ ਹੈ ਕਿ ਇਸ ਨਾਲ ਸਥਾਪਤੀ ਦੀ ਹੈਂਕੜ ਨੇਸਤੋ ਨਾਬੂਤ ਹੁੰਦੀ ਦਿਸਦੀ ਹੈ।

ਇਸ ਮੋਰਚੇ ਦੀਆਂ ਅਨੇਕ ਵਿਸ਼ੇਸ਼ਤਾਵਾਂ ਹਨ ਜੋ ਦੁਨੀਆਂ ਨੂੰ ਹੈਰਾਨ ਕਰਦੀਆਂ ਹਨ । ਵਿਰੋਧਾਂ ਦਾ ਮੇਲ ਕਰਨ ਦੀ ਸਮਰੱਥਾ : ਇਸ ਮੋਰਚੇ ਦੀ ਕੇਂਦਰੀ ਲਿਵ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਜੀਵਨ ਅਮਲ ਹੈ । ਸਿੱਖ ਸਿਧਾਂਤ ਅਤੇ ਅਮਲ ਵੱਖ ਵੱਖ ਧਰਮ, ਫਲਸਫੇ ਵਿਚਾਰਧਾਰਾਵਾਂ ਅਤੇ ਸਭਿਆਚਾਰਾਂ ਨੂੰ ਸਾਂਝੀਵਾਲਤਾ ਦੇ ਸੂਤਰ ਵਿਚ ਪ੍ਰੋਣ ਦੀ ਸਮਰੱਥਾ ਰੱਖਦਾ ਹੈ ਇਸ ਕਾਰਨ ਇਹ ਵਿਰੋਧਾਂ ਨੂੰ ਸਮਾਉਣ ਵਿਚ ਵਧੇਰੇ ਸਮਰੱਥ ਹੈ।ਦਿੱਲੀ ਮੋਰਚੇ ਵਿਚ ਹਰ ਕੋਈ ਸਿੱਖ ਮਿਸਲਾਂ ਵੇਲੇ ਦੀ ਤਰ੍ਹਾਂ ਆਪਸੀ ਮੱਤਭੇਦ ਭੁਲਾਅ ਕੇ ਸਾਂਝੇ ਨਿਸ਼ਾਨੇ ਦੀ ਪ੍ਰਾਪਤੀ ਲਈ ਭਰਪੂਰ ਯੋਗਦਾਨ ਪਾ ਰਿਹਾ ਹੈ ਅਤੇ ਸ਼ਮੂਲੀਅਤ ਕਰ ਰਿਹਾ ਹੈ।ਕਿਉਂਕਿ ਪੰਥ ਪੰਜਾਬ ਕਿਸਾਨੀ ਸੰਘਰਸ ਦੀ ਅਗਵਾਈ ਕਰ ਰਿਹਾ ਹੈ ਜਿਸਦੀਆਂ ਸਰਬੱਤ ਦੇ ਭਲੇ ਅਤੇ ਸਮੂਹਕ ਸ਼ਮੂਲੀਅਤ ਦੀਆਂ ਧਾਰਨਾਵਾਂ ਕਾਰਨ ਹਰੇਕ ਵਰਗ ਇਸ ਸੰਘਰਸ ਨੂੰ ਆਪਣਾ ਸੰਘਰਸ ਸਮਝ ਕੇ ਇਸਦਾ ਸਮਰਥਨ ਕਰ ਰਿਹਾ ਹੈ।

ਖਾਲਸਾ ਪੰਥ ਦੀ ਨਿਤਾਣਿਆਂ ਅਤੇ ਲਿਤਾੜਿਆਂ ਨਾਲ ਖੜ੍ਹੇ ਹੋਣ ਦੀ ਮਹਾਨ ਪ੍ਰੰਪਰਾ ਹੈ।ਇਸ ਸੰਘਰਸ ਨੇ ਖਾਲਸਾ ਜੀ ਨੂੰ 'ਇੰਡੀਆ' ਦੁਆਰਾ ਰਾਜਨੀਤਕ ਅਤੇ ਆਰਥਿਕ ਤੌਰ 'ਤੇ ਹੱਕਾਂ ਤੋਂ ਵਾਂਝੇ ਕੀਤੇ ਲੋਕਾਂ ਦੀਆਂ ਨਜਰਾਂ ਵਿਚ ਆਗੂ ਵਜੋਂ ਮੁੜ ਸਥਾਪਤ ਕੀਤਾ ਹੈ।ਲੋਕਾਈ ਦਾ ਸਿੱਖਾਂ ਉਪਰ ਯਕੀਨ ਵਧ ਗਿਆ ਹੈ ਅਤੇ ਸਿੱਖ ਨਾਇਕਤਵ ਦੀ ਇੰਡੀਆ ਦੇ ਦੂਰ ਦਰਾਜ ਇਲਾਕਿਆਂ ਅਤੇ ਕੁੰਜ ਗੋਸ਼ਿਆਂ ਤੱਕ ਰਸਾਈ ਹੋਈ ਹੈ। ਇਹ ਸੰਘਰਸ ਸਥਾਪਤੀ ਵਿਰੁੱਧ ਲੜਨ ਵਾਲਿਆਂ ਲਈ ਆਸ ਦੀ ਕਿਰਨ ਅਤੇ ਇਹ ਸੰਘਰਸ ਵਾਲੀ ਧਿਰ ਵਜੋਂ ਪੰਜਾਬੀਆਂ ਦੀ ਸਥਾਪਤੀ ਹੋਈ ਹੈ

ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬ ਦੇ ਸਿਰਮੌਰ ਆਈਸੀਐਸ ਅਧਿਕਾਰੀ ਸਨ। ਉਹ ਮੰਨਦੇ ਸਨ ਕਿ ਪੰਜਾਬ ਵਿੱਚ ਖੇਤੀ ਆਮਦਨ ਦਾ ਸਾਧਨ ਨਹੀਂ ਬਲਕਿ ਖੁਦ ਮੁਖਤਾਰੀ ਦਾ ਸੱਭਿਆਚਾਰ ਸਿਰਜਣ ਅਤੇ ਜੀਣ ਦੀ ਕਲਾ ਹੈ।ਇਸੇ ਕਰਕੇ ਪੰਜਾਬ ਨੇ ਹਿੰਦੋਸਤਾਨ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਪਹਿਲਾਂ ਵੀ ਖੁਦਮੁਖਤਿਆਰੀ ਲਈ ਆਵਾਜ਼ ਬੁਲੰਦ ਕੀਤੀ ਅਤੇ ਸੰਘਰਸ਼ ਲੜਿਆ ।

ਇਤਿਹਾਸ ਵਿੱਚ ਸਿੱਖਾਂ ਨੇ ਸ਼ਾਹੀ ਸ਼ਾਨ ਹੰਢਾਈ ਹੋਈ ਹੈ ਸ਼ਾਹੀ ਸ਼ਾਨ ਹੰਢਾਉਣ ਕਾਰਨ ਇਨ੍ਹਾਂ ਨੂੰ ਸ਼ਾਸ਼ਕ ਵਜੋਂ ਸੋਚਣ ਦਾ ਤਰੀਕਾ ਆਉਂਦਾ ਹੈ।ਇਸ ਸੰਘਰਸ਼ ਵਿਚ ਦਿੱਲੀ ਬਨਾਮ ਪੰਜਾਬ ਦਾ ਸਾਰਾ ਪ੍ਰਤੀਕ ਸੰਸਾਰ ਇਸੇ ਗੱਲ ਦੀ ਉੱਘੜਵੀਂ ਗਵਾਹੀ ਦੇ ਰਿਹਾ ਹੈ।ਪੰਜਾਬ ਦਿੱਲੀ ਨੂੰ ਇੰਝ ਸੰਬੋਧਨ ਕਰ ਰਿਹਾ ਹੈ ਜਿਵੇਂ ਇੱਕ ਪ੍ਰਭੂਸੱਤਾਧਾਰੀ ਦੂਜੇ ਪ੍ਰਭੂਸੱਤਾਧਾਰੀ ਨੂੰ ਸੰਬੋਧਨ ਕਰਦਾ ਹੈ ।ਇਸ ਦੇ ਮੁਕਾਬਲਤਨ ਬਾਕੀ ਹਿੰਦੁਸਤਾਨ ਦਾ ਸੱਭਿਆਚਾਰ ਅੱਜ ਵੀ ਮਨੂੰ ਸਿਮਰਤੀ ਦੀ ਪੀਡੀ ਪਕੜ ਵਿੱਚ ਹੈ।ਮਨੂ ਸਮਰਿਤੀ ਸਮਾਜਿਕ ਵੰਡੀਆਂ ਦਾ ਪ੍ਰਬੰਧ ਹੈ ਜਿਸ ਵਿੱਚ ਰਾਜਨੀਤੀ ਜਾਂ ਰਾਜਸੀ ਪ੍ਰਬੰਧ ਕੇਵਲ ਖੱਤਰੀਆਂ ਲਈ ਨਿਰਧਾਰਤ ਹੈ।ਇਸ ਪ੍ਰਬੰਧ ਦੇ ਅਜੋਕੇ ਪਰਤਾਓ ਵਜੋਂ ਲੋਕਾਂ ਨੇ ਰਾਜਸੀ ਖੇਤਰ ਵਿੱਚ ਕਾਰਜਸ਼ੀਲ ਅਤੇ ਧਨਾਢ ਲੋਕਾਂ ਨੂੰ ਰਾਜਨੀਤੀ ਲਈ ਜੁੰਮੇਵਾਰ ਮੰਨ ਲਿਆ ਹੈ। ਇਸ ਕਾਰਨ ਬਾਕੀ ਹਿੰਦੋਸਤਾਨ ਦਾ ਕਿਸਾਨ ਆਪਣੇ ਆਪ ਨੂੰ ਸ਼ਾਸਕ ਜਾਂ ਪ੍ਰਭੂਸੱਤਾਧਾਰੀ ਕਦੇ ਨਹੀਂ ਸਮਝਦਾ।

ਮੋਦੀ ਸਰਕਾਰ ਵੱਲੋਂ ਇਸ ਮੋਰਚੇ ਬਾਰੇ ਕੂੜ ਪ੍ਰਚਾਰ ਦਾ ਜੋ ਪ੍ਰਾਪੇਗੰਡਾ ਆਰੰਭ ਕੀਤਾ ਗਿਆ ਉਸ ਨੂੰ ਵੀ ਇਸ ਮੋਰਚੇ ਵਿਚਲੀ ਅਗੰਮੀ ਸ਼ਕਤੀ ਨੇ ਬਾਖੂਬੀ ਨਜਿੱਠਿਆ ਹੈ। ਸਾਈਬਰ ਸਪੇਸ ਤੋਂ ਲੈ ਕੇ ਹਰੇਕ ਮਰਹਲੇ ਤੇ ਸੰਘਰਸ਼ ਵਿੱਚ ਕਾਰਜਸ਼ੀਲ ਸੰਘਰਸ਼ੀ ਯੋਧੇ ਪੇਸ਼ ਪੇਸ਼ ਰਹੇ ਹਨ।ਇਸ ਮੋਰਚੇ ਸਬੰਧ ਕੀਤੇ ਕੂੜ ਪਰਚਾਰ ਨੂੰ ਕਿਸੇ ਅਲੋਕਾਰੀ ਸ਼ਕਤੀ ਨੇ ਬਿਜਲਈ ਝਪਟ ਨਾਲ ਹੂੰਝ ਦਿੱਤਾ ਤੇ ਸੰਘਰਸ ਅਗਾਂਹ ਲੰਘਦਾ ਜਾ ਰਿਹਾ ਹੈ। ਰਾਜਨੀਤਕ ਦਲਾਂ ਦੀ ਰਵਾਇਤੀ ਸੋਚ ਅਤੇ ਕੰਮਕਾਰ ਦੇ ਢੰਗ ਇਸ ਸੰਘਰਸ਼ ਦੀ ਤੀਬਰ ਗਤੀ ਨਾਲ ਮੇਲ ਨਹੀਂ ਖਾਂਦੇ ਨਾ ਹੀ ਸੰਘਰਸ ਵਿਚ ਕਾਰਜਸ਼ੀਲ ਜਜਬੇ ਦੀ ਪਵਿੱਤਰਤਾ ਅਤੇ ਪ੍ਰਚੰਡਤਾ ਨਾਲ ਰਵਾਇਤੀ ਧਿਰਾਂ ਦਾ ਕੋਈ ਮੇਲ ਬਣ ਸਕਿਆ ਹੈ।ਇਸ ਕਰਕੇ ਉਹ ਹਾਸ਼ੀਏ ਉੱਪਰ ਹਨ। ਇਹ ਸੰਘਰਸ਼ ਹਿੰਦੋਸਤਾਨ ਅਤੇ ਦੁਨੀਆਂ ਲਈ ਲੜਨ ਦੀਆਂ ਨਵੀਆਂ ਮਿਸਾਲਾਂ ਕਾਇਮ ਕਰਦਾ ਹੋਇਆ ਆਪਣੀ ਮੰਜ਼ਿਲ ਵੱਲ ਲਗਾਤਾਰ ਵਧ ਰਿਹਾ ਹੈ ਅਜੇ ਜੰਗ ਜਾਰੀ ਹੈ...

## ਪੰਜਾਬ ਦੀ ਹੋਂਦ ਬਚਾਉਣ

ਹਰਿਆਣੇ ਦੇ ਲੋਕਾਂ ਨੇ ਮੋਰਚੇ 'ਚ ਦੁੱਧ ਤੇ ਲੱਸੀ ਦੀਆਂ ਨਦੀਆਂ ਵਹਾ ਰੱਖੀਆਂ ਨੇ। ਦੇਸ ਵਿੱਚ ਫੋਟੋਗਰਾਫੀ ਚ ਸਭ ਤੋਂ ਵੱਡੇ ਨਾਮ ਵਾਲਾ ਸਖਸ ਰਘੂ ਰਾਏ ਇਸ ਮਾਹੌਲ ਵਾਰੇ ਸੁਣਕੇ 80 ਸਾਲ ਦੀ ਉਮਰ ਚ' ਵੀ ਆਪਣੇ ਆਪਨੂੰ ਮੋਰਚੇ ਉੱਤੇ ਆਉਣ ਤੋਂ ਰੋਕ ਨਹੀਂ ਸਕਿਆ। ਉਹ ਕਹਿੰਦਾ ਇਸ ਉਮਰ ਚ ਵੀ ਉਹ ਇਸ ਮੋਰਚੇ ਦੀ ਵਾਰ ਵਾਰ ਫੋਟੋਗ੍ਰਾਫੀ ਕਰਨ ਲਈ ਆ ਰਿਹਾ ਹੈ। ਇਸਦਾ ਨਿਰਾਲਾਪਣ ਉਸਨੂੰ ਇਸ ਵੱਲ ਵਾਰ ਵਾਰ ਖਿੱਚ ਰਿਹਾ ਹੈ। ਉਸਦਾ ਕਹਿਣਾ ਹੈ ਕਿ ਸਰਕਾਰ ਨੂੰ ਇਹ ਇਕ ਮਹਿਜ ਪ੍ਰਦਰਸਨ ਨਹੀਂ ਸਮਝਣਾ ਚਾਹੀਦਾ। ਇਹ ਇਕ ਲੋਕਤੰਤਰਿਕ ਜਸਨ ਹੈ। ਇਸਦੀ ਗਹਿਰਾਈ ਨੂੰ ਸਮਝਣਾ ਚਾਹੀਦਾ ਹੈ। ਸਰਕਾਰ ਨੂੰ ਏਨਾ ਲੋਕਾਂ ਦੀਆਂ ਮੰਗਾਂ/ਗੱਲਾਂ ਮੰਨ ਲੈਣੀਆਂ ਚਾਹੀਦੀਆਂ ਨੇ।

ਹਰਿਆਣੇ ਦੇ ਨੌਜਵਾਨ ਮੁੰਡਿਆਂ ਨੇ ਸਹੀਦ ਭਗਤ ਸਿੰਘ ਨੂੰ ਆਪਣੇ ਨਾਇਕ ਵਜੋਂ ਵੱਡੀ ਮਾਨਤਾ ਇਸ ਮੋਰਚੇ ਜਰੀਏ ਦਿਤੀ ਹੈ। ਭਾਵੇ ਭਗਤ ਸਿੰਘ ਦਾ ਸਾਰੇ ਦੇਸ ਵਿਚ ਸਹੀਦ ਵਜੋਂ ਵੱਡਾ ਰੁਤਬਾ ਤੇ ਸਤਿਕਾਰ ਹੈ ਪਰ ਜਿਸ ਤਰਾਂ ਉਹ ਹਰਿਆਣੇ ਦੇ ਨੌਜਵਾਨਾਂ ਦੇ ਮਾਨਸਕਿਤਾ ਚ ਉਭਰਿਆ ਹੈ ਉਹ ਕਮਾਲ ਹੈ। ਸਰ ਛੋਟੂ ਰਾਮ ਹਰਿਆਣੇ ਵਿਚ ਕਿਸਾਨਾਂ ਦਾ ਨਾਇਕ ਹੈ ਅਜਾਦੀ ਤੋਂ ਪਹਿਲਾਂ ਉਸਦੀ ਕਰਜੇ ਚ ਡੁੱਬੀ ਕਿਸਾਨੀ ਨੂੰ ਬਚਾਉਣ ਲਈ ਬਹੁਤ ਅਹਿਮ ਭੂਮਿਕਾ ਰਹੀ। ਉਸਨੇ ਕਈ ਅਜਿਹੇ ਕਾਨੂੰਨ ਬਚਵਾਉਣ ਲਈ ਰਾਹ ਪੱਧਰਾ ਕਰਵਾਇਆ ਸੀ ਜਿਸ ਨਾਲ ਕਿਸਾਨਾਂ ਦੀਆਂ ਜਮੀਨਾਂ ਕੁਰਕ ਹੋਣ ਤੋਂ ਬਚੀਆਂ ਰਹੀਆਂ ਸਨ। ਮੋਰਚੇ 'ਚ ਹਰਿਆਣੇ ਦੇ ਹਰ ਬੈਨਰ ਤੇ ਸਰ ਛੋਟੂ ਰਾਮ ਨਾਲ ਸਹੀਦ ਭਗਤ ਸਿੰਘ ਦੇ ਫੋਟੋ ਲਗੀ ਹੋਈ ਹੈ।

ਇਨਕਲਾਬ ਦਾ ਨਾਅਰਾ ਹੁਣ ਪੰਜਾਬ ਚ ਕੋਈ ਵੱਡੀ ਧੂਹ ਨਹੀਂ ਪਾਉਂਦਾ। ਸਾਇਦ ਇਸ ਕਰਕੇ ਕਿ ਪੰਜਾਬ ਮਾਰਕਸਵਾਦ ਤੋਂ ਬੜੀ ਤੇਜੀ ਨਾਲ ਮੂੰਹ ਮੋੜ ਰਿਹਾ ਹੈ ਤੇ ਬਾਬੇ ਨਾਨਕ ਦੇ ਫਲਸਫੇ ਵਲ ਨੂੰ ਮੁੜ ਖਿੱਚਿਆ ਜਾ ਰਿਹਾ ਹੈ। ਕਿਰਤ ਕਰੋ , ਨਾਮ ਜਪੋ ਤੇ ਵੰਡ ਛਕੋ ਦਾ ਸਿਧਾਂਤ ਪੰਜਾਬ ਦੀ ਸਿਮ੍ਰਿਤੀ ਚ ਡੂੰਘਾ ਉਤਰਦਾ ਦਿਖਾਈ ਦੇ ਰਿਹਾ ਹੈ। ਪੰਜਾਬ ਆਪਣੇ ਵਿਰਸੇ 'ਚ ਆਪਣੇ ਆਪ ਨੂੰ ਤਲਾਸ ਰਿਹਾ ਹੈ। ਉਹ ਵਿਰਸਾ ਜਿਸ ਵਿਚ ਰੂਹਾਨੀ ਤੇ ਸਮਾਜੀ ਇਨਕਲਾਬ ਦੇ ਬੀਜ ਪੰਜ ਸਦੀਆਂ ਪਹਿਲਾਂ ਬੀਜ ਦਿਤੇ ਗਏ ਸਨ। ਪਰ ਕੁਝ ਕਾਰਨ ਜਰੂਰ ਰਹੇ ਹੋਣਗੇ ਕਿ ਇਹਨਾਂ ਬੀਜਾਂ ਨੂੰ ਵੱਡਾ ਹਰਾ ਭਰਾ ਬਾਗ ਬਣਨ 'ਚ ਬਹੁਤ ਦੇਰ ਲੱਗ ਗਈ ਹੈ। ਕਿਸਾਨੀ ਸੰਘਰਸ ਨੇ ਇਸ ਬਾਗ ਦੇ ਮੌਲਣ ਲਈ ਨਵੀਂ ਜਮੀਨ ਤਿਆਰ ਕੀਤੀ ਹੈ। ਸਾਂਝੀਵਾਲਤਾ ਦੇ ਸੰਦੇਸ ਦੀ ਧੂਮ ਚਾਰੇ ਚੁਫੇਰੇ ਪੈਂਦੀ ਸੁਣਦੀ ਹੈ। ਮੋਰਚਾ ਇਕ ਖਾਲਸ ਸੰਸਾਰ ਦੇ ਨਿਰਮਾਣ ਦੀ ਬੁਨਿਆਦ ਬਣ ਗਿਆ ਹੈ। ਇਸ ਪਦਾਰਥਵਾਦੀ ਯੁੱਗ ਵਿਚ ਇਹ ਵਰਤਾਰਾ ਸਮਾਜ ਵਿਗਿਆਨੀਆਂ ਦੀਆਂ ਗਿਆਨ ਇੰਦ੍ਰੀਆਂ ਦੀ ਪਕੜ ਚ ਨਹੀਂ ਆ ਰਿਹਾ। ਕਿਸਾਨੀ ਸੰਘਰਸ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਸਾਂਝੀਵਾਲਤਾ ਵਾਲੇ ਵਿਰਸੇ ਦੀ ਭੱਲ ਹੁਣ ਦੇਸ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ 'ਚ ਵੀ ਬਣਨੀ ਸੁਰੂ ਹੋ ਗਈ ਹੈ। ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕੁਝ 100 ਸਾਲ 'ਚ ਨਹੀਂ ਕਰ ਸਕੀ ਉਹ ਕਿਸਾਨ ਮੋਰਚੇ ਨੇ ਕੁਝ ਹਫਤਿਆਂ 'ਚ ਕਰ ਦਿਖਾਇਆ ਹੈ। ਮੋਰਚੇ ਦੇ ਨਾਲ ਇਹ ਕਮਾਲ ਸੋਸਲ ਮੀਡੀਏ ਨੇ ਵੀ ਕੀਤਾ ਹੈ। ਉਹ ਇਹ ਫਲਸਫੇ ਨੂੰ ਦੂਰ ਤਕ ਲੈਜਾਣ ਦਾ ਜਰੀਆ ਬਣਿਆ ਹੈ।

ਲੋਕਾਈ ਨੂੰ ਸੰਘਰਸ ਨਾਲੋਂ ਸੰਘਰਸ ਨਾਲ ਜੁੜੇ ਲੰਗਰ ਦੇ ਵਰਤਾਰੇ, ਬਾਕਮਾਲ ਸੇਵਾ ਭਾਵ, ਬੱਚਿਆਂ ਤੋਂ ਲੈ ਕੇ ਬੁਜਰਗਾਂ , ਮਾਈਆਂ ਤੇ ਭਾਈਆਂ ਦੀ ਇਸ ਵਿਚ ਸਮੂਲੀਅਤ, ਉਹਨਾਂ ਦੇ ਮਿਸਾਲੀ ਜਜਬੇ, ਦ੍ਰਿੜਤਾ ਤੇ ਪਿਆਰ ਦੇ ਆਏ ਹੜ ਨੇ ਮੰਤਰ ਮੁਗਧ ਕੀਤਾ ਹੋਇਆ। ਵਡੇ ਵਡੇ ਗਾਇਕ ਝਾੜੂ ਨਾਲ ਸਫਾਈ ਨਜਰ ਪੈਂਦੇ ਨੇ। ਚੰਡੀਗੜ੍ਹ ਦੀ ਕੁੜੀ ਦੀ ਥਾਂ ਹੁਣ ਪੰਜਾਬੀ ਗਾਇਕਾਂ ਦੇ ਗੀਤਾਂ ਦਾ ਧਿਆਨ ਕਿਸਾਨ ਤੇ ਕੇਂਦਰਤ ਹੋ ਗਿਆ ਹੈ। ਦਿੱਲੀ ਖਲਨਾਇਕ ਬਣ ਗਈ ਹੈ। ਹਾਲ ਦੀ ਘੜੀ ਗਾਇਕ ਕੁੜੀਆਂ ਦੇ ਲੱਕ ਮਿਨਣੋ ਹਟ ਗਏ ਨੇ। ਉਹ ਖੇਤਾਂ ਤੇ ਪੰਜਾਬ ਦੀ ਮਿੱਟੀ ਨੂੰ ਨਤਮਸਤਕ ਹੋਣ ਲੱਗ ਪਏ ਨੇ। ਉਹ ਆਪਣੇ ਮੂਲ ਸੱਭਿਆਚਾਰਕ ਵਿਰਸੇ ਨਾਲ ਜੁੜਣ ਲਗੇ ਨੇ ਜਿਸ ਤੋਂ ਉਹਨਾਂ ਲੰਬੀ ਦੇਰ ਦੂਰੀ ਬਣਾਈ ਰੱਖੀ। ਉਹਨਾਂ ਦੇ ਚੇਤਿਆਂ 'ਚ ਮੁੜ ਲੋਕ ਨਾਇਕਾਂ ਦਾ ਵਾਸ ਹੋਣ ਲਗਾ ਹੈ।

ਬੁਧੀਜੀਵੀ ਸਟੇਜ ਤੋਂ ਆਪਣਾ ਗਿਆਨ ਲੋਕਾਂ ਨਾਲ ਸਾਂਝੇ ਕਰਦੇ ਦੇਖੇ ਜਾ ਸਕਦੇ। ਡਾਕਟਰ ਮਰੀਜਾਂ ਦੀ ਸੇਵਾ ਚ ਡਟੇ ਹੋਏ ਨੇ। ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੁੰਡੇ ਕੁੜੀਆਂ ਪੇਟਿੰਗਾਂ ਬਣਾਉਣ ਤੇ ਨ੍ਹਾਰੇ ਲਿਖਣ ਚ ਮਸਰੂਫ ਦਿਖਣਗੇ। ਗੁਰੂ ਦੀਆਂ ਲਾਡਲੀਆਂ ਫੌਜਾਂ ਗਤਕੇ ਦੇ ਜੌਹਰ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦੀਆਂ ਮਿਲਣ ਗੀਆਂ। ਭੰਗੀ ਸਿੰਘ ਘੋੜਿਆਂ ਦੀ ਸਵਾਰੀ ਨਾਲ ਆਪਣੀ ਬਹਾਦਰੀ ਭਰਭੂਰ ਕਲਾ ਦਾ ਮੁਹਜਾਰਾ ਕਰਦੇ ਦੇਖੇ ਜਾ ਸਕਦੇ ਨੇ। ਮੋਰਚੇ ਦੇ ਜਲੌਅ ਨੂੰ ਸਬਦਾਂ ਦੀ ਪਕੜ ਚ ਲਿਆਉਣਾ ਅਸੰਭਵ ਹੀ ਨਹੀਂ ਬਲਕਿ ਨਾ ਮੁਮਕਿਨ ਹੈ।

ਕੋਈ ਆਓ , ਕੁਛ ਖਾਓ , ਕੁਛ ਪੀਓ। ਇਹ ਪ੍ਰਵਾਹ ਬੇਪ੍ਰਵਾਹ ਵਰਤ ਰਿਹਾ। ਕੋਈ ਕਿਸੇ ਦੀ ਜਾਤ ਨਹੀਂ ਪੁੱਛਦਾ , ਕੋਈ ਕਿਸੇ ਦਾ ਮਜਬ ਨਹੀਂ ਪੁੱਛਦਾ ਭਾਰਤ ਵਰਗੇ ਦੇਸ 'ਚ ਜਿਥੇ ਜਾਤ ਪਾਤ ਦਾ ਲਾਹਨਤੀ ਵਰਤਾਰੇ ਨੂੰ ਧਰਮ ਸਮਾਨ ਸਨਮਾਨ ਪ੍ਰਾਪਤ ਹੈ, ਜੇਕਰ ਇਹ ਕਿਸਾਨ ਸੰਘਰਸ ਮਹਾਂ ਕੌਤਿਕ ਨਹੀਂ ਤਾਂ ਫਿਰ ਹੋਰ ਕੀ ਹੈ। ਇਸ ਸੰਘਰਸ ਦੀ ਇਹ ਸਭ ਤੋਂ ਵੱਡੀ ਖੂਬਸੂਰਤੀ ਤੇ ਪ੍ਰਾਪਤੀ ਹੈ। ਖਾਲਸਾਈ ਸਾਨਾਂ ਆਪਣੀ ਸਿਖਰ ਵਲ ਵੱਧ ਰਹੀਆਂ ਨੇ। ਇਸ ਦੀ ਲਿਸਕੋਰ ਹੱਦਾਂ ਬੰਨੇ ਟੱਪ ਕੇ ਦੇਸਾਂ ਦੇਸਾਂਤਰਾਂ ਤੱਕ ਫੈਲ ਗਈ ਹੈ।

ਇਹ ਅਦੁਭੁਤ ਲੋਕ ਲਹਿਰ ਨੇ ਨਵਾਂ ਇਤਿਹਾਸ ਸਿਰਜਿਆ ਹੈ। ਨਿਸਚੇ ਹੀ ਇਸਦਾ ਸਿਹਰਾ ਕਿਸਾਨ ਆਗੂਆਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਹੁਣ ਤੱਕ ਇਸਦੇ ਸਿਰਜਣਾ 'ਚ ਸਾਨਦਾਰ ਰੋਲ ਨਿਭਾਇਆ ਹੈ। ਕਿਸਾਨ ਆਗੂ ਆਪਣੀ ਸਮਝ, ਵਿਦਵਤਾ ਦਾ ਲੋਹਾ ਸਰਕਾਰ ਨੂੰ ਮਨਵਾ ਚੁਕੇ ਨੇ। ਉਹਨਾਂ ਦਾ ਸਰਕਾਰ ਨਾਲ ਗੱਲਬਾਤ ਚ ਪਲੜਾ ਹੁਣ ਤਕ ਭਾਰੀ ਰਿਹਾ ਹੈ।ਕਸਾਨਾਂ ਨੇ ਰਾਜਨੀਤਕ ਲੋਕਾਂ ਨੂੰ ਨੇੜ੍ਹੇ ਫੜਕਣ ਨਹੀਂ ਦਿੱਤਾ। ਉਹ ਸਟੇਜ ਤੋਂ ਨਹੀਂ ਬੋਲ ਸਕਦੇ ਬੱਸ ਸਾਹਮਣੇ ਇਕੱਠ ਚ ਬੈਠ ਸਕਦੇ ਨੇ। ਪਰ ਬਹੁਤੇ, ਖਾਸ ਕਰਕੇ ਉਹ ਜਿਨ੍ਹਾਂ ਨੂੰ ਆਪਣੀ ਦਿਆਨਤਦਾਰੀ ਤੇ ਭਰੋਸਾ ਨਹੀਂ, ਉਹ ਡਰਦੇ ਓਧਰ ਨੂੰ ਮੂੰਹ ਨਹੀਂ ਕਰਦੇ। ਕਿਤੇ ਨਾ ਕਿਤੇ ਇਹ ਮੋਰਚਾ ਬਹੁਤੇ ਰਾਜਨੀਤਕ ਲੋਕਾਂ ਨੂੰ ਸਤਾ ਜਰੂਰ ਰਿਹਾ। ਏਨੇ ਵਡੇ ਲੋਕ ਘੋਲ ਤੋਂ ਦੂਰ ਰਹਿਣਾ ਉਨ੍ਹਾਂ ਅੰਦਰ ਵਡੀ ਬੇਚੈਨੀ ਜਰੂਰ ਪੈਦਾ ਕਰਦਾ ਹੋਊ।

ਇਹ ਮੋਰਚਾ ਨਫਰਤ ਦੀ ਰਾਜਨੀਤੀ ਤੇ ਕਰਾਰੀ ਚੁਪੇੜ ਸਾਬਿਤ ਹੋ ਰਿਹਾ।ਇਹ ਲੋਕਾਂ ਨੂੰ ਪਿਆਰ ਨਾਲ ਜੋੜਨ ਦਾ ਸੰਦੇਸ ਦਿੰਦਾ ਹੈ।

ਇਸ ਕਿਸਾਨੀ ਘੋਲ ਨੇ ਪੰਜਾਬ ਦੀ ਜਵਾਨੀ ਨੂੰ ਨਵੇਂ ਸਿੱਧੇ ਰਾਹ ਹੀ ਨਹੀਂ ਪਾਇਆ ਸਗੋਂ ਉਸਨੂੰ ਆਪਣੇ ਵਿਰਸੇ ਦੀਆਂ ਮਹਾਨ ਰਵਾਇਤਾਂ ਦੇ ਦਰਸਨ ਵੀ ਕਰਵਾਏ ਨੇ। ਉਹਨਾਂ ਲਈ ਇਸ ਘੋਲ ਨੇ ਆਪਣੇ ਵਿਰਸੇ ਨੂੰ ਜੀਣ ਤੇ ਹੰਢਾਉਣ ਦਾ ਮਾਹੌਲ ਸਿਰਜਿਆ ਹੈ। ਤੇ ਨਾਲ ਹੀ ਪੰਜਾਬ ਦੀ ਜਵਾਨੀ ਨੂੰ ਪੰਜਾਬ ਦੀ ਹੋਂਦ ਬਚਾਈ ਰੱਖਣ ਤੇ ਇਸਦੀ ਜ਼ਮੀਨ ਨੂੰ ਹਰਿਆ ਭਰਿਆ ਰੱਖਣ ਦੀ ਵੱਡੀ ਜਿੰਮੇਵਾਰੀ ਵੀ ਸੌਂਪ ਦਿਤੀ ਹੈ ਕੰਵਰ ਗਰੇਵਾਲ ਦੇ ਗੀਤ ਦੇ ਬੋਲ 'ਜਿੰਦਾਬਾਦ ਨੀ ਜਵਾਨੀਏ' ਸ਼ਾਬਾਸ਼ ਵੀ ਦਿੰਦੇ ਨੇ ਅਤੇ ਇਤਿਹਾਸਕ ਸੰਘਰਸ਼ ਤੋਂ ਪ੍ਰੇਰਨਾ ਲੈ ਪੰਜਾਬ ਦੇ ਵਿਰਸੇ ਨੂੰ ਸੰਭਾਲਣ ਲਈ ਮੈਦਾਨ ਵਿੱਚ ਡਟੇ ਰਹਿਣ ਦਾ ਸੁਨੇਹਾ ਵੀ।

## ਕਿਸਾਨਾਂ ਵੱਲੋਂ ਦਿੱਲੀ...

ਸਰਕਾਰੀ ਅੰਕੜਿਆਂ ਮੁਤਾਬਿਕ ਖੇਤੀ ਸੈਕਟਰ 41 ਪ੍ਰਤੀਸ਼ਤ ਕਾਮਿਆਂ ਨੂੰ ਰੁਜ਼ਗਾਰ ਦਿੰਦਾ ਜਦੋਂ ਕਿ ਇੰਡਸਟਰੀ ਵਿੱਚ ਰੁਜ਼ਗਾਰ ਘੱਟ ਕੇ 26 ਪ੍ਰਤੀਸ਼ਤ ਹੀ ਰਹਿ ਗਏ ਹਨ। 'ਆਟੋਮੇਸ਼ਨ' ਅਤੇ ਹੋਰ ਤਕਨੀਕੀ ਤਰੱਕੀ ਨਾਲ ਅਤੇ ਬਨਾਵਟੀ/ਮਸਨੂਈ ਬੌਧਿਕਤਾ ਦੇ ਇੰਡਸਟਰੀ ਵਿੱਚ ਆ ਜਾਣ ਨਾਲ, ਇਸ ਸੈਕਟਰ ਵਿੱਚ ਰੁਜ਼ਗਾਰ ਹੋਰ ਵੀ ਘਟਣਗੇ। ਇਹ ਕਹਿ ਲਵੋ ਖੇਤੀ ਸੈਕਟਰ ਵਿੱਚੋਂ ਵਿਹਲੀ ਹੋਈ ਕਾਮਿਆਂ ਦੀ ਫੌਜ ਨੂੰ ਕਿਹੜਾ ਸੈਕਟਰ ਨੌਕਰੀ ਦੇਵੇਗਾ? ਜੇ ਕਾਰਪੋਰੇਟ ਪੱਖੀ ਨਵੇਂ ਖੇਤੀ ਕਾਨੂੰਨ ਲਾਗੂ ਹੋ ਜਾਂਦੇ ਹਨ ਤਾਂ ਚਾਲੂ ਏ.ਐਮ. ਪੀ.ਸੀ. ਮੰਡੀਆਂ ਟੁੱਟ ਜਾਣਗੀਆਂ, ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਨਹੀਂ ਮਿਲੇਗਾ। ਜਿਥੇ-ਜਿਥੇ ਰੈਗੂਲੇਟਿਡ ਮੰਡੀਆਂ ਟੁੱਟ ਗਈਆਂ ਹਨ, ਜਿਵੇਂ ਬਿਹਾਰ ਵਿੱਚ, ਕਿਸਾਨਾਂ ਨੂੰ ਝੋਨੇ ਅਤੇ ਕਣਕ ਦੀ ਸਮਰਥਨ ਮੁੱਲ ਤੋ ਅੱਧੀ ਕੀਮਤ ਹੀ ਮਿਲਦੀ ਹੈ। ਪੰਜਾਬ ਵਿੱਚ ਤਾਂ ਟਿਊਬਵੈਲਾਂ, ਖੇਤੀ ਜ਼ਮੀਨਾਂ ਅਤੇ ਖੇਤੀ ਮਸ਼ੀਨਰੀ ਉੱਤੇ ਪਹਿਲਾਂ ਹੀ ਬਹੁਤ ਨਿੱਜੀ ਨਿਵੇਸ ਹੋਇਆ ਹੈ। ਜੇ ਸਰਕਾਰ ਕਣਕ/ਝੋਨੇ ਦੀ ਖਰੀਦ ਤੋਂ ਹੱਥ ਖਿੱਚ ਲੈਂਦੀ ਹੈ ਤਾਂ ਕਿਸਾਨੀ ਹਮੇਸ਼ਾਂ ਲਈ ਬਰਬਾਦ ਹੋ ਜਾਵੇਗੀ। ਕਿਸਾਨੀ ਦੇ ਨਾਲ ਨਾਲ ਖੇਤ ਮਜ਼ਦੂਰ ਵੀ ਤਬਾਹ ਹੋਣਗੇ ਕਿਉਂਕਿ ਖੇਤੀ, ਜਿਨਸਾਂ ਦੀ ਮੰਡੀਆਂ ਅਤੇ ਢੋ-ਢੁਆਈ ਤੋਂ ਬਾਹਰ ਇੰਡਸਟਰੀ ਵਿੱਚ ਉਹਨਾਂ ਨੂੰ ਵੀ ਕੋਈ ਰੁਜ਼ਗਾਰ ਨਹੀਂ ਮਿਲਣਗੇ। ਖੇਤੀ ਕਾਨੂੰਨ ਰਾਹੀਂ 'ਠੇਕਾ ਖੇਤੀ' ਨੂੰ ਉਤਸ਼ਾਹਿਤ ਕਰਨਾ ਕਾਰਪੋਰੇਟ ਬਘਿਆੜਾਂ ਅੱਗੇ ਗਰੀਬ ਕਿਸਾਨਾਂ ਨੂੰ ਝੋਕਣ ਦੇ ਬਰਾਬਰ ਹੈ।

ਬਾਕੀ, ਫੂਡ ਕਾਰਪੋਰੇਸ਼ਨ ਇੰਡੀਆ (ਐਫ. ਸੀ.ਆਈ.) ਦੇ ਘੁਟਾਲੇ, ਜਿਨਸਾਂ ਨੂੰ ਸਾਂਭ ਸੰਭਾਲ ਵਿੱਚ ਅਣਗਹਿਲੀ ਰਾਹੀਂ ਹੁੰਦੇ ਵੱਡੇ ਘਾਟੇ ਨੂੰ ਸਰਕਾਰ ਕਿਸਾਨੀ ਦੇ ਗਲ ਮੜ੍ਹ ਰਹੀ ਹੈ। ਜਦੋਂ ਐਫ. ਸੀ.ਆਈ. ਦੀਆਂ ਹੇਰਾਫੇਰੀਆਂ ਲਈ ਸਰਕਾਰ ਖੁਦ ਜ਼ਿੰਮੇਵਾਰ ਹੈ। ਅਨਾਜ ਦੇ ਸਟਾਕ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ, ਭਾਰਤ ਆਪਣੀ "ਫੂਡ ਸਕਿਊਰਿਟੀ" ਕਿਵੇਂ ਕਾਇਮ ਰੱਖੇਗਾ? ਸਰਕਾਰ ਇਹ ਗਲਤ ਪ੍ਰਚਾਰ ਵੀਂ ਕਰ ਰਹੀ ਹੈ ਕਿ ਐਫ. ਸੀ.ਆਈ. ਕੋਲ ਲੋੜ ਤੋਂ ਤਿੰਨ ਗੁਣਾਂ ਸਟਾਕ ਇਕੱਠਾ ਹੋ ਗਿਆ। ਅਸਲੀਅਤ ਇਹ ਹੈ ਕਿ ਇਹ ਸਾਰੇ ਸਟਾਕ ਇੱਕ ਵਾਰ ਸੋਕਾ ਪੈਣ ਜਾਂ ਖੇਤੀ ਕੁਦਰਤੀ ਆਫਤ ਦੀ ਮਾਰ ਝੱਲਣ ਲਈ ਵੀ ਕਾਫੀ ਨਹੀਂ। ਭਾਰਤ 300 ਮਿਲੀਅਨ ਟਨ ਸਲਾਨਾ ਅਨਾਜ ਪੈਦਾ ਕਰਦਾ ਜਦੋਂ ਕਿ ਚੀਨ 600 ਮਿਲੀਅਨ ਟਨ ਚੀਨ ਅਤੇ ਭਾਰਤ ਦੀ ਅਬਾਦੀ ਅੱਜ ਕੱਲ੍ਹ ਤਕਰੀਬਨ ਬਰਾਬਰ ਹੈ। ਪਰ ਚੀਨ ਅਜੇ ਵੀ ਅਨਾਜ ਬਾਹਰੋਂ ਮੰਗਵਾਉਂਦਾ ਹੈ ਜਿਸ ਦਾ ਮਤਲਬ ਹੈ ਕਿ ਚੀਨ ਵਿੱਚ ਪ੍ਰਤੀ ਜੀਅ ਅਨਾਜ ਦੀ ਮਾਤਰਾ ਭਾਰਤ ਤੋਂ ਕਿਤੇ ਵੱਧ ਹੈ। ਇਸ ਕਰਕੇ ਭਾਰਤ ਵਿੱਚ ਭੁੱਖਮਰੀ ਵੱਧ ਹੈ। ਆਦਮੀ, ਔਰਤਾਂ ਅਤੇ ਬੱਚੇ ਵੱਡੇ ਪੱਧਰ ਉੱਤੇ ਖਾਦ-ਖੁਰਾਕ ਦੀ ਕਮੀ/ ਕੁਪੋਸ਼ਣ ਦੇ ਸ਼ਿਕਾਰ ਹਨ। ਮੋਦੀ ਸਰਕਾਰ ਨੇ ਤਾਂ ਲਾਕਡਾਉਨ ਸਮੇਂ ਬਾਰਾਂ ਕਰੋੜ ਦੇਸ਼ ਅੰਦਰਲੀ ਚਲਦੀ ਫਿਰਦੀ ਲੇਬਰ ਨੂੰ ਖੁੱਲ੍ਹੇ ਦਿਲ ਨਾਲ ਅਨਾਜ ਨਹੀਂ ਵੰਡਿਆ। ਜੇ ਦੇਸ਼ ਕੋਲ ਆਪਣੇ 'ਫੂਡ ਸਟਾਕ' ਨਹੀਂ ਤਾਂ ਉਸਨੂੰ ਭਾਰਤ ਦੇ 'ਮਹਾਨ' ਹੋਣ ਦੇ ਦਮਗਜੇ ਮਾਰਨੇ ਛੱਡ ਦੇਣੇ ਚਾਹੀਦੇ ਹਨ। ਅਸਲ ਵਿੱਚ 1990ਵਿਆਂ ਤੋਂ ਸ਼ੁਰੂ ਆਰਥਿਕ ਉਦਾਰਵੰਦ ਪਾਲਿਸੀਆਂ ਦੇ ਅਧੀਨ, ਲੰਬੇ ਸਮੇਂ ਤੋਂ ਸਰਕਾਰਾਂ ਖੇਤੀ ਨੂੰ ਕਾਰਪੋਰੇਟ ਦੇ ਹੱਥ ਫੜਾਉਣ ਨੂੰ ਤਿਆਰ ਸਨ ਪਰ ਮੋਦੀ ਸਰਕਾਰ ਨੇ ਇਹ ਕਾਰਾ ਕਰ ਵਿਖਾਇਆ। ਅਜਿਹੇ ਧੱਕੜ ਫੈਸਲਿਆਂ ਕਰਕੇ, ਸਰਕਾਰ ਦੇ ਅੰਦਾਜ਼ਿਆਂ ਤੋਂ ਕਿਤੇ ਵੱਧ ਕਿਸਾਨੀ ਅੰਦੋਲਨ ਉੱਠ ਖੜ੍ਹਾ ਹੈ। ਇਹ ਮੋਦੀ ਸਰਕਾਰ ਅਤੇ ਕਾਰਪੋਰੇਟ ਦੋਨਾਂ ਨੂੰ ਜਬਰਦਸਤ ਟੱਕਰ ਦੇ ਰਿਹਾ ਹੈ। ਕਿਸਾਨੀ ਅੰਦੋਲਨ ਦੇਸ਼ ਦੀ ਸਮੁੱਚੀ ਸਿਆਸਤ ਵਿੱਚ ਵੱਡੀਆਂ ਤਬਦੀਲੀਆਂ ਲਿਆਉਣ ਦਾ ਸੂਚਕ ਹੈ ਜਿਸਨੇ ਪਹਿਲਾਂ ਹੀ ਮੋਦੀ ਸਰਕਾਰ ਨੂੰ ਕੁੜਿਕੀ ਵਿੱਚ ਫਸਾ ਲਿਆ ਹੈ



ਪਾਪਾ ਕਹਿੰਦੇ, "ਤੂੰ ਮੇਰਾ ਸ਼ੇਰ ਪੁਤ..."

ਅੱਜ ਪਾਪਾ ਨੂੰ ਦਿੱਲੀ ਗਿਆਂ ਕਾਫੀ ਦਿਨ ਹੋ ਗਏ ਮੰਮੀ ਕਹਿੰਦੀ ਚੱਲ ਪੁੱਤ ਕਣਕ ਨੂੰ ਪਾਣੀ ਲਾ ਦੇਈਏ, ਪਾਪਾ ਮੈਨੂੰ ਖੇਤ ਨੂੰ ਨਹੀ ਜਾਣ ਦਿੰਦੇ ਸੀ ਹਮੇਸ਼ਾ ਕਹਿੰਦੇ ਸੀ ਤੁਸੀ ਪੜ੍ਹੋ ਲਿਖੋ, ਬੱਸ ਖੇਤ ਨਹੀ ਜਾਣਾ। ਅੱਜ ਮੰਮੀ ਨਾਲ ਖੇਤ ਜਾ ਕੇ ਪਤਾ ਲਗਿਆ ਸਾਡੇ ਪਾਪਾ ਕਿਵੇਂ ਹੱਡ ਤੋੜ ਮਿਹਨਤ ਕਰਦੇ ਸੀ ਤੇ ਸਾਨੂੰ ਸਭ ਕੁਛ ਖਰੀਦ ਕੇ ਦਿੰਦੇ ਸੀ, ਕਦੇ ਕਿਸੇ ਚੀਜ ਦੀ ਕਮੀ ਨਹੀ ਸੀ ਆਉਣ ਦਿੰਦੇ, ਅੱਜ ਮੈ ਸਵੇਰ ਦੀ ਮੰਮੀ ਨਾਲ ਕੰਮ ਕਰਵਾ ਰਹੀ ਹਾਂ, ਪਾਪਾ ਦਾ ਫੋਨ ਆਇਆ ਕਿੰਨੀਆਂ ਅਸੀਸਾਂ ਦੇ ਰਹੇ ਸਨ। ਮੈਨੂੰ ਕਹਿੰਦੇ ਤੂੰ ਮੇਰਾ ਸ਼ੇਰ ਪੁੱਤ ਏ ਘਰ ਦਾ ਕੰਮ ਸਭਾਲ ਲਿਆ ਤੇ ਨਾਲੇ ਰੋ ਰਹੇ ਸਨ। ਮੇਰੇ ਫੇਸਬੁੱਕ ਵਾਲੇ ਸਾਰੇ ਅੰਕਲ ਵੀਰ ਭੈਣ ਸਭ ਇਹ ਪੋਸਟ ਕੋਪੀ ਕਰਕੇ ਜਾ ਸ਼ੇਅਰ ਕਰਕੇ ਮੋਦੀ ਕੋਲ ਪਹੁੰਚਦੀ ਕਰੋ ਤਾਂ ਜੋ ਮੋਦੀ ਨੂੰ ਪਤਾ ਲੱਗੇ ਅੱਜ ਦੀ ਰਾਣੀ ਝਾਂਸੀ ਕੰਗਣਾ ਨਹੀਂ ਪੰਜਾਬ ਦੀ ਧੀ ਹੈ

# ਦੁਨੀਆਂ ਭਰ ਦੇ ਪੰਜਾਬੀਆਂ ਨੇ ਜਨਮਭੂਮੀ ਨਾਲ ਮੋਹ ਦੀ ਕਾਇਮ ਕੀਤੀ ਮਿਸਾਲ

ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਅਮਰੀਕਾ ਦੇ ਵੱਖ ਸੂਬਿਆਂ ਵਿੱਚ ਵਸਦੇ ਵਸਦੇ ਪੰਜਾਬੀਆਂ ਵਲੋਂ ਅਮਰੀਕਾ, ਕਨੇਡਾ ਅਤੇ ਹੋਰਨੀਂ ਥਾਈਂ ਕੀਤੇ ਰੋਸ ਮੁਜ਼ਾਹਰੇ ਆਪਣੀ ਮਿਸਾਲ ਆਪ ਸਨ, ਬੇਸ਼ੱਕ ਪਹਿਲਾਂ ਵੀ ਸਿੱਖ ਵਰ੍ਹਿਆਂ ਤੋਂ ਵੱਖ ਵੱਖ ਮੁਲਕਾਂ ਵਿੱਚ ਭਾਰਤੀ ਅੰਬੈਂਸੀਆਂ ਅੱਗੇ ਹਰ ਸਾਲ ਜੂਨ ਅਤੇ ਨਵੰਬਰ ਵਿੱਚ ਰੋਸ ਮੁਜ਼ਾਹਰੇ ਕਰਦੇ ਆ ਰਹੇ ਹਨ। ਪਰ ਕਿਸਾਨ ਪੱਖੀ ਰੋਸ ਮੁਜ਼ਾਹਰਿਆਂ ਨੂੰ ਮਿਲਿਆ ਹੁੰਗਾਰਾ ਲਾਮਿਸਾਲ ਹੋਣ ਕਾਰਨ ਦੇਸ਼ ਵਿਦੇਸ਼ ਵਿੱਚ ਸਿੱਖਾਂ ਦੀ ਹੋਂਦ ਦੇ ਝੰਡੇ ਉੱਚੇ ਹੋਏ ਹਨ




ਅਮਰੀਕਾ ਦੇ ਉੱਘੇ ਸ਼ਹਿਰ ਨਿਊਯਾਰਕ ਵਿੱਚ ਕਿਸਾਨ ਅੰਦੋਲਨ ਦੇ ਪੱਖ ਵਿੱਚ ਉਮੜੇ ਪੰਜਾਬੀ




ਸੈਨਫਰਾਂਸਿਸਕੋ ਦੇ ਇਤਿਹਾਸ ਪਹਿਲੀ ਇੰਨੀ ਵੱਡੀ ਅਤੇ ਸ਼ਾਂਤਮਈ ਰੈਲੀ ਨੇ ਆਮ ਲੋਕਾਂ ਦੇ ਮਨਾਂ 'ਚ ਸਿੱਖਾਂ ਦਾ ਸਤਿਕਾਰ ਵਧਾਇਆ




ਪੰਜਾਬੀਆਂ ਦਾ ਗੜ੍ਹ ਸਮਝੇ ਜਾਂਦੇ ਟੋਰਾਂਟੋ ਏਰੀਆ ਵਿੱਚ ਪੰਜਾਬੀਆਂ ਦਾ ਰੌਂਅ ਵੇਖਣ ਹੀ ਵਾਲਾ ਸੀ




ਦੂਜੇ ਪੰਜਾਬ ਵਜੋਂ ਜਾਣੇ ਜਾਂਦੇ ਸਰੀ ਸ਼ਹਿਰ ਦੀਆਂ ਸੰਗਤਾਂ ਨੇ ਪੰਜਾਬੀਅਤ ਦੇ ਝੰਡੇ ਗੱਡੇ




ਪੰਜਾਬੀਆਂ ਨੇ ਲੰਡਨ ਦੀਆਂ ਗਲੀਆਂ ਵਿੱਚ ਗੂੰਜਾਏ ਜੈਕਾਰੇ ਤੇ ਲਲਕਾਰੇ




ਕੈਲੀਫੋਰਨੀਆਂ ਦੇ ਰਾਜਧਾਨੀ ਵਾਲੇ ਸ਼ਹਿਰ ਸੈਕਰਾਮੈਂਟੋ ਵਿੱਚ ਕਿਸਾਨ ਰੈਲੀ ਦੇ ਯਾਦਗਾਰੀ ਦ੍ਰਿਸ਼